




PUNJABSTAR.COM

# ਪੰਜਾਬ ਸਟਾਰ

Phone: 905-673-7666 , Fax: 1-289-206-8611 | 03 ਸਤੰਬਰ ਤੋਂ 09 ਸਤੰਬਰ, 2026 | Email :- editor@punjabstar.com, Vo. 20. Issue:1253


## ਅਮਰੀਕਾ ਨੇ ਇਰਾਨ 'ਚ ਵਿਆਹ ਸਮਾਰੋਹ 'ਤੇ ਕੀਤਾ ਹਮਲਾ

### 5 ਮੌਤਾਂ, 50 ਤੋਂ ਵੱਧ ਜ਼ਖ਼ਮੀ

### ਇਰਾਨ ਨੇ ਵੀ ਜੌਰਡਨ ਅਤੇ ਬਹਿਰੀਨ 'ਚ ਕੀਤੇ ਜਵਾਬੀ ਹਮਲੇ



(ਪੰਜਾਬ ਸਟਾਰ ਬਿਓਰੋ): ਅਮਰੀਕਾ ਨੇ ਇੱਕ ਵਾਰ ਫਿਰ ਇਰਾਨ 'ਤੇ ਹਮਲਾ ਕੀਤਾ ਹੈ। ਅਮਰੀਕੀ ਸੈਂਟਰਲ ਕਮਾਂਡ ਨੇ ਇਰਾਨੀ ਫੌਜੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ, ਜਿਨ੍ਹਾਂ ਵਿੱਚ ਹਵਾਈ ਰੱਖਿਆ ਸਥਾਨ, ਰਾਡਾਰ ਪ੍ਰਣਾਲੀਆਂ, ਸਮੁੰਦਰੀ ਸਹੂਲਤਾਂ, ਬਾਰੂਦੀ ਸੁਰੰਗਾਂ ਵਿਛਾਉਣ ਦੀਆਂ ਸਮਰੱਥਾਵਾਂ ਅਤੇ ਸੰਚਾਰ ਕੇਂਦਰ ਸ਼ਾਮਲ ਹਨ।

ਇਰਾਨ ਦੇ ਅਨੁਸਾਰ, ਦੱਖਣੀ ਇਰਾਨ ਦੇ ਸਿਰਿਕ ਖੇਤਰ ਵਿੱਚ ਇੱਕ ਵਿਆਹ ਸਮਾਰੋਹ ਦੌਰਾਨ ਅਮਰੀਕਾ ਵੱਲੋਂ ਹਮਲਾ ਕੀਤਾ ਗਿਆ। ਇਸ ਵਿੱਚ ਪੰਜ ਲੋਕ ਮਾਰੇ ਗਏ ਅਤੇ 50 ਤੋਂ ਵੱਧ ਜ਼ਖ਼ਮੀ ਹੋ ਗਏ। ਹਮਲੇ ਤੋਂ ਬਾਅਦ ਸਾਹਮਣੇ ਆਈਆਂ ਵੀਡੀਓਜ਼ ਅਤੇ ਤਸਵੀਰਾਂ ਵਿੱਚ ਜ਼ਖ਼ਮੀ ਬੱਚੇ ਹਸਪਤਾਲ ਵਿੱਚ ਇਲਾਜ ਕਰਵਾਉਂਦੇ ਹੋਏ ਦਿਸ ਰਹੇ ਹਨ।

ਰਿਪੋਰਟਾਂ ਅਨੁਸਾਰ, ਇਰਾਨ ਦੇ ਖੁਜ਼ੇਸਤਾਨ ਸੂਬੇ ਵਿੱਚ ਅਮਰੀਕਾ ਦੇ ਇੱਕ ਹਮਲੇ ਵਿੱਚ ਸੱਤ ਲੋਕ ਮਾਰੇ ਗਏ ਅਤੇ ਅੱਠ ਜ਼ਖ਼ਮੀ ਹੋ ਗਏ। ਇਸ ਦੇ ਜਵਾਬ ਵਿੱਚ, ਇਰਾਨ ਨੇ ਜੌਰਡਨ ਅਤੇ ਬਹਿਰੀਨ ਵਿੱਚ ਅਮਰੀਕੀ ਫੌਜੀ ਅੱਡਿਆਂ ਨੂੰ ਨਿਸ਼ਾਨਾ ਬਣਾਉਣ ਦਾ ਦਾਅਵਾ ਕੀਤਾ ਹੈ।

ਇਸ ਦੌਰਾਨ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਇਰਾਨ ਨਾਲ ਕਿਸੇ ਸਮਝੌਤੇ ਦੀ ਕੋਈ ਲੋੜ ਨਹੀਂ ਹੈ। ਟਰੰਪ ਅਨੁਸਾਰ, ਅਮਰੀਕਾ ਦਾ 'ਸਟਰੇਟ * ਬਾਕੀ ਸਫ਼ਾ 2 'ਤੇ

## ਨੇਪਾਲ ਅਤੇ ਤਿੱਬਤ 'ਚ ਹੜ੍ਹਾਂ ਕਾਰਨ ਭਾਰੀ ਤਬਾਹੀ; 1,250 ਲੋਕਾਂ ਦੀ ਮੌਤ

### ਡਰੋਨਾਂ ਰਾਹੀਂ ਹਜ਼ਾਰਾਂ ਲਾਪਤਾ ਲੋਕਾਂ ਦੀ ਭਾਲ ਜਾਰੀ



(ਪੰਜਾਬ ਸਟਾਰ ਬਿਓਰੋ): ਨੇਪਾਲ ਅਤੇ ਤਿੱਬਤ ਵਿੱਚ ਆਏ ਅਚਾਨਕ ਅਤੇ ਭਿਆਨਕ ਹੜ੍ਹਾਂ ਕਾਰਨ ਮਰਨ ਵਾਲਿਆਂ ਦੀ ਗਿਣਤੀ 1,250 ਹੋ ਗਈ ਹੈ। ਬਚਾਅ ਕਰਮਚਾਰੀ ਮੀਂਹ ਅਤੇ ਮਲਬੇ ਦੇ ਵਿਚਕਾਰ ਲੋਕਾਂ ਦੀ ਭਾਲ ਵਿੱਚ ਲੱਗੇ ਹੋਏ ਹਨ। ਖਦਸ਼ਾ ਹੈ ਕਿ ਲੋਕ ਭੋਟੇ ਕੋਸ਼ੀ ਨਦੀ ਦੇ ਨਾਲ ਬਣੀਆਂ ਸੁਰੰਗਾਂ ਅਤੇ ਨੇਪਾਲ ਵਿੱਚ ਭੂਮੀਗਤ ਬਿਜਲੀ ਘਰਾਂ ਵਿੱਚ ਫਸੇ ਹੋ ਸਕਦੇ ਹਨ।

ਪ੍ਰਧਾਨ ਮੰਤਰੀ ਬਲੇਂਦਰ ਸ਼ਾਹ ਨੇ ਕਿਹਾ ਹੈ ਕਿ ਅੰਤਰਰਾਸ਼ਟਰੀ ਭਾਈਚਾਰੇ ਦੇ ਸਾਹਮਣੇ ਜਲਵਾਯੂ ਤਬਦੀਲੀ ਨਾਲ ਸਬੰਧਤ ਇਸ ਆਫ਼ਤ ਦੇ ਮੁੱਦੇ ਨੂੰ ਜ਼ੋਰਦਾਰ ਢੰਗ ਨਾਲ ਉਠਾਉਣ ਦੀ ਲੋੜ ਹੈ। ਉਨ੍ਹਾਂ ਦਾ ਇਹ ਬਿਆਨ ਅਜਿਹੇ ਸਮੇਂ ਆਇਆ ਹੈ * ਬਾਕੀ ਸਫ਼ਾ 2 'ਤੇ

## ਅਮਰੀਕਾ 'ਚ ਜਨਮ ਲੈਂਦੇ ਹੀ ਨਾਗਰਿਕਤਾ ਦਾ ਹੱਕ ਮਿਲੇਗਾ ਜਾਂ ਨਹੀਂ?

### ਟਰੰਪ ਨੂੰ ਅਦਾਲਤ ਤੋਂ ਮੁੜ ਵੱਡਾ ਝਟਕਾ



ਵਾਸ਼ਿੰਗਟਨ, (ਪੰਜਾਬ ਸਟਾਰ ਬਿਓਰੋ): ਅਮਰੀਕਾ ਵਿੱਚ ਇਮੀਗ੍ਰੇਸ਼ਨ ਨੀਤੀ ਨੂੰ ਸਖ਼ਤ ਕਰਨ ਦੀ ਕੋਸ਼ਿਸ਼ ਕਰ ਰਹੇ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਇੱਕ ਵਾਰ ਫਿਰ ਅਦਾਲਤ ਤੋਂ ਝਟਕਾ ਲੱਗਾ ਹੈ। ਮੈਰੀਲੈਂਡ ਦੀ ਇੱਕ ਫੈਡਰਲ ਅਦਾਲਤ ਨੇ ਟਰੰਪ ਸਰਕਾਰ ਦੇ ਉਸ ਨਵੇਂ ਹੁਕਮ ਨੂੰ ਲਾਗੂ ਕਰਨ ਤੋਂ ਰੋਕ ਦਿੱਤਾ ਹੈ, ਜਿਸ ਰਾਹੀਂ ਅਮਰੀਕਾ ਦੀ ਧਰਤੀ 'ਤੇ ਜਨਮ ਲੈਣ ਵਾਲੇ ਬੱਚਿਆਂ ਨੂੰ ਮਿਲਣ ਵਾਲੀ ਨਾਗਰਿਕਤਾ ਦੇ ਨਿਯਮਾਂ ਨੂੰ ਸੀਮਤ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ।

**ਜੱਜ ਨੇ ਹੁਕਮ 'ਤੇ ਲਾਈ ਸ਼ੁਰੂਆਤੀ ਰੋਕ**

ਅਮਰੀਕੀ ਜ਼ਿਲ੍ਹਾ ਜੱਜ ਡੇਬੋਰਾ ਬੋਰਡਮੈਨ ਨੇ ਬੁੱਧਵਾਰ, 2 ਸਤੰਬਰ ਨੂੰ ਟਰੰਪ ਸਰਕਾਰ ਦੇ ਹੁਕਮ ਖ਼ਿਲਾਫ਼ ਸ਼ੁਰੂਆਤੀ ਰੋਕ ਲਗਾਈ। ਰਿਪੋਰਟ ਮੁਤਾਬਕ ਮਨੁੱਖੀ ਅਧਿਕਾਰਾਂ ਲਈ ਕੰਮ ਕਰਨ ਵਾਲੀਆਂ ਸੰਸਥਾਵਾਂ ਨੇ ਟਰੰਪ ਵੱਲੋਂ 6 ਅਗਸਤ ਨੂੰ ਜਾਰੀ ਕੀਤੇ ਕਾਰਜਕਾਰੀ ਹੁਕਮ ਨੂੰ ਅਦਾਲਤ ਵਿੱਚ ਚੁਣੌਤੀ ਦਿੱਤੀ ਸੀ।

ਇਸ ਹੁਕਮ ਦਾ ਨਿਸ਼ਾਨਾ ਉਨ੍ਹਾਂ ਲੋਕਾਂ 'ਤੇ ਸੀ, ਜਿਨ੍ਹਾਂ ਬਾਰੇ ਟਰੰਪ ਸਰਕਾਰ ਦਾ ਦੋਸ਼ ਹੈ ਕਿ ਉਹ ਸੈਰ-ਸਪਾਟੇ ਦੇ ਨਾਂ 'ਤੇ ਅਮਰੀਕਾ ਆਉਂਦੇ ਹਨ ਪਰ ਅਸਲ ਮਕਸਦ ਬੱਚੇ ਨੂੰ ਜਨਮ ਦੇਣਾ ਹੁੰਦਾ ਹੈ। ਇਸਨੂੰ 'ਬਿਰਥ ਟੂਰਿਜ਼ਮ' ਕਿਹਾ ਗਿਆ ਹੈ।

**ਅਦਾਲਤ ਨੇ ਕੀ ਕਿਹਾ?**

* ਬਾਕੀ ਸਫ਼ਾ 2 'ਤੇ

## ਕੈਨੇਡਾ ਦੇ ਵਰਕ ਪਰਮਿਟ ਲਈ ਮੁੜ ਖੜਕਾ-ਦੜਕਾ

### * ਪੰਜਾਬ ਬੈਠੇ ਮਾਪਿਆਂ ਨੇ ਸੰਭਾਲਿਆ ਮੋਰਚਾ * ਠੱਗ ਇਮੀਗ੍ਰੇਸ਼ਨ ਸਲਾਹਕਾਰਾਂ ਵਿਰੁੱਧ ਅਦਾਲਤ ਜਾਣਗੇ ਮਾਪੇ



ਜਲੰਧਰ, (ਪੰਜਾਬ ਸਟਾਰ ਬਿਓਰੋ): ਕੈਨੇਡਾ ਵਿਚ ਵਰਕ ਪਰਮਿਟ ਤੋਂ ਵਾਂਝੇ ਕੀਤੇ ਇੰਟਰਨੈਸ਼ਨਲ ਸਟੂਡੈਂਟਸ ਦੇ ਮਾਪਿਆਂ ਨੇ ਪੰਜਾਬ ਵਿਚ ਮੋਰਚਾ ਸੰਭਾਲਦਿਆਂ ਇੰਮੀਗ੍ਰੇਸ਼ਨ ਸਲਾਹਕਾਰ ਫ਼ਰਮ ਦਾ ਦਫ਼ਤਰ ਘੇਰ ਲਿਆ। ਗੁਰਦਾਸਪੁਰ ਤੋਂ ਜਲੰਧਰ ਪੁੱਜੀ ਸੁਖਵਿੰਦਰ ਕੌਰ ਨੇ ਧੋਖਾਧੜੀ ਦੇ ਦੋਸ਼ ਲਾਉਂਦਿਆਂ ਕੈਲਗਰੀ ਵਿਖੇ ਇੰਮੀਗ੍ਰੇਸ਼ਨ ਮੁਸ਼ਕਲਾਂ ਵਿਚ ਘਿਰੀ ਆਪਣੀ ਬੇਟੀ ਦੀ ਕਹਾਣੀ ਬਿਆਨ ਕੀਤੀ। ਸੁਖਵਿੰਦਰ ਕੌਰ ਨੇ ਦੋਸ਼ ਲਾਇਆ ਕਿ 2 ਸਾਲ ਪਹਿਲਾਂ ਪਿਰਾਮਿਡ ਈ ਸਰਵਿਸ ਰਾਹੀਂ ਕੈਨੇਡਾ ਦਾ ਸਟੱਡੀ ਵੀਜ਼ਾ ਹਾਸਲ ਕੀਤਾ ਅਤੇ ਕੈਲਗਰੀ ਦੇ ਪੋਰਟੇਜ ਕਾਲਜ ਵਿਚ ਦਾਖ਼ਲਾ ਕਰਵਾਇਆ ਗਿਆ ਪਰ 32 ਲੱਖ ਰੁਪਏ ਖ਼ਰਚ ਕਰਨ ਦੇ ਬਾਵਜੂਦ ਪੜ੍ਹਾਈ ਦਾ ਕੋਈ ਫ਼ਾਇਦਾ ਨਹੀਂ ਹੋ ਰਿਹਾ। ਹੁਣ ਬੇਟੀ ਨਵਜੀਤ ਕੌਰ ਕੈਨੇਡਾ ਵਿਚ ਪ੍ਰੇਸ਼ਾਨ ਹੈ ਅਤੇ ਵਰਕ ਪਰਮਿਟ ਵਾਸਤੇ ਮੁੜ ਕਿਸੇ ਹੋਰ ਕਾਲਜ ਵਿਚ ਦੋ ਸਾਲ ਦਾ ਕੋਰਸ ਕਰਨਾ ਪੈ ਸਕਦਾ ਹੈ।

ਸੁਖਵਿੰਦਰ ਕੌਰ ਨੇ ਅੱਗੇ ਕਿਹਾ ਕਿ ਪਿਰਾਮਿਡ ਈ ਸਰਵਿਸਿਜ਼ ਅਤੇ ਜਲੰਧਰ ਦੇ ਏਜੰਟ ਨੇ ਧੋਖੇ ਨਾਲ ਕਿਸੇ ਹੋਰ ਏਜੰਟ ਦੇ ਪੋਰਟੇਜ ਕਾਲਜ ਵਿਚ ਦਾਖ਼ਲਾ ਕਰਵਾ ਦਿਤਾ। ਕਾਲਜ ਦੇ ਕੋਰਸ ਦਾ ਕੋਈ ਵੁੱਕਤ * ਬਾਕੀ ਸਫ਼ਾ 2 'ਤੇ

### ਕੈਨੇਡਾ ਆਉਣ ਵਾਲਿਆਂ ਲਈ ਵੱਡੀ ਖ਼ਬਰ

## ਕੈਨੇਡਾ ਵਿੱਚ ਸਤੰਬਰ ਤੋਂ ਬਦਲੇ ਵਿਦਿਆਰਥੀ ਨਿਯਮ ਤੇ ਵਧੇ ਖ਼ਰਚੇ



(ਪੰਜਾਬ ਸਟਾਰ ਬਿਓਰੋ): ਪੰਜਾਬ ਤੋਂ ਕੈਨੇਡਾ ਜਾਣ ਦੇ ਬਹੁਤ ਸਾਰੇ ਚਾਹਵਾਨ ਲੋਕਾਂ ਲਈ ਸੌਖੇ ਵਿਕਲਪ ਘੱਟ ਹੋ ਰਹੇ ਹਨ, ਖਾਸ ਕਰ ਜੋ ਦੇਸ਼ (ਕੈਨੇਡਾ) ਵਿੱਚ ਪੜ੍ਹਨਾ ਜਾਂ ਵਸਣਾ ਚਾਹੁੰਦੇ ਹਨ। ਇਸ ਸਤੰਬਰ ਤੋਂ ਕੈਨੇਡਾ ਨੇ ਨਵੇਂ ਅੰਤਰਰਾਸ਼ਟਰੀ ਵਿਦਿਆਰਥੀਆਂ * ਬਾਕੀ ਸਫ਼ਾ 2 'ਤੇ

## ਸਪੇਨ ਨੇੜੇ ਪਰਵਾਸੀਆਂ ਦੀ ਕਿਸ਼ਤੀ ਪਲਟੀ

### 80 ਤੋਂ ਵੱਧ ਮੌਤਾਂ, ਦਰਜਨਾਂ ਲਾਪਤਾ



(ਪੰਜਾਬ ਸਟਾਰ ਬਿਓਰੋ): ਸਪੇਨ ਦੇ ਕੈਨਾਰੀ ਟਾਪੂ ਨੇੜੇ ਅੰਧ ਮਹਾਸਾਗਰ ਵਿੱਚ ਪਰਵਾਸੀਆਂ ਦੀ ਇੱਕ ਕਿਸ਼ਤੀ ਹਾਦਸੇ ਦਾ ਸ਼ਿਕਾਰ ਹੋ ਗਈ ਜਿਸ ਕਾਰਨ 80 ਤੋਂ ਵਧ ਜਣਿਆਂ ਦੀ ਮੌਤ ਹੋ ਗਈ ਅਤੇ ਦਰਜਨਾਂ ਹੋਰਨਾਂ ਦੇ ਲਾਪਤਾ ਹੋਣ ਦਾ ਖ਼ਦਸ਼ਾ ਜਤਾਇਆ ਜਾ ਰਿਹਾ ਹੈ। ਇਸ ਦੌਰਾਨ ਵਾਕਿੰਗ ਬਾਰਡਰਜ਼ ਦੀ ਸੰਸਥਾਪਕ ਹੇਲੇਨਾ ਮਾਲੇਨੋ ਨੇ ਰਿਪੋਰਟ ਦਿੱਤੀ ਹੈ ਕਿ ਇਸ ਹਾਦਸੇ ਦੌਰਾਨ 83 ਲੋਕਾਂ ਦੀ ਮੌਤ ਹੋ ਚੁੱਕੀ ਹੈ, ਜਿਨ੍ਹਾਂ ਵਿੱਚ ਤਿੰਨ ਔਰਤਾਂ ਅਤੇ ਇੱਕ ਬੱਚਾ ਵੀ ਸ਼ਾਮਲ ਹੈ। ਦੂਜੇ ਪਾਸੇ ਏਜੰਸੀ ਨੇ ਪੰਜ ਜਣਿਆਂ ਦੀਆਂ ਮੌਤਾਂ ਦੀ ਹੀ ਪੁਸ਼ਟੀ ਕੀਤੀ ਹੈ।

ਸਪੇਨ ਦੀ ਸਮੁੰਦਰੀ ਬਚਾਅ ਸੇਵਾ ਨੇ ਦੱਸਿਆ ਕਿ ਕਿਸ਼ਤੀ ਹਾਦਸੇ ਵਿਚ ਬਚੇ ਤਿੰਨ ਬਚੇ ਹੋਏ ਲੋਕਾਂ * ਬਾਕੀ ਸਫ਼ਾ 2 'ਤੇ

## ਕੈਨੇਡਾ ਵੱਸਦੇ ਪੰਜਾਬੀਆਂ ਲਈ ਵੱਡੀ ਖ਼ਬਰ !

### ਹੁਣ ਭਾਰਤ ਪੈਸੇ ਭੇਜਣੇ ਹੋਣਗੇ ਸੌਖੇ, ਬਦਲੇਗਾ ਪੂਰਾ ਤਰੀਕਾ




ਟੋਰਾਂਟੋ, (ਪੰਜਾਬ ਸਟਾਰ ਬਿਓਰੋ): ਕੈਨੇਡਾ ਵੱਸਦੇ ਪੰਜਾਬੀਆਂ ਲਈ ਵੱਡੀ ਖ਼ਬਰ ਸਾਹਮਣੇ ਆਈ ਹੈ। ਭਾਰਤ ਤੇ ਕੈਨੇਡਾ ਵਿਚਾਲੇ ਆਰਥਿਕ ਰਿਸ਼ਤਿਆਂ ਨੂੰ ਹੋਰ ਮਜ਼ਬੂਤ ਕਰਨ ਲਈ UPI ਰਾਹੀਂ ਸਰਹੱਦ ਪਾਰ ਪੈਸੇ ਭੇਜਣ ਅਤੇ ਸਿੱਧੇ ਭੁਗਤਾਨ ਦੀਆਂ ਸੰਭਾਵਨਾਵਾਂ 'ਤੇ ਗੱਲਬਾਤ ਚੱਲ ਰਹੀ ਹੈ। ਜੇ ਇਹ ਪ੍ਰਬੰਧ ਲਾਗੂ ਹੁੰਦਾ ਹੈ ਤਾਂ ਕੈਨੇਡਾ ਰਹਿੰਦੇ ਭਾਰਤੀਆਂ ਵੱਲੋਂ ਪਰਿਵਾਰਾਂ ਨੂੰ ਪੈਸਾ ਭੇਜਣ ਦੇ ਨਾਲ-ਨਾਲ ਵਿਦਿਆਰਥੀਆਂ ਅਤੇ ਕਾਰੋਬਾਰੀਆਂ ਲਈ ਭੁਗਤਾਨ ਕਰਨਾ ਵੀ ਸੌਖਾ ਹੋ ਸਕਦਾ ਹੈ। ਹਾਲਾਂਕਿ ਇਹ ਵਿਵਸਥਾ ਹਾਲੇ ਲਾਗੂ ਨਹੀਂ ਹੋਈ ਅਤੇ ਇਸ ਲਈ ਕਈ ਤਕਨੀਕੀ ਤੇ ਨਿਯਮਕ ਪੱਖਾਂ 'ਤੇ ਕੰਮ ਕਰਨਾ ਬਾਕੀ ਹੈ।

**ਭਾਰਤ-ਕੈਨੇਡਾ ਆਰਥਿਕ ਰਿਸ਼ਤਿਆਂ 'ਚ ਨਵਾਂ ਕਦਮ**

ਭਾਰਤ ਅਤੇ ਕੈਨੇਡਾ ਵਿਚਾਲੇ ਸਿੱਖਿਆ, ਕਾਰੋਬਾਰ, ਨਿਵੇਸ਼ ਅਤੇ ਪੈਸੇ ਭੇਜਣ ਰਾਹੀਂ ਆਰਥਿਕ ਸਾਂਝ ਲਗਾਤਾਰ ਡੂੰਘੀ ਹੋਈ ਹੈ। ਦੋਵੇਂ ਦੇਸ਼ ਹੁਣ UPI ਰਾਹੀਂ ਸਰਹੱਦ ਪਾਰ ਰਕਮ ਭੇਜਣ ਅਤੇ ਦੁਕਾਨਦਾਰਾਂ ਨੂੰ ਸਿੱਧਾ ਭੁਗਤਾਨ ਕਰਨ ਦੀਆਂ ਸੰਭਾਵਨਾਵਾਂ 'ਤੇ ਵਿਚਾਰ ਕਰ ਰਹੇ ਹਨ। ਭਾਰਤ ਦੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਅਤੇ ਕੈਨੇਡਾ ਦੇ ਵਿੱਤ ਮੰਤਰੀ ਫ੍ਰਾਂਸਵਾ-ਫਿਲਿਪ ਸ਼ੈਂਪੇਨ ਵਿਚਾਲੇ ਹੋਈ ਪਹਿਲੀ ਆਰਥਿਕ ਅਤੇ ਵਿੱਤੀ ਵਾਰਤਾ ਦੌਰਾਨ ਵਿੱਤੀ ਸਹਿਯੋਗ ਵਧਾਉਣ ਬਾਰੇ ਚਰਚਾ ਹੋਈ। ਇਸ ਵਿੱਚ ਭਾਗੀਦਾਰ ਭੁਗਤਾਨ ਸੇਵਾ ਪ੍ਰਦਾਤਾਵਾਂ ਰਾਹੀਂ ਕੈਨੇਡਾ ਵਿੱਚ ਫੀ ਦੀ ਵਰਤੋਂ ਨੂੰ ਉਤਸ਼ਾਹਿਤ ਕਰਨ ਦਾ ਮੁੱਦਾ ਵੀ ਸ਼ਾਮਲ ਸੀ।

**ਕੈਨੇਡਾ 'ਚ ਭਾਰਤੀ ਭਾਈਚਾਰੇ ਦੀ ਵੱਡੀ ਮੌਜੂਦਗੀ**

2024 ਵਿੱਚ ਕੈਨੇਡਾ ਵਿੱਚ 5,10,235 ਭਾਰਤੀ ਨਾਗਰਿਕ ਅਧਿਐਨ-ਪਰਮਿਟ ਧਾਰਕ ਸਨ। ਕੈਨੇਡਾ ਦੀ 2025 ਦੀ ਇਮੀਗ੍ਰੇਸ਼ਨ ਰਿਪੋਰਟ ਮੁਤਾਬਕ ਭਾਰਤ ਤੋਂ 1,25,530 ਲੋਕਾਂ ਨੂੰ ਸਥਾਈ ਨਿਵਾਸ ਮਿਲਿਆ। ਇਨ੍ਹਾਂ ਵਿੱਚ 94,105 ਲੋਕ ਆਰਥਿਕ ਸ਼੍ਰੇਣੀ ਅਤੇ 31,425 ਪਰਿਵਾਰਕ ਪੁਨਰ-ਮਿਲਾਪ ਸ਼੍ਰੇਣੀ ਵਿੱਚ ਸਨ। 2025 ਦੇ ਅੰਤ ਤੱਕ ਕੈਨੇਡਾ ਵਿੱਚ ਕਰੀਬ 6,91,215 ਅਧਿਐਨ-ਪਰਮਿਟ ਧਾਰਕ ਮੌਜੂਦ ਸਨ ਅਤੇ ਭਾਰਤ ਵਿਦੇਸ਼ੀ ਵਿਦਿਆਰਥੀਆਂ ਦਾ ਇੱਕ ਪ੍ਰਮੁੱਖ ਸਰੋਤ ਦੇਸ਼ ਬਣਿਆ ਰਿਹਾ।

**UPI ਨਾਲ ਪਰਿਵਾਰਾਂ ਅਤੇ ਵਿਦਿਆਰਥੀਆਂ ਨੂੰ ਫਾਇਦਾ**

* ਬਾਕੀ ਸਫ਼ਾ 2 'ਤੇ




ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ
ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ 905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ



- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?

ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888-864-3131



Jasbir Singh Hundal
Registered Credit Counsellor
www.MakeMeDebtFree.ca 416-502-3100
Unit #20 - 7015 Tranmere Drive, Mississauga, ON, L5S 1T7



BRAR TAMBER RIGBY
PERSONAL INJURY LAWYERS
We Help Get You the Compensation You Deserve
Book a free consultation:
1-833-BRAR-LAW

PERSONAL INJURY
- Auto Accident
- Family Member Claims
- Pedestrian Hit Accident
- Short & Long-Term Disability
- Slip & Fall
- CPP Disability
- Bicycle Accident
- Wrongful Death & Fata accidents



FOR ALL YOUR REAL ESTATE NEEDS
ਕਿਸੇ ਤਰ੍ਹਾਂ ਦੀ ਵੀ ਪ੍ਰੌਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ



Harjit Brar
Sales Representative
416-417-6010

HOMELIFE
HIGHER STANDARDS
HOMELIFE MAPLE LEAF REALTY LTD., BROKERAGE
Independently Owned and Operated
Ph: 905-456-9090



Vik Mehmi
Broker
416-500-6262

# ਲਿਬਰਲ ਸਰਕਾਰ ਦੀਆਂ ਮਾੜੀਆਂ ਨੀਤੀਆਂ ਨੇ ਕਨੇਡਾ ਦਾ ਬੇੜਾ ਗਰਕ ਕੀਤਾ-ਪੀਅਰ ਪੌਲੀਐਵ

## 'ਲੇਕ ਓਨਟਾਰੀਓ' ਦਾ ਨਾਮ ਨਹੀਂ ਬਦਲਣ ਦਿੱਤਾ ਜਾਵੇਗਾ- ਬਿਸ਼ਨੋਈ ਗੈਂਗ ਦੀਆਂ ਤਾਰਾਂ ਕਨੇਡਾ ਨਾਲ ਜੁੜਨਾਂ ਘਾਤਕ



ਟੋਰਾਂਟੋ, (ਹਰਜੀਤ ਸਿੰਘ ਬਾਜਵਾ) : ਕਨੇਡਾ ਸਰਕਾਰ ਵਿੱਚ ਵਿਰੋਧੀ ਧਿਰ ਦੇ ਨੇਤਾ, ਕੰਨਜ਼ਰਵਟਿਵ ਪਾਰਟੀ ਦੇ ਆਗੂ ਅਤੇ ਪਾਰਟੀ ਵੱਲੋਂ ਪ੍ਰਧਾਨ ਮੰਤਰੀ ਦੇ ਅਹੁਦੇ ਦੇ ਦਾਅਵੇਦਾਰ ਮਿ. ਪੀਅਰ ਪੌਲੀਐਵ ਨੇ ਬਰੈਂਪਟਨ ਸ਼ਹਿਰ ਨੂੰ ਜ਼ੁਰਮਾਂ ਦਾ ਗੜ੍ਹ ਦੱਸਿਆ ਹੈ,ਉਹਨਾਂ ਆਖਿਆ ਕਿ ਪੂਰੇ ਕਨੇਡਾ ਵਿੱਚ ਜੇਕਰ ਕੋਈ ਵੀ ਜ਼ੁਰਮ ਹੁੰਦਾ ਹੈ ਜਾਂ ਸਰੱਹਦ ਉੱਤੇ ਨਸ਼ਾ ਜਾਂ ਹਥਿਆਰ ਬਰਾਮਦ ਹੁੰਦੇ ਹਨ ਤਾਂ ਉਸਦੇ ਤਾਰ ਬਰੈਂਪਟਨ ਨਾਲ ਜਰੂਰ ਜੁੜਦੇ ਹਨ ਤੇ' ਇਹ ਸਭ ਹੁਣ ਪੂਰੇ ਕਨੇਡਾ ਵਿੱਚ ਫੈਲ ਰਿਹਾ ਹੈ,ਤੇ' ਇਸਦੀ ਜ਼ਿੰਮੇਵਾਰ ਇਸ ਸਮੇਂ ਕਨੇਡਾ ਦੀ ਲਿਬਰਲ ਸਰਕਾਰ ਹੈ,ਪਹਿਲਾਂ ਜਸਟਿਨ ਟਰੂਡੋ ਤੇ ਹੁਣ ਪ੍ਰਧਾਨ ਮੰਤਰੀ ਮਿ. ਮਾਰਕ ਕਾਰਨੀ ਦੀਆਂ ਮਾੜੀਆਂ ਨੀਤੀਆਂ ਨੇ ਕਨੇਡਾ ਦਾ ਬੇੜਾ ਹੀ ਗਰਕ ਕਰ ਦਿੱਤਾ ਹੈ,ਮਿ. ਪੀਅਰ ਪੌਲੀਐਵ ਬਰੈਂਪਟਨ ਵਿਖੇ ਮੈਂਬਰਪਾਰਲੀਮੈਂਟ ਸ੍ਰ. ਅਮਰਜੀਤ ਸਿੰਘ ਗਿੱਲ ਦੀ ਬਾਰਬਿਕਿਉ(ਕਮਿਉਨਿਟੀ ਬਾਰਬੀਕਿਉ) ਪਾਰਟੀ ਮੌਕੇ ਲੋਕਾਂ ਦੇ ਇੱਕ ਭਾਰੀ ਇਕੱਠ ਨੂੰ ਸੰਬੋਧਨ ਕਰ ਰਹੇ ਸਨ, ਉਹਨਾਂ ਮੌਜੂਦਾ ਲਿਬਰਲ ਸਰਕਾਰ ਦੇ ਸਮੇਂ ਕਨੇਡਾ ਦੇ ਵਿਗੜ ਰਹੇ ਹਾਲਾਤਾਂ ਤੇ' ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਮਾਰਕ ਕਾਰਨੀ ਦੀ ਸਰਕਾਰ ਹਰ ਫਰੰਟ ਤੇ' ਫੇਲ ਹੋਈ ਹੈ, ਦਿਨੋਂ ਦਿਨ ਵੱਧ ਰਿਹਾ ਕਰਾਰਿਮ, ਨੌਕਰੀਆਂ ਦੀ ਘਾਟ, ਛੋਟੇ ਅਤੇ ਵੱਡੇ ਵਪਾਰਾਂ ਦਾ ਬੰਦ ਹੋਣਾ, ਦਿਨੋਂ ਦਿਨ ਵਧ ਰਹੀਆਂ ਚੋਰੀ ਡਕੈਤੀ ਅਤੇ ਅਪਰਾਧਿਕ ਘਟਨਾਵਾਂ, ਧਮਕੀਆਂ ਦੇ ਕੇ ਅਤੇ ਸਿੱਧੀਆਂ ਗੋਲੀਆਂ ਚਲਾ ਕੇ ਜ਼ਬਰੀ ਵਸੂਲੀ ਦੇ ਮਾਮਲੇ ਪੂਰੇ ਕਨੇਡਾ ਲਈ ਖਤਰਨਾਲ ਸਾਬਤ ਹੋ ਰਹੇ ਹਨ। ਪੀਅਰ ਪੌਲੀਐਵ ਨੇ ਬਿਸ਼ਨੌਈ ਗੈਂਗ ਬਾਰੇ ਆਖਿਆ ਕਿ ਉਸ ਗੈਂਗ ਦੇ ਬੰਦਿਆਂ ਦੀਆਂ ਤਾਰਾਂ ਕਨੇਡਾ ਨਾਲ ਕਿਵੇਂ ਜੁੜ ਰਹੀਆਂ ਹਨ ਇਹ ਸਭ ਸਰਕਾਰ ਦੀ ਜ਼ਿੰਮੇਵਾਰੀ ਹੈ,ਅਮਰੀਕਾ ਦੇ ਪ੍ਰਧਾਨ ਡੋਨਾਲਡ ਟਰੰਪ ਵੱਲੋਂ ਕਨੇਡਾ ਦੀ ਵੱਡੀ ਨਦੀ 'ਲੇਕ ਓੰਟਾਰੀਓ' ਬਾਰੇ ਦਿੱਤੇ ਬਿਆਨ ਕਿ ਇਸ ਨਦੀ ਦਾ ਨਾਮ ਬਦਲ ਕੇ 'ਲੇਕ ਅਮਰੀਕਾ' ਰੱਖ ਦਿੱਤਾ ਜਾਵੇਗਾ ਬਾਰੇ ਆਖਿਆ ਕਿ ਇਹ ਨਦੀ ਕਨੇਡਾ ਦੀ ਸ਼ਾਨ ਹੈ, ਇਸਦਾ ਨਾਮ 'ਲੇਕ ਓੰਟਾਰੀਓ' ਹੈ ਅਤੇ 'ਲੇਕ ਓੰਟਾਰੀਓ' ਹੀ ਰਹੇਗਾ, ਉਹਨਾਂ ਆਖਿਆ ਕਿ ਉਹਨਾਂ ਦੀ ਪਾਰਟੀ ਦੀ ਸਰਕਾਰ ਆਉਂਣ ਤੇ' ਉਹ ਇਹਨਾਂ ਸਾਰੇ ਮੁੱਦਿਆਂ ਉੱਤੇ ਗੰਭੀਰਤਾ ਨਾਲ ਕੰਮ ਕਰਨਗੇ ਅਤੇ ਅਪਰਾਧੀਆਂ ਨੂੰ ਲੰਮਾ ਸਮਾਂ ਜੇਲਾਂ ਵਿੱਚ ਰੱਖਣ ਅਤੇ ਜੁਰਮਾਂ ਨੂੰ ਮੁੱਢੋਂ ਖਤਮ ਕਰਨ ਲਈ ਕਾਨੂੰਨ ਬਣਾਉਣਗੇ ਅਤੇ ਅਪਰਾਧਿਕ ਘਟਨਾਵਾਂ ਲਈ ਜ਼ਿੰਮੇਵਾਰ ਦੋਸ਼ੀਆਂ ਲਈ 'ਸਿਰਫ ਜੇਲ-ਨੋ ਬੇਲ' ਵਾਲੀ ਨੀਤੀ ਤੇ' ਕੰਮ ਕਰਨਗੇ।ਇਸ ਮੌਕੇ ਮੈਂਬਰਪਾਰਲੀਮੈਂਟ ਸ੍ਰ. ਅਮਰਜੀਤ ਸਿੰਘ ਗਿੱਲ ਨੇ ਆਖਿਆ ਕਿ ਉਹਨਾਂ ਦੀ ਪਾਰਟੀ ਦੀ ਸਰਕਾਰ ਆਉਂਣ ਤੇ' ਜੁਰਮਾਂ ਨੂੰ ਠੱਲ ਪਾਉਂਣਾ, ਬੰਦ ਹੋ ਚੁੱਕੇ ਅਤੇ ਬੰਦ ਹੋ ਰਹੇ ਵਪਾਰਾਂ ਨੂੰ ਫਿਰ ਪੈਰਾ ਸਿਰ ਕਰਨਾਂ, ਕਿਸਾਨੀ ਅਤੇ ਕਿਸਾਨਾਂ ਬਾਰੇ ਸੋਚਣਾ, ਕਨੇਡੀਅਨ ਪ੍ਰੀਵਾਰਾਂ ਨੂੰ ਚੰਗੀਆਂ ਜੌਬਾਂ ਅਤੇ ਚੰਗਾ ਜੀਵਨ ਦੇਣਾ ਸਾਡੀ ਸਰਕਾਰ ਦੀ ਪਹਿਲ ਹੋਵੇਗੀ। ਇਸ ਮੌਕੇ ਐਮ ਪੀ ਰੌਮਨ ਬਾਬਰ, ਵਿਧਾਇਕ ਸ੍ਰ.ਅਮਰਜੋਤ ਸਿੰਘ ਸੰਧੂ ਅਤੇ ਹੋਰ ਆਗੂਆਂ ਵੱਲੋਂ ਵੀ ਆਪੋ ਆਪਣੇ ਵਿਚਾਰ ਪੇਸ਼ ਕੀਤੇ ਗਏ ਅਤੇ ਸ੍ਰ.ਅਮਰਜੀਤ ਸਿੰਘ ਗਿੱਲ ਦੇ ਕਾਰਜਾਂ ਦੀ ਸ਼ਲਾਘਾ ਕੀਤੀ ਗਈ।

# ਐਸ ਪੀ ਸਿੰਘ ਓਬਰਾਏ ਦਾ ਹੋਇਆ ਕਨੇਡਾ 'ਚ ਸਨਮਾਨ



ਟੋਰਾਂਟੋ: (ਹਰਜੀਤ ਸਿੰਘ ਬਾਜਵਾ) : ਵਿਸ਼ਵ ਪੰਜਾਬੀ ਸਭਾ ਵੱਲੋਂ ਡਾ. ਦਲਬੀਰ ਸਿੰਘ ਕਥੂਰੀਆ ਅਤੇ ਉਹਨਾਂ ਦੀ ਸਮੁੱਚੀ ਟੀਮ ਵੱਲੋਂ ਬਰੈਂਪਟਨ ਦੇ ਵਿਸ਼ਵ ਪੰਜਾਬੀ ਭਵਨ ਵਿੱਚ ਇੱਕ ਸਨਮਾਨ ਸਮਾਗਮ ਕਰਵਾਇਆ ਗਿਆ ਜਿੱਥੇ ਕਿ ਦੁਨੀਆ ਭਰ ਵਿੱਚ ਬਿਨਾਂ ਕਿਸੇ ਜਾਤ-ਪਾਤ ਅਤੇ ਵਿਤਕਰਾ ਕੀਤਿਆਂ ਮਨੁੱਖੀ ਜਾਨਾਂ ਬਚਾਉਂਣ, ਅਰਬ ਦੇਸਾਂ ਵਿੱਚ ਮੌਤ ਦੀ ਸਜਾ ਯਾਫ਼ਤਾ ਕੈਦੀਆਂ ਨੂੰ ਸਮਝੌਤੇ ਕਰਵਾ ਕੇ ਅਤੇ ਪੱਲਿਓਂ ਪੈਸਾ ਖਰਚ ਕਰ ਕੇ ਬਚਾਉਂਣ, ਵਿਦੇਸ਼ਾਂ ਵਿੱਚੋਂ ਭਾਰਤੀਆਂ/ਪੰਜਾਬੀਆਂ (ਜਿਹਨਾਂ ਦਾ ਵਿਦੇਸ਼ਾਂ ਵਿੱਚ ਕੋਈ ਨਹੀ ਹੁੰਦਾ ਜਾਂ ਲਵਾਰਸ) ਦੀਆਂ ਡੈਡ ਬੌਡੀਆਂ ਆਪਣੇ ਖਰਚੇ ਤੇ' ਭਾਰਤ/ਪੰਜਾਬ ਪਹੁੰਚਾਉਂਣ ਵਾਲੀ ਸੰਸਥਾ 'ਸਰਬੱਤ ਦਾ ਭਲਾ' ਦੇ ਬਾਨੀ ਸ੍ਰ. ਸੁਰਿੰਦਰਪਾਲ ਸਿੰਘ ਓਬਰਾਏ (ਐਸ ਪੀ ਸਿੰਘ ਓਬਰਾਏ) ਦਾ ਵਿਸ਼ੇਸ਼ ਤੌਰ ਤੇ' ਸਨਮਾਨ ਕੀਤਾ ਗਿਆ ਜਿੱਥੇ ਬੋਲਦਿਆਂ ਸ੍ਰ. ਐਸ ਪੀ ਸਿੰਘ ਓਬਰਾਏ ਨੇ ਆਖਿਆ ਕਿ ਇਹ ਸਭ ਅਕਾਲ ਪੁਰਖ ਦੀ ਅਪਾਰ ਕ੍ਰਿਪਾ ਨਾਲ ਹੀ ਹੋ ਰਿਹਾ ਹੈ, ਮੈਂ ਤਾਂ ਇੱਕ ਨਾਚੀਜ਼ ਮਨੁੱਖ ਹਾਂ, ਸ੍ਰ.ਓਬਰਾਏ ਨੇ ਸਰਬੱਤ ਦਾ ਭਲਾ ਟਰੱਸਟ ਵੱਲੋਂ ਪੰਜਾਬ ਵਿੱਚ ਮਨੁੱਖੀ ਭਲਾਈ ਲਈ ਚਲ ਰਹੇ ਅਤੇ ਆਉਂਣ ਵਾਲੇ ਵਕਤ ਵਿੱਚ ਚਲਾਏ ਜਾਣ ਵਾਲੇ ਪ੍ਰਜੈਕਟਾਂ ਅਤੇ ਵੱਖ-ਵੱਖ ਬਿਮਾਰੀਆਂ ਦੇ ਟੈਸਟਾਂ ਲਈ ਖੁਲ੍ਹੀਆਂ ਅਤੇ ਖੋਲ੍ਹੀਆਂ ਜਾ ਰਹੀਆਂ ਡਿਸਪੈਂਸਰੀਆਂ ਬਾਰੇ ਵੀ ਹਾਜ਼ਰੀਨ ਨਾਲ ਜਾਣਕਾਰੀ ਸਾਂਝੀ ਕੀਤੀ ਅਤੇ ਆਖਿਆ ਕਿ ਪੰਜਾਬ ਦੇ ਕਿਸੇ ਵੀ ਖੇਤਰ ਵਿੱਚ ਜੇਕਰ ਕਿਸੇ ਡਿਸਪੈਂਸਰੀ ਦੀ ਜਰੂਰਤ ਹੈ ਤਾਂ ਉਹਨਾਂ ਨਾਲ ਕਦੇ ਵੀ ਸੰਪਰਕ ਕੀਤਾ ਜਾ ਸਕਦਾ ਹੈ ਉਹ ਪਹਿਲ ਦੇ ਅਧਾਰ ਤੇ' ਇਹ ਕੰਮ ਕਰਨਗੇ, ਉਹਨਾਂ ਪੰਜਾਬ ਦੇ ਨੌਜਵਾਨਾਂ ਦੀ ਵਿਦੇਸ਼ਾਂ ਵੱਲ ਦੌੜ ਬਾਰੇ ਆਖਿਆ ਕਿ ਪੰਜਾਬ ਦੇ ਨੌਜਵਾਨ ਮੁੰਡੇ/ਕੁੜੀਆਂ ਵਿਦੇਸ਼ਾਂ ਵਿੱਚ ਤਾਂ ਹਰ ਕੰਮ ਇੱਥੋਂ ਤੱਕ ਕੇ ਸਫਾਈ ਤੱਕ ਦਾ ਕੰਮ ਵੀ ਕਰਨ ਨੂੰ ਤਿਆਰ ਹਨ ਪਰ ਭਾਰਤ ਵਿੱਚ ਨਹੀਂ, ਜਦੋਂ ਕਿ ਭਾਰਤ ਵਿੱਚ ਵੀ ਕੰਮ ਦੀ ਕੋਈ ਕਮੀ ਨਹੀ, ਪਰ ਉੱਥੇ ਕੋਈ ਕੰਮ ਕਰਨਾਂ ਚਾਹੁੰਦਾ ਹੀ ਨਹੀ, ਉਹਨਾਂ ਨੇ ਕਈ ਸਵਾਲਾਂ ਦੇ ਜਵਾਬ ਵੀ ਦਿੱਤੇ, ਇਸ ਮੌਕੇ ਬੋਲਦਿਆਂ ਕਨੇਡਾ ਦੇ ਸਾਬਕਾ ਮੈਂਬਰ ਪਾਰਲੀਮੈਂਟ ਸ੍ਰ. ਗੁਰਬਖ਼ਸ਼ ਸਿੰਘ ਮੱਲ੍ਹੀ ਨੇ ਸ੍ਰ.ਓਬਰਾਏ ਦੀ ਸ਼ਲਾਘਾ ਕਰਦਿਆਂ ਆਖਿਆ ਕਿ ਇਹ ਸਾਡੇ ਗੁਰੂਆਂ ਦੁਆਰਾ ਮਨੁੱਖੀ ਸੇਵਾ ਦੇ ਮਾਰਗ ਤੇ' ਚੱਲਣ ਵਾਲੇ ਸਿੱਖ ਹਨ ਜਿਹਨਾਂ ਨੇ ਸਿੱਖ ਕੌਮ ਦਾ ਨਾਮ ਦੁਨੀਆਂ ਵਿੱਚ ਉੱਚਾ ਕੀਤਾ ਕੀਤਾ ਹੈ।

ਇਸ ਮੌਕੇ ਸ੍ਰ. ਪਾਲ ਸਿੰਘ ਨੌਲੀ ਅਤੇ ਰਜਿੰਦਰਪਾਲ ਸਿੰਘ ਦਾ ਵੀ ਸਨਮਾਨ ਕੀਤਾ ਗਿਆ, ਇਸ ਦੌਰਾਨ ਸਟੇਜ ਦੀ ਜ਼ਿੰਮੇਵਾਰੀ ਡਾ. ਦਰਸ਼ਨਦੀਪ ਅਰੋੜਾ ਨੇ ਨਿਭਾਈ ਜਦੋਂ ਕਿ ਡਾ. ਦਲਬੀਰ ਸਿੰਘ ਕਥੂਰੀਆ, ਬਾਪੂ ਸੁਬੇਗ ਸਿੰਘ ਕਥੂਰੀਆ, ਬਲਬੀਰ ਕੌਰ ਰਾਏਕੋਟੀ, ਹਰਜੀ ਬਾਜਵਾ, ਸਤਬੀਰ ਸਿੰਘ ਸਿੱਧੂ, ਗਿਆਨ ਸਿੰਘ ਘਈ, ਆਦਿ ਨੇ ਜਿੱਥੇ ਆਪੋ ਆਪਣੇ ਵਿਚਾਰ ਪੇਸ਼ ਕੀਤੇ ਉੱਥੇ ਹੀ ਇਸ ਮੌਕੇ ਨਾਮਵਰ ਲੇਖਕ ਸੁਜਾਨ ਸਿੰਘ ਸੁਜਾਨ, ਰਿੰਟੂ ਭਾਟੀਆ, ਸੁਰਜੀਤ, ਮਕਸੂਦ ਚੌਧਰੀ, ਦਲਜੀਤ ਸਿੰਘ ਲਾਲੀ, ਇਕਬਾਲ ਬਰਾੜ, ਹਰਦਿਆਲ ਸਿੰਘ ਝੀਤਾ, ਸੁੰਦਰਪਾਲ ਕੌਰ ਰਾਜਾਸਾਂਸੀ ਸਮੇਤ ਵੱਖ-ਵੱਖ ਸਾਹਿਤਕ ਅਤੇ ਸਮਾਜਿਕ ਸੰਸਥਾਵਾਂ ਦੇ ਨਾਲ ਸਬੰਧਤ ਹੋਰ ਵੀ ਬਹੁਤ ਸਾਰੇ ਲੋਕ ਹਾਜ਼ਰ ਸਨ।

# ਟਰੰਪ ਦੀ ਤਸਵੀਰ ਵਾਲਾ ਸਿੱਕਾ ਹੋਇਆ ਜਾਰੀ

## ਕੀਮਤ ਤੋਂ ਲੈ ਕੇ ਡਿਜ਼ਾਈਨ ਤੱਕ ਜਾਣੋ ਖਾਸ ਗੱਲਾਂ





ਵਾਸ਼ਿੰਗਟਨ: ਅਮਰੀਕਾ ਦੀ 250ਵੀਂ ਵਰ੍ਹੇਗੰਢ ਨੂੰ ਯਾਦਗਾਰ ਬਣਾਉਣ ਲਈ ਤਿਆਰ ਕੀਤਾ ਗਿਆ ਖਾਸ 1 ਡਾਲਰ ਦਾ ਸਿੱਕਾ ਹੁਣ ਵਿਕਰੀ ਲਈ ਉਪਲਬਧ ਹੋ ਗਿਆ ਹੈ। ਇਸ ਸਿੱਕੇ ਦੀ ਸਭ ਤੋਂ ਵੱਡੀ ਖਾਸੀਅਤ ਇਸ 'ਤੇ ਬਣੀ ਰਾਸ਼ਟਰਪਤੀ ਡੋਨਲਡ ਟਰੰਪ ਦੀ ਤਸਵੀਰ ਹੈ। ਸਿੱਕੇ ਨੂੰ ਗੋਲਡ ਫਿਨਿਸ਼ ਦਿੱਤੀ ਗਈ ਹੈ ਅਤੇ ਇਸਨੂੰ ਅਮਰੀਕੀ ਟਕਸਾਲ 'ਯੂਐਸ ਮਿੰਟ' ਵੱਲੋਂ ਜਾਰੀ ਕੀਤਾ ਗਿਆ ਹੈ। ਹਾਲਾਂਕਿ, ਕਿਸੇ ਜੀਵਤ ਰਾਸ਼ਟਰਪਤੀ ਦੀ ਤਸਵੀਰ ਸਿੱਕੇ 'ਤੇ ਹੋਣ ਕਾਰਨ ਇਸ ਨੂੰ ਲੈ ਕੇ ਸਿਆਸੀ ਅਤੇ ਕਾਨੂੰਨੀ ਚਰਚਾ ਵੀ ਸ਼ੁਰੂ ਹੋ ਗਈ ਹੈ।

**ਇੱਕ ਪਾਸੇ ਟਰੰਪ, ਦੂਜੇ ਪਾਸੇ ਅਮਰੀਕਾ ਦੀ ਮੁਹਰ**

ਸਿੱਕੇ ਦੇ ਇੱਕ ਪਾਸੇ ਡੋਨਲਡ ਟਰੰਪ ਦਾ ਚਿਹਰਾ ਬਣਾਇਆ ਗਿਆ ਹੈ, ਜਿਸਨੂੰ 'ਹੈੱਡਸ' ਕਿਹਾ ਜਾਂਦਾ ਹੈ। ਦੂਜੇ ਪਾਸੇ ਅਮਰੀਕਾ ਦੀ ਅਧਿਕਾਰਤ ਕੌਮੀ ਮੁਹਰ 'ਗ੍ਰੇਟ ਸੀਲ' ਹੈ, ਜਿਸਨੂੰ 'ਟੇਲਜ਼' ਵਾਲੇ ਪਾਸੇ ਰੱਖਿਆ ਗਿਆ ਹੈ। ਇਸ ਡਿਜ਼ਾਈਨ ਨੂੰ ਇਸੇ ਸਾਲ ਯੂਐਸ ਕਮਿਸ਼ਨ ਆਫ਼ ਫਾਈਨ ਆਰਟਸ ਵੱਲੋਂ ਮਨਜ਼ੂਰੀ ਦਿੱਤੀ ਗਈ ਸੀ। ਇਸ ਕਮਿਸ਼ਨ ਦੇ ਮੈਂਬਰਾਂ ਦੀ ਨਿਯੁਕਤੀ ਟਰੰਪ ਵੱਲੋਂ ਕੀਤੀ ਗਈ ਸੀ। ਟਰੰਪ ਪਹਿਲਾਂ ਕਹਿ ਚੁੱਕੇ ਹਨ ਕਿ ਸਿੱਕੇ 'ਤੇ ਆਪਣਾ ਚਿਹਰਾ ਹੋਣਾ ਇੱਕ 'ਬਹੁਤ ਅਸਾਧਾਰਨ' ਵਿਚਾਰ ਹੈ, ਪਰ ਉਨ੍ਹਾਂ ਨੇ ਇਸ ਨੂੰ ਆਪਣੇ ਲਈ ਸਨਮਾਨ ਵਾਲੀ ਗੱਲ ਵੀ ਦੱਸਿਆ ਸੀ।

**ਟਰੰਪ ਦੀ ਤਸਵੀਰ ਨੂੰ ਲੈ ਕੇ ਕਿਉਂ ਉੱਠੇ ਸਵਾਲ?**

ਟਰੰਪ ਦੇ ਦੂਜੇ ਕਾਰਜਕਾਲ ਦੌਰਾਨ ਵੱਖ-ਵੱਖ ਥਾਵਾਂ 'ਤੇ ਉਨ੍ਹਾਂ ਦੇ ਨਾਮ ਅਤੇ ਪਛਾਣ ਨੂੰ ਪ੍ਰਮੁੱਖਤਾ ਦੇਣ ਦੀਆਂ ਕੋਸ਼ਿਸ਼ਾਂ ਹੋਈਆਂ ਹਨ। ਇਨ੍ਹਾਂ ਵਿੱਚੋਂ ਕੁਝ ਮਾਮਲੇ ਕਾਨੂੰਨੀ ਵਿਵਾਦਾਂ ਅਤੇ ਮੁਕੱਦਮਿਆਂ ਤੱਕ ਵੀ ਪਹੁੰਚੇ ਹਨ। ਕੇਨੇਡੀ ਸੈਂਟਰ ਅਤੇ ਯੂਐਸ ਇੰਸਟੀਚਿਊਟ ਆਫ਼ ਪੀਸ 'ਤੇ ਟਰੰਪ ਦਾ ਨਾਮ ਲਗਾਉਣ ਦੀਆਂ ਕੋਸ਼ਿਸ਼ਾਂ ਵੀ ਇਸ ਵਿੱਚ ਸ਼ਾਮਲ ਹਨ।

**ਜੀਵਤ ਰਾਸ਼ਟਰਪਤੀ ਦੀ ਤਸਵੀਰ ਵਾਲੇ ਸਿੱਕੇ 'ਤੇ ਕਾਨੂੰਨ ਕੀ ਕਹਿੰਦਾ?**

ਇਸ ਸਿੱਕੇ ਨੂੰ ਲੈ ਕੇ ਇਤਰਾਜ਼ ਕਰਨ ਵਾਲਿਆਂ ਦੀ ਮੁੱਖ ਦਲੀਲ ਅਮਰੀਕੀ ਸੰਘੀ ਕਾਨੂੰਨ ਨਾਲ ਜੁੜੀ ਹੈ। ਆਮ ਤੌਰ 'ਤੇ ਅਮਰੀਕੀ ਮੁਦਰਾ 'ਤੇ ਕਿਸੇ ਜੀਵਤ ਰਾਸ਼ਟਰਪਤੀ ਦੀ ਤਸਵੀਰ ਲਗਾਉਣ 'ਤੇ ਪਾਬੰਦੀ ਹੈ। ਹਾਲਾਂਕਿ, ਕੁਝ ਖਾਸ ਹਾਲਾਤਾਂ ਵਿੱਚ ਅਮਰੀਕੀ ਟ੍ਰੇਜ਼ਰੀ ਸੈਕਰੇਟਰੀ ਨੂੰ ਵਿਸ਼ੇਸ਼ ਸਿੱਕੇ ਜਾਰੀ ਕਰਨ ਅਤੇ ਉਨ੍ਹਾਂ ਦੀ ਢਲਾਈ ਦੀ ਮਨਜ਼ੂਰੀ ਦੇਣ ਦਾ ਅਧਿਕਾਰ ਹੁੰਦਾ ਹੈ। ਇਸੇ ਕਾਰਨ ਕਾਨੂੰਨੀ ਸਵਾਲਾਂ ਦੇ ਬਾਵਜੂਦ ਇਹ ਸਿੱਕਾ ਸਮਾਰਕ ਸਿੱਕੇ ਵਜੋਂ ਜਾਰੀ ਕੀਤਾ ਗਿਆ ਹੈ।

**ਸਿੱਕੇ 'ਤੇ ਕੀ ਲਿਖਿਆ ਹੈ?**

ਯੂਐਸ ਮਿੰਟ ਮੁਤਾਬਕ ਇਹ ਸਿੱਕਾ ਅਮਰੀਕਾ ਦੀ 250 ਸਾਲ ਪੁਰਾਣੀ ਵਿਰਾਸਤ ਨੂੰ ਸਨਮਾਨ ਦੇਣ ਲਈ ਤਿਆਰ ਕੀਤਾ ਗਿਆ ਹੈ। ਟਰੰਪ ਦੇ ਚਿਹਰੇ ਦੇ ਉੱਪਰ ਗੋਲਾਈ ਵਿੱਚ 'LIBERTY' ਲਿਖਿਆ ਹੈ, ਜਦਕਿ ਹੇਠਾਂ '1776-2026' ਦਰਜ ਹੈ। ਦੂਜੇ ਪਾਸੇ ਅਮਰੀਕਾ ਦੀ 'ਗ੍ਰੇਟ ਸੀਲ' ਹੈ, ਜਿਸ ਵਿੱਚ ਇੱਕ ਬਾਲਡ ਈਗਲ ਬਣਿਆ ਹੈ। ਬਾਜ਼ ਦੇ ਇੱਕ ਪੰਜੇ ਵਿੱਚ ਤੀਰ ਅਤੇ ਦੂਜੇ ਵਿੱਚ ਜੈਤੂਨ ਦੀ ਟਾਹਣੀ ਹੈ। ਉਸਦੀ ਚੁੰਝ ਵਿੱਚ ਰਿਬਨ ਹੈ, ਜਿਸ 'ਤੇ ਲਾਤੀਨੀ ਸ਼ਬਦ 'E PLURIBUS UNUM' ਲਿਖੇ ਹਨ, ਜਿਸਦਾ ਅਰਥ ਹੈ 'ਅਨੇਕਾਂ ਵਿੱਚੋਂ ਇੱਕ'।

**25 ਸਿੱਕਿਆਂ ਦਾ ਰੋਲ 61 ਡਾਲਰ**

ਯੂਐਸ ਮਿੰਟ ਮੁਤਾਬਕ 25 ਸਿੱਕਿਆਂ ਦੇ ਇੱਕ ਰੋਲ ਦੀ ਕੀਮਤ 61 ਡਾਲਰ ਰੱਖੀ ਗਈ ਹੈ। ਉੱਥੇ ਹੀ 100 ਸਿੱਕਿਆਂ ਵਾਲੇ ਬੈਗ ਦੀ ਕੀਮਤ 154.50 ਡਾਲਰ ਹੈ। ਖਾਸ ਗੱਲ ਇਹ ਹੈ ਕਿ ਕੁਝ ਵਿਸ਼ੇਸ਼ ਸਿੱਕੇ ਇਨ੍ਹਾਂ ਰੋਲ ਅਤੇ ਬੈਗ ਵਿੱਚ ਬੇਤਰਤੀਬ ਤਰੀਕੇ ਨਾਲ ਰੱਖੇ ਗਏ ਹਨ। ਇਨ੍ਹਾਂ 'ਤੇ 'ਜੁਲਾਈ 4' ਲਿਖਿਆ ਹੋਵੇਗਾ। ਇਹ ਸਿੱਕੇ 4 ਜੁਲਾਈ ਨੂੰ ਢਾਲੇ ਗਏ ਸਨ, ਜੋ ਅਮਰੀਕਾ ਦੀ ਆਜ਼ਾਦੀ ਦੀ ਘੋਸ਼ਣਾ ਦੀ ਵਰ੍ਹੇਗੰਢ ਹੈ। ਇਹ ਸਿੱਕੇ ਕਾਨੂੰਨੀ ਮੁਦਰਾ ਹਨ ਅਤੇ ਭੁਗਤਾਨ ਲਈ ਵੀ ਵਰਤੇ ਜਾ ਸਕਦੇ ਹਨ।

# ਪੇਜ ਇੱਕ ਦੀ ਬਾਕੀ

## ਅਮਰੀਕਾ ਨੇ ਇਰਾਨ...

ਆਫ਼ ਹੋਰਮੁਜ਼' 'ਤੇ ਲਗਭਗ ਪੂਰਾ ਕੰਟਰੋਲ ਹੈ ਅਤੇ ਇਰਾਨ ਦੀ ਆਰਥਿਕਤਾ ਡਿੱਗ ਰਹੀ ਹੈ।

## ਨੇਪਾਲ ਅਤੇ ਤਿੱਬਤ...

ਜਦੋਂ ਪਿਛਲੇ ਹਫ਼ਤੇ ਆਏ ਅਚਾਨਕ ਹੜ੍ਹਾਂ ਦੌਰਾਨ ਲਾਪਤਾ ਹੋਏ ਲੋਕਾਂ ਲਈ ਉਨ੍ਹਾਂ ਦੇ ਪਰਿਵਾਰਾਂ ਵੱਲੋਂ ਪ੍ਰਤੀਕਾਤਮਕ ਅੰਤਿਮ ਸਸਕਾਰ ਕੀਤੇ ਜਾ ਰਹੇ ਹਨ।

ਇਸ ਤਬਾਹੀ ਵਿੱਚ 583 ਵਿਦੇਸ਼ੀ ਨਾਗਰਿਕ ਲਾਪਤਾ ਹਨ। ਨੇਪਾਲੀ ਫੌਜ ਅਤੇ ਸੁਰੱਖਿਆ ਬਲਾਂ ਨੇ ਹੁਣ ਤੱਕ ਹੈਲੀਕਾਪਟਰਾਂ ਅਤੇ ਜ਼ਮੀਨੀ ਰਸਤਿਆਂ ਰਾਹੀਂ 11,993 ਲੋਕਾਂ ਨੂੰ ਬਚਾਇਆ ਹੈ। ਖੋਜ ਅਤੇ ਬਚਾਅ ਕਾਰਜਾਂ ਵਿੱਚ ਲਗਭਗ 21,314 ਸੁਰੱਖਿਆ ਕਰਮਚਾਰੀ ਤਾਇਨਾਤ ਹਨ। ਨੇਪਾਲ ਸਰਹੱਦ ਨੇੜੇ ਤਿੱਬਤ ਦੇ ਗਯਿਰੋਂਗ ਕਾਉਂਟੀ ਵਿੱਚ ਅਚਾਨਕ ਆਏ ਹੜ੍ਹ ਕਾਰਨ ਚੀਨ ਵਾਲੇ ਪਾਸੇ ਮਰਨ ਵਾਲਿਆਂ ਦੀ ਗਿਣਤੀ ਵੱਧ ਕੇ 21 ਹੋ ਗਈ ਹੈ, ਜਦਕਿ 541 ਲੋਕ ਅਜੇ ਵੀ ਲਾਪਤਾ ਹਨ।

ਏਸ਼ੀਅਨ ਡਿਵੈਲਪਮੈਂਟ ਬੈਂਕ, ਵਿਸ਼ਵ ਬੈਂਕ, ਯੂਰਪੀ ਸੰਘ ਅਤੇ ਸੰਯੁਕਤ ਰਾਸ਼ਟਰ ਸਮੇਤ ਅੰਤਰਰਾਸ਼ਟਰੀ ਵਿਕਾਸ ਭਾਈਵਾਲਾਂ ਨੇ ਨੇਪਾਲ ਨੂੰ ਸਹਾਇਤਾ ਦੇਣ ਦਾ ਵਾਅਦਾ ਕੀਤਾ ਹੈ। ਪਣ-ਬਿਜਲੀ ਪ੍ਰੋਜੈਕਟ ਵਾਲੀਆਂ ਥਾਵਾਂ 'ਤੇ ਬਚਾਅ ਕਾਰਜਾਂ ਲਈ ਭਾਰਤ, ਚੀਨ ਅਤੇ ਦੱਖਣੀ ਕੋਰੀਆ ਦੀਆਂ ਮਾਹਰ ਟੀਮਾਂ ਤਾਇਨਾਤ ਕੀਤੀਆਂ ਗਈਆਂ ਹਨ।

## ਅਮਰੀਕਾ 'ਚ ਜਨਮ...

ਜੱਜ ਬੋਰਡਮੈਨ ਨੇ ਆਪਣੇ 35 ਪੰਨਿਆਂ ਦੇ ਫੈਸਲੇ ਵਿੱਚ ਕਿਹਾ ਕਿ ਇਸ ਮਾਮਲੇ ਨਾਲ ਜੁੜੇ ਬੱਚਿਆਂ ਨੂੰ ਜਨਮ ਦੇ ਸਮੇਂ ਹੀ ਅਮਰੀਕੀ ਨਾਗਰਿਕ ਮੰਨਿਆ ਜਾਂਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਟਰੰਪ ਦਾ 6 ਅਗਸਤ ਵਾਲਾ ਹੁਕਮ ਲਗਭਗ ਨਿਸ਼ਚਿਤ ਤੌਰ 'ਤੇ ਅਮਰੀਕੀ ਸੰਵਿਧਾਨ ਦੇ ਖ਼ਿਲਾਫ਼ ਹੈ। ਪ੍ਰਵਾਸੀਆਂ ਦੇ ਹੱਕਾਂ ਲਈ ਕੰਮ ਕਰਨ ਵਾਲੀਆਂ ਸੰਸਥਾਵਾਂ ਨੇ ਅਦਾਲਤ ਦੇ ਇਸ ਫੈਸਲੇ ਦਾ ਸਵਾਗਤ ਕੀਤਾ। ਮੈਰੀਲੈਂਡ ਦੀ ਸੰਸਥਾ 'ਵੀ ਆਰ ਕਾਸਾ' ਦੀ ਲੀਗਲ ਡਾਇਰੈਕਟਰ ਸ਼ਾਨਾ ਖ਼ਦਰ ਨੇ ਕਿਹਾ ਕਿ ਜਨਮ ਦੇ ਆਧਾਰ 'ਤੇ ਨਾਗਰਿਕਤਾ ਨੂੰ ਸੀਮਤ ਕਰਨ ਦੀ ਕੋਸ਼ਿਸ਼ ਵਿੱਚ ਟਰੰਪ ਸਰਕਾਰ ਨੂੰ ਇਸ ਅਦਾਲਤ ਅਤੇ ਇਸ ਤੋਂ ਪਹਿਲਾਂ ਸੁਪਰੀਮ ਕੋਰਟ ਵਿੱਚ ਵੀ ਹਾਰ ਦਾ ਸਾਹਮਣਾ ਕਰਨਾ ਪਿਆ ਹੈ।

**ਟਰੰਪ ਪਹਿਲਾਂ ਵੀ ਕਰ ਚੁੱਕੇ ਹਨ ਕੋਸ਼ਿਸ਼**

ਟਰੰਪ ਸਰਕਾਰ ਪਹਿਲਾਂ ਵੀ ਅਮਰੀਕਾ ਵਿੱਚ ਜਨਮ ਲੈਣ ਵਾਲੇ ਬੱਚਿਆਂ ਦੀ ਨਾਗਰਿਕਤਾ ਨੂੰ ਸੀਮਤ ਕਰਨ ਲਈ ਕਾਰਜਕਾਰੀ ਹੁਕਮ ਲਿਆ ਚੁੱਕੀ ਹੈ। ਇਸ ਹੁਕਮ ਵਿੱਚ ਕਿਹਾ ਗਿਆ ਸੀ ਕਿ ਅਮਰੀਕਾ ਵਿੱਚ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਜਾਂ ਅਸਥਾਈ ਵੀਜ਼ੇ 'ਤੇ ਆਏ ਮਾਪਿਆਂ ਦੇ ਇੱਥੇ ਜਨਮ ਲੈਣ ਵਾਲੇ ਬੱਚਿਆਂ ਨੂੰ ਆਪਣੇ ਆਪ ਅਮਰੀਕੀ ਨਾਗਰਿਕਤਾ ਨਹੀਂ ਮਿਲੇਗੀ। ਹੇਠਲੀਆਂ ਅਦਾਲਤਾਂ ਨੇ ਇਸ ਕੋਸ਼ਿਸ਼ ਨੂੰ ਰੋਕ ਦਿੱਤਾ ਸੀ। ਅਦਾਲਤਾਂ ਨੇ 14ਵੀਂ ਸੰਵਿਧਾਨਕ ਸੋਧ ਦੇ ਨਾਗਰਿਕਤਾ ਸਬੰਧੀ ਨਿਯਮਾਂ ਦਾ ਹਵਾਲਾ ਦਿੰਦਿਆਂ ਕਿਹਾ ਸੀ ਕਿ ਅਮਰੀਕੀ ਧਰਤੀ 'ਤੇ ਜਨਮ ਲੈਣ ਵਾਲੇ ਲਗਭਗ ਹਰ ਵਿਅਕਤੀ ਨੂੰ ਅਮਰੀਕੀ ਨਾਗਰਿਕ ਮੰਨਿਆ ਜਾਂਦਾ ਹੈ। ਸੁਪਰੀਮ ਕੋਰਟ ਵੀ ਇਸ ਗੱਲ ਨਾਲ ਸਹਿਮਤ ਹੋਈ ਸੀ। ਟਰੰਪ ਦੀ ਜਨਮ ਦੇ ਆਧਾਰ 'ਤੇ ਮਿਲਣ ਵਾਲੀ ਨਾਗਰਿਕਤਾ ਨੂੰ ਸੀਮਤ ਕਰਨ ਦੀ ਕੋਸ਼ਿਸ਼ ਉਨ੍ਹਾਂ ਦੀ ਵੱਡੀ ਇਮੀਗ੍ਰੇਸ਼ਨ ਮੁਹਿੰਮ ਦਾ ਹਿੱਸਾ ਹੈ। ਇਸ ਮੁਹਿੰਮ ਵਿੱਚ ਬਿਨਾਂ ਕਾਨੂੰਨੀ ਦਸਤਾਵੇਜ਼ਾਂ ਵਾਲੇ ਲੱਖਾਂ ਪ੍ਰਵਾਸੀਆਂ ਨੂੰ ਅਮਰੀਕਾ ਤੋਂ ਬਾਹਰ ਕੱਢਣਾ ਅਤੇ ਇੱਕ ਦਰਜਨ ਤੋਂ ਵੱਧ ਦੇਸ਼ਾਂ ਦੇ ਨਾਗਰਿਕਾਂ ਨੂੰ ਮਿਲੀ ਕਾਨੂੰਨੀ ਸੁਰੱਖਿਆ ਹਟਾਉਣ ਦੀਆਂ ਕੋਸ਼ਿਸ਼ਾਂ ਵੀ ਸ਼ਾਮਲ ਹਨ।

## ਕੈਨੇਡਾ ਦੇ ਵਰਕ...

ਨਾ ਹੋਣ ਕਰ ਕੇ ਬੱਚਿਆਂ ਨੂੰ ਪੜ੍ਹਾਈ ਮਗਰੋਂ ਵਰਕ ਪਰਮਿਟ ਨਹੀਂ ਮਿਲ ਰਿਹਾ। ਸੁਖਵਿੰਦਰ ਕੌਰ ਦਾ ਕਹਿਣਾ ਸੀ ਕਿ ਇਕ ਪਾਸੇ ਉਨ੍ਹਾਂ ਦੀ ਬੇਟੀ ਦੇ ਦੋ ਸਾਲ ਖ਼ਰਾਬ ਹੋ ਗਏ ਅਤੇ ਦੂਜੇ ਪਾਸੇ ਲੱਖਾਂ ਰੁਪਏ ਬਰਬਾਦ ਹੋ ਚੁੱਕੇ ਹਨ। ਹੁਣ ਪੀੜਤ ਪਰਵਾਰਾਂ ਵੱਲੋਂ ਇੰਮੀਗ੍ਰੇਸ਼ਨ ਫ਼ਰਮ ਅਤੇ ਏਜੰਟ ਵਿਰੁੱਧ ਅਦਾਲਤ ਵਿਚ ਜਾਣ 'ਤੇ ਵਿਚਾਰ ਕੀਤਾ ਜਾ ਰਿਹਾ ਹੈ। ਪੀੜਤ ਲੋਕਾਂ ਨੇ ਇਹ ਵੀ ਕਿਹਾ ਕਿ ਇੰਮੀਗ੍ਰੇਸ਼ਨ ਫ਼ਰਮ ਜਾਂ ਏਜੰਟ ਵੱਲੋਂ ਕੋਈ ਹੁੰਗਾਰਾ ਨਹੀਂ ਦਿਤਾ ਜਾ ਰਿਹਾ ਹੈ ਅਤੇ ਨਾ ਹੀ ਮਿਲਣ ਵਾਸਤੇ ਸਮਾਂ ਦਿੰਦੇ ਹਨ।

ਦੂਜੇ ਪਾਸੇ ਪਿਰਾਮਿਡ ਈ ਸਰਵਿਸਿਜ਼ ਵਿਰੁੱਧ ਆਸਟ੍ਰੇਲੀਆ ਵੀਜ਼ਾ ਦੇ ਨਾਂ 'ਤੇ ਸਾਢੇ ਛੇ ਲੱਖ ਰੁਪਏ ਹੜੱਪਣ ਦੇ ਦੋਸ਼ ਵੱਖਰੇ ਤੌਰ 'ਤੇ ਲੱਗੇ। ਰੋਜ਼ ਮੁਜ਼ਾਹਰੇ ਵਿਚ ਸ਼ਾਮਲ ਨਵਨੀਤ ਕੁਮਾਰ ਨੇ ਦੋਸ਼ ਲਾਇਆ ਕਿ ਉਸ ਨੇ ਆਸਟ੍ਰੇਲੀਆ ਦੇ ਵੀਜ਼ੇ ਲਈ 2024 ਵਿਚ ਰਕਮ ਦਿਤੀ ਸੀ ਪਰ ਅੱਜ ਤੱਕ ਲਾਰਿਆਂ ਤੋਂ ਸਿਵਾਏ ਕੁਝ ਨਹੀਂ ਮਿਲਿਆ। ਦੱਸਿਆ ਜਾ ਰਿਹਾ ਹੈ ਕਿ ਜਲੰਧਰ ਦਾ ਇਹ ਧਰਨਾ ਸਿਰਫ਼ ਇਕ ਇੰਮੀਗ੍ਰੇਸ਼ਨ ਸਲਾਹਕਾਰ ਫ਼ਰਮ ਜਾਂ ਏਜੰਟ ਵਿਰੁੱਧ ਨਹੀਂ ਸਗੋਂ ਵੱਡੀ ਗਿਣਤੀ ਵਿਚ ਠੱਗ ਇੰਮੀਗ੍ਰੇਸ਼ਨ ਸਲਾਹਕਾਰਾਂ ਵਿਰੁੱਧ ਹਰੀ ਸਿੰਘ ਨਲੂਆ ਫ਼ੈਡਰੇਸ਼ਨ ਦੇ ਸਹਿਯੋਗ ਨਾਲ ਲਾਇਆ ਗਿਆ।

## ਕੈਨੇਡਾ ਵਿੱਚ ਸਤੰਬਰ...

ਲਈ ਅਰਜ਼ੀ ਦੇਣਾ ਵਧੇਰੇ ਮਹਿੰਗਾ ਕਰ ਦਿੱਤਾ ਹੈ ਅਤੇ ਅਸਥਾਈ ਨਿਵਾਸੀਆਂ ਦੀ ਗਿਣਤੀ ਘੱਟ ਰੱਖੀ ਹੈ।

ਇਮੀਗ੍ਰੇਸ਼ਨ, ਰਿਫਿਊਜੀਜ਼ ਐਂਡ ਸਿਟੀਜ਼ਨਸ਼ਿਪ ਕੈਨੇਡਾ (IRCC) ਨੇ ਹੁਣ ਕਿਊਬਿਕ ਤੋਂ ਬਾਹਰ ਪੜ੍ਹਾਈ ਲਈ ਪਰਮਿਟ ਵਾਸਤੇ ਅਰਜ਼ੀ ਦੇਣ ਵਾਲੇ ਵਿਦਿਆਰਥੀਆਂ (ਜੋ 1 ਸਤੰਬਰ ਜਾਂ ਉਸ ਤੋਂ ਬਾਅਦ ਅਰਜ਼ੀ ਦੇ ਰਹੇ ਹਨ) ਲਈ ਰਿਹਾਇਸ਼ੀ ਖਰਚਿਆਂ ਵਜੋਂ 23,448 ਡਾਲਰ ਦੀ ਰਕਮ ਦਿਖਾਉਣਾ ਲਾਜ਼ਮੀ ਕਰ ਦਿੱਤਾ ਹੈ। ਇਹ ਰਕਮ ਪਹਿਲਾਂ ਦੇ 22,895 ਡਾਲਰ ਦੇ ਮੁਕਾਬਲੇ ਵਧਾ ਦਿੱਤੀ ਗਈ ਹੈ। ਵਿਦਿਆਰਥੀਆਂ ਨੂੰ ਇਸ ਤੋਂ ਇਲਾਵਾ ਟਿਊਸ਼ਨ ਫੀਸ ਅਤੇ ਯਾਤਰਾ ਲਈ ਵੀ ਲੋੜੀਂਦੇ ਪੈਸੇ ਹੋਣ ਦਾ ਸਬੂਤ ਦੇਣਾ ਪਵੇਗਾ।

ਸਰਕਾਰ ਦੀ 2026-2028 ਦੀ ਯੋਜਨਾ ਇਸ ਸਾਲ ਨਵੇਂ ਅਸਥਾਈ ਨਿਵਾਸੀਆਂ ਨੂੰ 385,000 ਤੱਕ ਸੀਮਤ ਕਰਦੀ ਹੈ। ਇਨ੍ਹਾਂ ਵਿੱਚੋਂ ਸਿਰਫ਼ 155,000 ਨਵੇਂ ਅੰਤਰਰਾਸ਼ਟਰੀ ਵਿਦਿਆਰਥੀ ਹੋ ਸਕਦੇ ਹਨ। ਆਈ ਆਰ ਸੀ ਸੀ ਦਾ ਕਹਿਣਾ ਹੈ ਕਿ ਇਸ ਦਾ ਉਦੇਸ਼ 2027 ਦੇ ਅੰਤ ਤੱਕ ਕੈਨੇਡਾ ਦੀ ਆਬਾਦੀ ਦੇ 5 ਫੀਸਦੀ ਤੋਂ ਘੱਟ ਅਸਥਾਈ ਨਿਵਾਸੀਆਂ ਦੀ ਕੁੱਲ ਸੰਖਿਆ ਨੂੰ ਲਿਆਉਣਾ ਹੈ।

**ਐਕਸਪ੍ਰੈਸ ਐਂਟਰੀ ਡਰਾਅ: 2,000 ਉਮੀਦਵਾਰਾਂ ਨੂੰ ਮਿਲਿਆ ਸੱਦਾ**

1 ਸਤੰਬਰ ਨੂੰ, ਆਈ.ਆਰ.ਸੀ.ਸੀ. ਨੇ ਇੱਕ ਕੈਨੇਡੀਅਨ ਐਕਸਪੀਰੀਅੰਸ ਕਲਾਸ ਐਕਸਪ੍ਰੈਸ ਐਂਟਰੀ ਡਰਾਅ ਆਯੋਜਿਤ ਕੀਤਾ ਅਤੇ 2,000 ਲੋਕਾਂ ਨੂੰ ਸੱਦਾ ਦਿੱਤਾ ਜਿਨ੍ਹਾਂ ਕੋਲ ਪਹਿਲਾਂ ਹੀ ਕੈਨੇਡੀਅਨ ਕੰਮ ਦਾ ਤਜਰਬਾ ਹੈ। ਇਸ ਲਈ ਸਭ ਤੋਂ ਘੱਟ ਸਕੋਰ 521 ਪੁਆਇੰਟ ਲੋੜੀਂਦਾ ਸੀ।

ਰੈਗੂਲੇਟਡ ਕੈਨੇਡੀਅਨ ਇਮੀਗ੍ਰੇਸ਼ਨ ਸਲਾਹਕਾਰ ਜੁਗਰਾਜ ਸਿੰਘ ਰੰਧਾਵਾ ਨੇ ਡਰਾਅ ਬਾਰੇ ਐਕਸ (X) 'ਤੇ ਪੋਸਟ ਕੀਤਾ: "ਸਤੰਬਰ 1, 2026 ਐਕਸਪ੍ਰੈਸ ਐਂਟਰੀ ਸੀ.ਈ.ਸੀ. ਡਰਾਅ: ਸੀ.ਆਰ.ਐਸ. 521 'ਤੇ 2,000 ਆਈ.ਟੀ.ਏ." ਇੱਕ ਹੋਰ ਸਲਾਹਕਾਰ, ਪਰੁਨ ਉਪਨੇਜਾ ਨੇ ਵੀ ਐਕਸ 'ਤੇ ਵੇਰਵੇ ਸਾਂਝੇ ਕੀਤੇ, ਲਿਖਿਆ ਕਿ ਕੱਟ-ਆਫ 521 ਸੀ ਅਤੇ ਸਕੋਰ ਦੇ ਨੇੜੇ ਦੇ ਲੋਕਾਂ ਨੂੰ ਆਪਣੇ ਪ੍ਰੋਫਾਈਲਾਂ ਦੀ ਧਿਆਨ ਨਾਲ ਜਾਂਚ ਕਰਨ ਦੀ ਸਲਾਹ ਦਿੱਤੀ।

**ਪਹਿਲਾਂ ਤੋਂ ਕੰਮ ਕਰ ਰਹੇ ਵਰਕਰਾਂ ਲਈ ਸੀਮਤ ਮੌਕੇ**

ਕੈਨੇਡਾ ਵਿੱਚ ਪਹਿਲਾਂ ਤੋਂ ਕੰਮ ਕਰ ਰਹੇ ਕੁਝ ਵਰਕਰਾਂ ਲਈ ਇੱਕ ਸੀਮਤ ਮੌਕਾ ਹੈ। ਸਰਕਾਰ ਨੇ 2026 ਅਤੇ 2027 ਵਿੱਚ 33,000 ਤੱਕ ਦੇ ਅਸਥਾਈ ਵਰਕਰਾਂ ਨੂੰ ਸਥਾਈ ਨਿਵਾਸੀ ਦੇਣ ਲਈ ਇੱਕ ਵਿਸ਼ੇਸ਼ ਇੱਕ ਵਾਰ ਦਾ ਪ੍ਰੋਗਰਾਮ ਤਿਆਰ ਕੀਤਾ ਹੈ। ਇਹ ਉਹ ਲੋਕ ਹਨ ਜਿਨ੍ਹਾਂ ਕੋਲ ਪਹਿਲਾਂ ਹੀ ਨੌਕਰੀਆਂ ਹਨ, ਟੈਕਸ ਅਦਾ ਕਰਦੇ ਹਨ, ਅਤੇ ਉਨ੍ਹਾਂ ਭਾਈਚਾਰਿਆਂ ਵਿੱਚ ਰਹਿ ਰਹੇ ਹਨ ਜਿਨ੍ਹਾਂ ਨੂੰ ਵਰਕਰਾਂ ਦੀ ਲੋੜ ਹੈ।

**ਪੰਜਾਬੀ ਪਰਿਵਾਰਾਂ ਅਤੇ ਨੌਜਵਾਨਾਂ ਸਾਹਮਣੇ ਵਧੀ ਅਨਿਸ਼ਚਿਤਤਾ**

ਪੰਜਾਬੀ ਪਰਿਵਾਰਾਂ ਲਈ, ਤਬਦੀਲੀਆਂ ਦਾ ਮਤਲਬ ਨਵੇਂ ਵਿਦਿਆਰਥੀਆਂ ਲਈ ਵੱਧ ਖਰਚੇ ਅਤੇ ਘੱਟ ਸੀਟਾਂ ਹਨ। ਜੋ ਲੋਕ ਪਹਿਲਾਂ ਹੀ ਕੈਨੇਡਾ ਵਿੱਚ ਕੰਮ ਕਰ ਰਹੇ ਹਨ, ਉਨ੍ਹਾਂ ਕੋਲ ਅਜੇ ਵੀ ਬਿਹਤਰ ਮੌਕਾ ਹੈ ਜੇ ਉਨ੍ਹਾਂ ਦਾ ਸਕੋਰ ਕਾਫ਼ੀ ਉੱਚਾ ਹੈ ਜਾਂ ਜੇ ਉਹ ਵਿਸ਼ੇਸ਼ ਵਰਕਰ ਪ੍ਰੋਗਰਾਮ ਲਈ ਯੋਗ ਹਨ। ਪਰ ਘੱਟ ਸਕੋਰ ਵਾਲੇ ਜਾਂ ਮਿਆਦ ਪੁੱਗਣ ਵਾਲੇ ਪਰਮਿਟ ਵਾਲੇ ਬਹੁਤ ਸਾਰੇ ਲੋਕਾਂ ਨੂੰ ਵਧੇਰੇ ਅਨਿਸ਼ਚਿਤਤਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

## ਸਪੇਨ ਨੇੜੇ ਪਰਵਾਸੀਆਂ...

ਨੂੰ ਤੁਰੰਤ ਹੈਲੀਕਾਪਟਰ ਰਾਹੀਂ ਹਸਪਤਾਲ ਪਹੁੰਚਾਇਆ ਗਿਆ, ਜਦਕਿ ਬਾਕੀ 41 ਪਰਵਾਸੀਆਂ ਨੂੰ ਕਿਸ਼ਤੀ ਰਾਹੀਂ ਸੁਰੱਖਿਅਤ ਕੱਢ ਕੇ ਬੰਦਰਗਾਹ ਲਿਆਂਦਾ ਗਿਆ, ਜਿੱਥੇ ਰੈੱਡ ਕਰਾਸ ਵੱਲੋਂ ਉਨ੍ਹਾਂ ਦੀ ਦੇਖਭਾਲ ਕੀਤੀ ਗਈ। ਰੈੱਡ ਕਰਾਸ ਦੇ ਬੁਲਾਰੇ ਜੋਸ ਐਂਟੋਨੀਓ ਰੋਡਰਿਗਜ਼ ਵੇਰੋਨਾ ਨੇ ਦੱਸਿਆ ਕਿ ਸਾਰੇ ਬਚੇ ਹੋਏ ਲੋਕ ਮਾਲੀ ਜਾਂ ਸੇਨੇਗਲ ਤੋਂ ਸਨ।

ਰੈੱਡ ਕਰਾਸ ਨਾਲ ਫ਼ੋਨ 'ਤੇ ਗੱਲਬਾਤ ਕਰਦਿਆਂ ਬੁਲਾਰੇ ਨੇ ਦੱਸਿਆ ਕਿ ਬਚੇ ਹੋਏ ਪਰਵਾਸੀ ਬਿਮਾਰ ਹਨ ਤੇ ਕਈ ਲੋਕ ਜ਼ਮੀਨ 'ਤੇ ਪਹੁੰਚਦਿਆਂ ਹੀ ਡਿੱਗ ਪਏ ਜਾਂ ਉਲਟੀਆਂ ਕਰਨ ਲੱਗੇ। ਪਰਵਾਸੀਆਂ ਨੇ ਦੱਸਿਆ ਕਿ ਉਹ ਗੈਂਬੀਆ ਤੋਂ ਚੱਲੇ ਸਨ ਅਤੇ ਕਈ ਹਫ਼ਤਿਆਂ (ਕਰੀਬ ਇੱਕ ਮਹੀਨਾ) ਤੋਂ ਸਮੁੰਦਰ ਵਿੱਚ ਫਸੇ ਹੋਏ ਸਨ। ਖਾਣ-ਪੀਣ ਦਾ ਸਾਮਾਨ ਖ਼ਤਮ ਹੋਣ ਕਾਰਨ ਉਨ੍ਹਾਂ ਨੂੰ ਸਮੁੰਦਰੀ ਪਾਣੀ ਪੀਣਾ ਪਿਆ ਜਿਸ ਨਾਲ ਉਹ ਬਿਮਾਰ ਹੋ ਗਏ।

**ਅਫਰੀਕਾ ਤੋਂ ਸਪੇਨ ਜਾਣ ਦਾ ਰਸਤਾ ਬਹੁਤ ਔਖਾ**

ਪਰਵਾਸੀਆਂ ਨੇ ਇਹ ਵੀ ਦੱਸਿਆ ਕਿ ਸ਼ੁਰੂ ਵਿੱਚ ਕਿਸ਼ਤੀ ਵਿੱਚ 100 ਤੋਂ ਵੱਧ ਲੋਕ ਸਵਾਰ ਸਨ, ਜਿਨ੍ਹਾਂ ਵਿੱਚ ਔਰਤਾਂ ਅਤੇ ਇੱਕ ਬੱਚਾ ਵੀ ਸ਼ਾਮਲ ਸੀ। ਸਫ਼ਰ ਦੌਰਾਨ ਜਿਵੇਂ-ਜਿਵੇਂ ਲੋਕਾਂ ਦੀ ਮੌਤ ਹੁੰਦੀ ਗਈ, ਉਨ੍ਹਾਂ ਦੀਆਂ ਲਾਸ਼ਾਂ ਨੂੰ ਸਮੁੰਦਰ ਵਿੱਚ ਸੁੱਟ ਦਿੱਤਾ ਜਾਂਦਾ ਰਿਹਾ ਪਰ ਬਾਅਦ ਵਿਚ ਲਾਸ਼ਾਂ ਨੂੰ ਸੁੱਟਣ ਦੀ ਵੀ ਤਾਕਤ ਨਹੀਂ ਬਚੀ। ਖ਼ਰਾਬ ਮੌਸਮ, ਤੇਜ਼ ਹਵਾਵਾਂ ਅਤੇ ਢਾਈ ਮੀਟਰ ਉੱਚੀਆਂ ਲਹਿਰਾਂ ਕਾਰਨ ਰਾਹਤ ਕਾਰਜਾਂ ਵਿਚ ਸਮੱਸਿਆ ਆਈ।

ਪੱਛਮੀ ਅਫ਼ਰੀਕੀ ਅੰਧ ਮਹਾਸਾਗਰ ਦਾ ਇਹ ਰਸਤਾ ਯੂਰਪ ਜਾਣ ਵਾਲੇ ਸਭ ਤੋਂ ਖ਼ਤਰਨਾਕ ਸਮੁੰਦਰੀ ਰਸਤਿਆਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ, ਜਿੱਥੇ ਪਿਛਲੇ ਕੁਝ ਸਾਲਾਂ ਵਿੱਚ ਹਜ਼ਾਰਾਂ ਲੋਕ ਆਪਣੀ ਜਾਨ ਗੁਆ ਚੁੱਕੇ ਹਨ।

## ਕੈਨੇਡਾ ਵੱਸਦੇ...

ਕੈਨੇਡਾ ਰਹਿੰਦੇ ਭਾਰਤੀ ਅਕਸਰ ਭਾਰਤ ਵਿੱਚ ਆਪਣੇ ਪਰਿਵਾਰਾਂ ਨੂੰ ਪੈਸਾ ਭੇਜਦੇ ਹਨ। UPI ਆਧਾਰਿਤ ਪ੍ਰਬੰਧ ਨਾਲ ਇਹ ਪ੍ਰਕਿਰਿਆ ਤੇਜ਼, ਪਾਰਦਰਸ਼ੀ ਅਤੇ ਘੱਟ ਖਰਚ ਵਾਲੀ ਹੋ ਸਕਦੀ ਹੈ। ਵਿਦਿਆਰਥੀਆਂ ਦੇ ਪਰਿਵਾਰਾਂ ਲਈ ਫੀਸ, ਕਿਰਾਏ ਜਾਂ ਐਮਰਜੈਂਸੀ ਸਮੇਂ ਪੈਸਾ ਭੇਜਣਾ ਵੀ ਆਸਾਨ ਹੋ ਸਕਦਾ ਹੈ।

**ਕਾਰੋਬਾਰੀਆਂ ਲਈ ਵੀ ਮੌਕਾ**

ਕੈਨੇਡਾ ਵਿੱਚ ਪੰਜਾਬੀ ਵਪਾਰਕ ਭਾਈਚਾਰਾ ਵੀ ਮਜ਼ਬੂਤ ਹੈ। ਪੰਜਾਬੀ ਚੈਂਬਰ ਆਫ਼ ਕਾਮਰਸ ਦੇ ਨੈੱਟਵਰਕ ਨਾਲ 2,500 ਤੋਂ ਵੱਧ ਮੈਂਬਰ ਅਤੇ 200 ਤੋਂ ਜ਼ਿਆਦਾ ਕਾਰੋਬਾਰ ਜੁੜੇ ਹਨ। UPI ਰਾਹੀਂ ਭਾਰਤ ਤੋਂ ਸਮਾਨ ਖਰੀਦਣ, ਸੇਵਾਵਾਂ ਲਈ ਭੁਗਤਾਨ ਕਰਨ ਅਤੇ ਕਾਰੋਬਾਰੀ ਲੈਣ-ਦੇਣ ਵਿੱਚ ਸਹੂਲਤ ਮਿਲ ਸਕਦੀ ਹੈ। ਹਾਲਾਂਕਿ ਇਸ ਪ੍ਰਬੰਧ ਨੂੰ ਲਾਗੂ ਕਰਨ ਲਈ ਤਕਨਾਲੋਜੀ,ਨਿਯਮ-ਕਾਨੂੰਨ, ਸੁਰੱਖਿਆ ਅਤੇ ਵਿਦੇਸ਼ੀ ਮੁਦਰਾ ਨਾਲ ਜੁੜੇ ਮਸਲਿਆਂ 'ਤੇ ਦੋਵਾਂ ਦੇਸ਼ਾਂ ਨੂੰ ਕੰਮ ਕਰਨਾ ਪਵੇਗਾ। ਸੀਏ ਦਿਨੇਸ਼ ਸਰਨਾ ਮੁਤਾਬਕ ਇਸ ਨਾਲ ਪੰਜਾਬੀਆਂ ਦੇ ਪਰਿਵਾਰਾਂ ਅਤੇ ਕਾਰੋਬਾਰ ਦੋਵਾਂ ਨੂੰ ਲਾਭ ਹੋ ਸਕਦਾ ਹੈ ਅਤੇ ਇਹ ਭਾਰਤ ਦੀ ਡਿਜੀਟਲ ਭੁਗਤਾਨ ਪ੍ਰਣਾਲੀ ਦੇ ਵਿਸ਼ਵ ਪੱਧਰੀ ਵਿਸਥਾਰ ਵੱਲ ਇੱਕ ਮਹੱਤਵਪੂਰਨ ਕਦਮ ਹੋ ਸਕਦਾ ਹੈ।









# ਟੋਰਾਂਟੋ 'ਚ ਤੇਜ਼ ਹਨ੍ਹੇਰੀ ਅਤੇ ਮੋਹਲੇਧਾਰ ਮੀਂਹ ਦਾ ਕਹਿਰ

## ਬਿਜਲੀ ਬੰਦ ਅਤੇ ਰੇਲ ਆਵਾਜਾਈ ਪ੍ਰਭਾਵਿਤ



ਟੋਰਾਂਟੋ ਅਤੇ ਇਸ ਦੇ ਆਸ-ਪਾਸ ਦੇ ਇਲਾਕਿਆਂ ਵਿੱਚ ਬੁੱਧਵਾਰ ਸ਼ਾਮ ਨੂੰ ਹਨੇਰੀ ਅਤੇ ਮੀਂਹ ਨੇ ਵੱਡੇ ਪੱਧਰ 'ਤੇ ਪ੍ਰਭਾਵਿਤ ਕੀਤਾ। ਇਸ ਦੌਰਾਨ 125 ਕਿਲੋਮੀਟਰ ਪ੍ਰਤੀ ਘੰਟੇ ਤੋਂ ਵੱਧ ਦੀ ਤੇਜ਼ ਰਫ਼ਤਾਰ ਨਾਲ ਚੱਲੀ ਹਨ੍ਹੇਰੀ ਕਾਰਨ ਸੜਕਾਂ 'ਤੇ ਹਜ਼ਾਰਾਂ ਰੁੱਖ ਡਿੱਗ ਪਏ ਅਤੇ ਸੈਂਕੜੇ ਬਿਜਲੀ ਦੇ ਖੰਭੇ ਨੁਕਸਾਨੇ ਗਏ, ਜਿਸ ਕਾਰਨ 65 ਹਜ਼ਾਰ ਤੋਂ ਵੱਧ ਘਰਾਂ ਦੀ ਬਿਜਲੀ ਗੁੱਲ ਹੋ ਗਈ।

ਇਸ ਦੇ ਨਾਲ ਹੀ ਡੇਢ ਘੰਟੇ ਤੱਕ ਪਏ ਮੋਹਲੇਧਾਰ ਮੀਂਹ ਕਾਰਨ ਸੜਕਾਂ ਉੱਤੇ 3 ਤੋਂ 4 ਫੁੱਟ ਤੱਕ ਪਾਣੀ ਦੇ ਤੇਜ਼ ਵਹਾਅ ਚੱਲਣ ਲੱਗੇ, ਜਿਸ ਨਾਲ ਆਮ ਜਨਜੀਵਨ ਪੂਰੀ ਤਰ੍ਹਾਂ ਪ੍ਰਭਾਵਿਤ ਹੋਇਆ।

ਪਾਣੀ ਦੇ ਤੇਜ ਵਹਾਅ ਕਾਰਨ ਵੱਡੀ ਗਿਣਤੀ ਕਾਰਾਂ ਸੜਕਾਂ ਤੋਂ ਲਹਿ ਗਈਆਂ ਅਤੇ ਕਈ ਬੱਸਾਂ ਦੇ ਅੰਦਰ ਤੱਕ ਪਾਣੀ ਭਰ ਗਿਆ। ਜ਼ਿਕਰਯੋਗ ਹੈ ਕਿ ਮੌਸਮ ਵਿਭਾਗ ਵਲੋਂ ਇਸ ਬਾਰੇ ਪਹਿਲਾਂ ਹੀ ਚਿਤਾਵਨੀਆਂ ਜਾਰੀ ਕੀਤੀਆਂ ਗਈਆਂ ਸਨ। ਪਾਣੀ ਭਰਨ ਕਾਰਨ ਰੇਲਵੇ ਦੀਆਂ ਤਿੰਨ ਲਾਈਆਂ 'ਤੇ ਵੀ ਆਵਾਜਾਈ ਰੋਕਣੀ ਪਈ।

ਮੌਸਮੀ ਤਰਾਸਦੀ ਕਾਰਨ ਦੇਰ ਰਾਤ ਤੱਕ ਸਾਰੀਆਂ ਸੜਕਾਂ ਉੱਤੇ ਆਵਾਜਾਈ ਬਹਾਲ ਹੋ ਸਕੀ ਤੇ ਨਾ ਹੀ ਬਿਜਲੀ ਚਾਲੂ ਹੋ ਸਕੀ।

ਇਸ ਦੌਰਾਨ ਕੇਂਦਰੀ ਟਰਾਂਟੋ ਤੋਂ ਬਾਹਰਲੇ ਖੇਤਰਾਂ ਵਿੱਚ ਨੁਕਸਾਨ ਤੋਂ ਬਚਾਅ ਰਿਹਾ। ਜਾਣਕਾਰੀ ਅਨੁਸਾਰ ਕਈ ਖੇਤਰਾਂ ਵਿੱਚ ਵੱਡੇ ਗੜ੍ਹੇ ਪੈਣਕਾਰਨ ਕਈ ਵਾਹਨਾਂ ਦੇ ਸ਼ੀਸ਼ੇ ਟੁੱਟ ਗਏ। ਸਰਕਾਰ ਵਲੋਂ ਕਿਹਾ ਗਿਆ ਹੈ ਕਿ ਮੌਸਮੀ ਕਹਿਰ ਕਾਰਨ ਹੋਏ ਨੁਕਸਾਨ ਦਾ ਅਨੁਮਾਨ ਲੱਗਣ 'ਚ ਕੁਝ ਦਿਨ ਲੱਗ ਸਕਦੇ ਹਨ।

# ਕਾਲੇ ਝੰਡੇ ਦਿਖਾਉਣ 'ਤੇ ਘਰਾਂ 'ਚ ਵੜ ਕੇ ਨੌਜਵਾਨਾਂ ਨੂੰ ਚੁੱਕਣਾ ਲੋਕਤੰਤਰ ਨਹੀਂ, ਪੁਲਿਸ ਸਟੇਟ ਦੀ ਨਿਸ਼ਾਨੀ: ਸੁਖਜਿੰਦਰ ਸਿੰਘ ਰੰਧਾਵਾ

ਚੰਡੀਗੜ੍ਹ: ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਅਤੇ ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਨੇ ਸੁਨਾਮ ਦੇ ਪਿੰਡ ਸ਼ੇਰੋਂ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਪ੍ਰੋਗਰਾਮ ਦੌਰਾਨ ਵਿਰੋਧ ਕਰਨ ਵਾਲੇ ਇੱਕ ਨੌਜਵਾਨ ਨਾਲ ਕਥਿਤ ਪੁਲਿਸ ਧੱਕੇਸ਼ਾਹੀ ਦੀ ਸਖ਼ਤ ਨਿੰਦਾ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਲੋਕਤੰਤਰ ਨੂੰ ਡਰ ਅਤੇ ਦਮਨ ਰਾਹੀਂ ਕੁਚਲਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਹੁਣ ਹਾਲਾਤ ਇੰਨੇ ਬਦਤਰ ਹੋ ਚੁੱਕੇ ਹਨ ਕਿ ਸਰਕਾਰ ਖ਼ਿਲਾਫ਼ ਆਵਾਜ਼ ਉਠਾਉਣ ਵਾਲੇ ਨੌਜਵਾਨਾਂ ਨਾਲ ਅੱਤਵਾਦੀਆਂ ਵਰਗਾ ਸਲੂਕ ਕੀਤਾ ਜਾ ਰਿਹਾ ਹੈ। ਰੰਧਾਵਾ ਨੇ ਕਿਹਾ ਕਿ ਜੇ ਮੁੱਖ ਮੰਤਰੀ ਨੂੰ ਆਪਣੇ ਕੰਮ 'ਤੇ ਭਰੋਸਾ ਹੈ ਤਾਂ ਕਾਲੇ ਝੰਡਿਆਂ ਤੋਂ ਡਰ ਕਿਉਂ ਹੈ? ਲੋਕਾਂ ਦੇ ਸਵਾਲਾਂ ਦਾ ਜਵਾਬ ਪੁਲਿਸ ਦੀਆਂ ਗੱਡੀਆਂ ਅਤੇ ਕਥਿਤ ਧੱਕੇਸ਼ਾਹੀ ਨਾਲ ਨਹੀਂ, ਸਗੋਂ ਜਵਾਬਦੇਹੀ ਨਾਲ ਦਿੱਤਾ ਜਾਂਦਾ ਹੈ।



ਰੰਧਾਵਾ ਨੇ ਮੁੱਖ ਮੰਤਰੀ ਨੂੰ ਸਿੱਧਾ ਸਵਾਲ ਕੀਤਾ ਕਿ ਕੀ ਆਪਣੇ ਘਰ ਦੀ ਛੱਤ 'ਤੇ ਕਾਲਾ ਝੰਡਾ ਲਹਿਰਾਉਣਾ ਹੁਣ ਜੁਰਮ ਬਣ ਗਿਆ ਹੈ? ਕੀ ਵਿਰੋਧ ਕਰਨ ਵਾਲੇ ਹਰ ਨਾਗਰਿਕ ਨੂੰ ਪੁਲਿਸ ਦੇ ਜ਼ਰੀਏ ਚੁੱਪ ਕਰਵਾਇਆ ਜਾਵੇਗਾ? ਉਨ੍ਹਾਂ ਕਿਹਾ ਕਿ ਜੇ ਲੋਕਾਂ ਦਾ ਵਿਰੋਧ ਸਰਕਾਰ ਨੂੰ ਇੰਨਾ ਚੁੱਭ ਰਿਹਾ ਹੈ ਤਾਂ ਸਰਕਾਰ ਨੂੰ ਆਤਮ-ਮੰਥਨ ਕਰਨਾ ਚਾਹੀਦਾ ਹੈ, ਨਾ ਕਿ ਪੁਲਿਸ ਨੂੰ ਲੋਕਾਂ ਦੇ ਦਰਵਾਜ਼ਿਆਂ ਤੱਕ ਭੇਜਣਾ ਚਾਹੀਦਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਭਗਵੰਤ ਮਾਨ ਨੇ ਪੰਜਾਬ ਪੁਲਿਸ ਨੂੰ ਕਾਨੂੰਨ ਲਾਗੂ ਕਰਨ ਵਾਲੀ ਸੰਸਥਾ ਦੀ ਬਜਾਏ ਰਾਜਨੀਤਿਕ ਵਿਰੋਧ ਨੂੰ ਦਬਾਉਣ ਦਾ ਸਾਧਨ ਬਣਾ ਦਿੱਤਾ ਹੈ। ਰੰਧਾਵਾ ਨੇ ਕਿਹਾ ਕਿ ਇਹ ਕੋਈ ਪਹਿਲੀ ਘਟਨਾ ਨਹੀਂ ਹੈ, ਸਗੋਂ ਪਿਛਲੇ ਸਾਢੇ ਚਾਰ ਸਾਲਾਂ ਵਿੱਚ ਅਜਿਹੀਆਂ ਕਈ ਘਟਨਾਵਾਂ ਸਾਹਮਣੇ ਆਈਆਂ ਹਨ, ਜਿਨ੍ਹਾਂ ਨਾਲ ਇਹ ਸੰਦੇਸ਼ ਗਿਆ ਹੈ ਕਿ ਸਰਕਾਰ ਆਲੋਚਨਾ ਸੁਣਨ ਦੀ ਬਜਾਏ ਵਿਰੋਧੀਆਂ ਨੂੰ ਡਰਾਉਣ ਦਾ ਰਸਤਾ ਅਪਣਾ ਰਹੀ ਹੈ।

# ਸ੍ਰੀ ਹਰਿਮੰਦਰ ਸਾਹਿਬ ਵਿਖੇ ਬੇਅਦਬੀ ਕਰਨ ਦੇ ਦੋਸ਼ ਵਿੱਚ ਇੱਕ ਵਿਅਕਤੀ ਗ੍ਰਿਫ਼ਤਾਰ



ਅੰਮ੍ਰਿਤਸਰ ਪੁਲੀਸ ਨੇ ਅੱਜ ਇੱਥੇ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਦੇ ਅੰਦਰ ਬੇਅਦਬੀ ਕਰਨ ਦੇ ਦੋਸ਼ ਵਿੱਚ ਇੱਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਹੈ। ਉਸ ਨੇ ਕਥਿਤ ਤੌਰ 'ਤੇ ਗੁਟਕਾ ਸਾਹਿਬ ਦੇ 'ਅੰਗ' ਪਾੜ ਦਿੱਤੇ ਅਤੇ ਬਾਅਦ ਵਿੱਚ ਇੱਕ ਔਰਤ ਸ਼ਰਧਾਲੂ ਦੇ ਸੂਟ ਨਾਲ ਬੰਨ੍ਹ ਦਿੱਤੇ। ਜਦੋਂ ਉਸ ਨੂੰ ਇਸ ਬਾਰੇ ਪਤਾ ਲੱਗਾ, ਤਾਂ ਉਸ ਨੇ ਤੁਰੰਤ ਇਸ ਸਬੰਧ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਸ਼੍ਰੋਮਣੀ ਕਮੇਟੀ) ਨਾਲ ਸੰਪਰਕ ਕੀਤਾ। ਸੀ.ਸੀ.ਟੀ.ਵੀ. ਕੈਮਰਿਆਂ ਦੀ ਫੁਟੇਜ ਖੰਘਾਲਣ (ਸਕੈਨ ਕਰਨ) ਦੌਰਾਨ, ਮੁਲਜ਼ਮ ਦੀ ਪਛਾਣ ਸ਼ਹੀਦ ਊਧਮ ਸਿੰਘ ਨਗਰ ਇਲਾਕੇ ਦੇ ਰਹਿਣ ਵਾਲੇ ਮਨਦੀਪ ਸਿੰਘ ਵਜੋਂ ਹੋਈ।

ਸਹਾਇਕ ਪੁਲੀਸ ਕਮਿਸ਼ਨਰ ਸੁਰਿੰਦਰ ਸਿੰਘ ਨੇ ਘਟਨਾ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਕੋਤਵਾਲੀ ਪੁਲੀਸ ਨੂੰ ਪਰਿਕਰਮਾ ਵਿੱਚ ਤਾਇਨਾਤ ਸ਼੍ਰੋਮਣੀ ਕਮੇਟੀ ਕਰਮਚਾਰੀ ਸਿਮਰਨਜੀਤ ਸਿੰਘ ਵੱਲੋਂ ਇਸ ਘਟਨਾ ਬਾਰੇ ਸ਼ਿਕਾਇਤ ਮਿਲੀ ਹੈ। ਉਨ੍ਹਾਂ ਕਿਹਾ ਕਿ ਮੁਲਜ਼ਮ ਨੂੰ ਮਾਮਲੇ ਵਿੱਚ ਨਾਮਜ਼ਦ ਕਰਨ ਮਗਰੋਂ ਕਾਬੂ ਕਰ ਲਿਆ ਗਿਆ ਹੈ ਅਤੇ ਘਟਨਾ ਦੇ ਪਿੱਛੇ ਦੇ ਮਕਸਦ ਦਾ ਪਤਾ ਲਗਾਉਣ ਲਈ ਹੋਰ ਜਾਂਚ ਜਾਰੀ ਹੈ।

ਵੇਰਵੇ ਸਾਂਝੇ ਕਰਦਿਆਂ ਉਨ੍ਹਾਂ ਦੱਸਿਆ ਕਿ ਔਰਤ ਅਤੇ ਉਸ ਦਾ ਪਰਿਵਾਰ, ਜੋ ਕਿ ਸ਼ਹੀਦ ਊਧਮ ਸਿੰਘ ਨਗਰ ਨਾਲ ਸਬੰਧਤ ਹਨ, ਅੱਜ ਸਵੇਰੇ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਣ ਵਾਸਤੇ ਗਏ ਸਨ। ਇਸ ਦੌਰਾਨ ਜਦੋਂ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਮੱਥਾ ਟੇਕਣ ਮਗਰੋਂ ਉੱਥੇ ਬੈਠੇ ਹੋਏ ਸਨ, ਤਾਂ ਮੁਲਜ਼ਮ ਨੇ ਗੁਟਕਾ ਸਾਹਿਬ ਦੇ ਫ਼ਟੇ ਹੋਏ 'ਅੰਗਾਂ' ਨੂੰ ਉਸ ਦੇ ਸੂਟ ਨਾਲ ਬੰਨ੍ਹ ਦਿੱਤਾ।

ਉਸ ਨੂੰ ਬਾਅਦ ਵਿੱਚ ਇਸ ਬਾਰੇ ਪਤਾ ਲੱਗਾ। ਉਸ ਨੇ ਤੁਰੰਤ ਇਸ ਬਾਰੇ ਸ਼੍ਰੋਮਣੀ ਕਮੇਟੀ ਦੇ ਸਟਾਫ਼ ਨੂੰ ਸੂਚਿਤ ਕੀਤਾ, ਜਿਸ ਤੋਂ ਬਾਅਦ ਇਹ ਘਟਨਾ ਸਾਹਮਣੇ ਆਈ।

ਇਸ ਦੀ ਪੁਸ਼ਟੀ ਕਰਦਿਆਂ ਸ੍ਰੀ ਹਰਿਮੰਦਰ ਸਾਹਿਬ ਦੇ ਜਨਰਲ ਮੈਨੇਜਰ ਮੇਜਰ ਸਿੰਘ ਨੇ ਦੱਸਿਆ ਕਿ ਇਹ ਘਟਨਾ ਅੱਜ ਸਵੇਰ ਦੀ ਹੈ। ਉਨ੍ਹਾਂ ਦੱਸਿਆ ਕਿ ਪੁਲੀਸ ਵੱਲੋਂ ਪੁੱਛਗਿੱਛ ਦੌਰਾਨ ਪਤਾ ਲਾਇਆ ਜਾਵੇਗਾ ਕਿ ਇਸ ਵਿਅਕਤੀ ਵੱਲੋਂ ਗੁਰੂ ਘਰ ਵਿਖੇ ਅਜਿਹੀ ਘਟਨਾ ਨੂੰ ਕਿਉਂ ਅੰਜਾਮ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਸੀ.ਸੀ.ਟੀ.ਵੀ. ਕੈਮਰਿਆਂ ਦੀ ਫੁਟੇਜ ਵਿੱਚ ਇਹ ਵਿਅਕਤੀ ਔਰਤ ਦੇ ਸੂਟ ਨਾਲ ਗੁਟਕੇ ਦੇ ਅੰਗ ਬੰਨ੍ਹਦਾ ਹੋਇਆ ਦਿਖਾਈ ਦੇ ਰਿਹਾ ਹੈ। ਗੁਟਕੇ ਦੇ ਇਹ ਅੰਗ ਕਿੱਥੇ ਪਾੜੇ ਗਏ ਅਤੇ ਕਿੱਥੋਂ ਲਿਆਂਦੇ ਗਏ, ਇਹ ਜਾਂਚ ਦਾ ਵਿਸ਼ਾ ਹੈ।

# ਕੈਨੇਡਾ ਦੇ ਪ੍ਰਧਾਨ ਮੰਤਰੀ ਵਲੋਂ ਸਤਪਾਲ ਸਿੰਘ ਜੌਹਲ ਦੀ ਚਿੱਠੀ ਦੀ ਸ਼ਲਾਘਾ

* ਟੈਰਿਫ਼ ਕਾਰਨ ਟੈਕਸ 'ਚ ਹੁੰਦੇ ਵਾਧੇ ਬਾਰੇ 27 ਅਗਸਤ ਨੂੰ ਭੇਜਿਆ ਸੀ ਲਿਖਤੀ ਸੁਝਾਅ
* ਮਹਿੰਗਾਈ ਦਾ ਲੋਕਾਂ ਵਾਸਤੇ ਮਾੜੀ, ਪਰ ਸਰਕਾਰਾਂ ਵਾਸਤੇ ਚੰਗੀ ਖ਼ਬਰ ਨਾ ਹੋਣਾ ਜ਼ਰੂਰੀ -ਸਤਪਾਲ ਸਿੰਘ ਜੌਹਲ



ਬਰੈਂਪਟਨ, (ਬਲਜਿੰਦਰ ਸੇਖਾ): ਬਰੈਂਪਟਨ ਤੋਂ ਉੱਘੇ ਪੰਜਾਬੀ ਪੱਤਰਕਾਰ ਸਤਪਾਲ ਸਿੰਘ ਜੌਹਲ ਨੇ ਬੀਤੇ ਹਫਤੇ 27 ਅਗਸਤ ਨੂੰ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੂੰ ਇਕ ਚਿੱਠੀ ਭੇਜੀ ਸੀ ਜਿਸ ਵਿੱਚ ਅਮਰੀਕਾ ਨਾਲ਼ ਦੁਵੱਲੇ ਟੈਰਿਫ ਬਾਰੇ ਚੱਲ ਰਹੀ ਵਿਓਪਾਰਕ ਜੰਗ ਦੌਰਾਨ ਵੱਧ ਰਹੀ ਮਹਿੰਗਾਈ ਤੋਂ ਲੋਕਾਂ ਉੱਪਰ ਵਾਧੂ ਬੋਝ ਨਾ ਪੈਣ ਦੇਣ ਦਾ ਸੁਝਾਅ ਦਿੱਤਾ ਗਿਆ ਸੀ। ਸ. ਜੌਹਲ ਨੇ ਆਪਣੇ ਖ਼ਤ ਵਿੱਚ ਲਿਖਿਆ ਸੀ ਕਿ ਜਿਨ੍ਹਾਂ ਵਸਤਾਂ ਦੀਆਂ ਕੀਮਤਾਂ ਨਾਲ਼ ਗਾਹਕਾਂ ਨੂੰ ਜੀ.ਐੱਸ.ਟੀ/ਐੱਚ.ਐੱਸ.ਟੀ (ਉਂਟਾਰੀਓ 'ਚ 5+8=13 ਪ੍ਰਤੀਸ਼ਤ ਤੱਕ) ਦੇਣਾ ਪੈਂਦਾ ਹੈ, ਜੇਕਰ ਉਨ੍ਹਾਂ ਵਸਤਾਂ ਦੀ ਕੀਮਤ ਵਧਦੀ ਹੈ ਤਾਂ ਸਟੋਰਾਂ ਵਿੱਚ ਅਤੇ ਆਨਲਾਈਨ ਸ਼ਾਪਿੰਗ ਕਰਨ ਸਮੇਂ ਗਾਹਕਾਂ ਨੂੰ ਟੈਕਸ ਆਪਣੇ ਆਪ ਵੱਧ ਲੱਗਣਾ ਸ਼ੁਰੂ ਹੋ ਜਾਂਦਾ ਹੈ। ਇਸ ਕਰਕੇ ਮਹਿੰਗਾਈ ਲੋਕਾਂ ਵਾਸਤੇ ਮਾੜੀ ਪਰ ਸਰਕਾਰਾਂ ਵਾਸਤੇ ਹਮੇਸ਼ਾਂ ਚੰਗੀ ਖ਼ਬਰ ਹੋ ਨਿੱਬੜਦੀ ਹੈ। ਸਤਪਾਲ ਸਿੰਘ ਜੌਹਲ ਵਲੋਂ ਲਿਖਿਆ ਗਿਆ ਕਿ ਕੈਨੇਡਾ ਸਰਕਾਰ ਵਲੋਂ ਅਮਰੀਕੀ ਵਸਤਾਂ 'ਤੇ ਬੀਤੇ ਦਿਨੀਂ ਐਲਾਨੇ ਗਏ ਟੈਰਿਫ ਨਾਲ਼ ਕੈਨੇਡਾ ਵਿੱਚ ਲੋਕਾਂ ਨੂੰ ਵੱਧ ਜੀ.ਐੱਸ.ਟੀ/ਐੱਚ.ਐੱਸ.ਟੀ ਦੇਣਾ ਪਵੇਗਾ ਅਤੇ ਸਿੱਟੇ ਵਜੋਂ ਫੈਡਰਲ ਤੇ ਸੂਬਾ ਸਰਕਾਰਾਂ ਨੂੰ ਵੱਧ ਟੈਕਸ (ਵਸਤਾਂ ਦੀ ਕੀਮਤ ਦਾ ਪ੍ਰਤੀਸ਼ੱਤ) ਮਿਲਣਾ ਸ਼ੁਰੂ ਹੋ ਜਾਵੇਗਾ। ਉਨ੍ਹਾਂ ਨੇ ਪ੍ਰਧਾਨ ਮੰਤਰੀ ਕਾਰਨੀ ਦੇ ਤੁਰੰਤ ਦਖਲ ਦੀ ਮੰਗ ਕਰਦਿਆਂ ਲਿਖਿਆ ਕਿ ਅਜਿਹੇ ਹਾਲਾਤ ਵਿੱਚ ਲੋਕਾਂ ਤੋਂ ਉਗਰਾਹੇ ਜਾਣ ਵਾਲਾ ਵੱਧ ਜੀ.ਐੱਸ.ਟੀ/ਐੱਚ.ਐੱਸ.ਟੀ 100 ਪ੍ਰਤੀਸ਼ੱਤ ਰਿਫੰਡ ਕੀਤਾ ਜਾਣਾ ਜਰੂਰੀ ਹੈ। ਇਹ ਵੀ ਕਿ ਬੀਤੀ 2 ਸਤੰਬਰ ਨੂੰ ਸ੍ਰੀ ਕਾਰਨੀ ਦੇ ਦਫਤਰ ਤੋਂ ਸਤਪਾਲ ਸਿੰਘ ਜੌਹਲ ਨੂੰ ਜਵਾਬ ਪ੍ਰਾਪਤ ਹੋਇਆ ਹੈ ਜਿਸ ਵਿੱਚ ਉਨ੍ਹਾਂ ਦੇ ਸੁਝਾਅ ਦੀ ਸ਼ਲਾਘਾ ਕੀਤੀ ਗਈ ਅਤੇ ਲਿਖਿਆ ਗਿਆ ਕਿ ਉਨ੍ਹਾਂ ਦੀ ਚਿੱਠੀ ਨੂੰ ਵਿੱਤ ਅਤੇ ਮਾਲ ਮੰਤਰੀ ਫਰਾਂਸੁਆ ਫਿਲਿਪ ਸ਼ੈਨਪੇਨ ਦੇ ਵਿਚਾਰ ਲਈ ਭੇਜਿਆ ਗਿਆ ਹੈ। ਚੇਤੇ ਰਹੇ ਕਿ ਬੀਤੀ 28 ਫਰਵਰੀ ਨੂੰ ਅਮਰੀਕਾ ਦੀ ਇਰਾਨ ਨਾਲ਼ ਜੰਗ ਲੱਗਣ ਤੋਂ ਬਾਅਦ ਅਚਾਨਕ ਤੇਲ ਦੀਆਂ ਕੀਮਤਾਂ ਵਧੀਆਂ ਸਨ ਤਾਂ ਸਰਕਾਰ ਦੇ ਮਾਲੀਏ ਵਿੱਚ ਆਪਣੇ ਆਪ ਹੋਏ ਟੈਕਸ ਵਾਧੇ ਦੇ ਮੁੱਦੇ ਨੂੰ ਸਤਪਾਲ ਸਿੰਘ ਜੌਹਲ ਨੇ 27 ਮਾਰਚ ਨੂੰ ਲਿਖੀ ਆਪਣੀ ਚਿੱਠੀ ਵਿੱਚ ਪ੍ਰਧਾਨ ਮੰਤਰੀ ਸ੍ਰੀ ਕਾਰਨੀ ਕੋਲ਼ ਉਠਾਇਆ ਸੀ। ਸ. ਜੌਹਲ ਦਾ ਉਹ ਖਤ ਵੀ ਕਾਰਨੀ ਵਲੋਂ ਮੰਤਰੀ ਸ਼ੈਪੇਨ ਦੇ ਧਿਆਨ ਵਿੱਚ ਲਿਆਂਦਾ ਗਿਆ ਸੀ ਜਿਸ ਤੋਂ ਬਾਅਦ ਅਪ੍ਰੈਲ ਵਿੱਚ ਫੈਡਰਲ ਸਰਕਾਰ ਨੇ ਗੈਸ ਅਤੇ ਡੀਜ਼ਲ ਤੋਂ ਆਪਣਾ ਐਕਸਾਈਜ਼ ਟੈਕਸ ਮੁਆਫ ਕਰ ਦਿੱਤਾ ਅਤੇ ਟੈਕਸ ਦੀ ਉਹ ਰਾਹਤ ਹੁਣ 31 ਦਸੰਬਰ 2026 ਤੱਕ ਜਾਰੀ ਰੱਖਣ ਦਾ ਐਲਾਨ ਕੀਤਾ ਜਾ ਚੁੱਕਾ ਹੈ। ਇਹ ਵੀ ਕਿ ਸ. ਜੌਹਲ ਵਲੋਂ ਸਮੇਂ ਅਨੁਸਾਰ ਸਰਕਾਰਾਂ ਨੂੰ ਹਲੂਣਾ ਦਿੰਦੇ ਰਹਿਣ ਦੇ ਨਿੱਗਰ ਉਪਰਾਲਿਆਂ ਦੀ ਕੈਨੇਡਾ ਵਿੱਚ ਭਾਈਚਾਰੇ ਵਲੋਂ ਭਰਵੀਂ ਸ਼ਲਾਘਾ ਕੀਤੀ ਜਾਂਦੀ ਹੈ।

# ਟਰੰਪ ਨੂੰ ਝਟਕਾ, ਅਮਰੀਕਾ 'ਚ ਜੰਮਿਆਂ ਨੂੰ ਮਿਲਦੀ ਰਹੇਗੀ ਸਿਟੀਜ਼ਨਸ਼ਿਪ

## ਫ਼ੈਡਰਲ ਅਦਾਲਤ ਨੇ ਰਾਸ਼ਟਰਪਤੀ ਦੇ ਹੁਕਮਾਂ ਨੂੰ ਸੰਵਿਧਾਨ ਦੇ ਵਿਰੁੱਧ ਦੱਸਿਆ



ਵਾਸ਼ਿੰਗਟਨ : ਡੌਨਲਡ ਟਰੰਪ ਨੂੰ ਵੱਡਾ ਝਟਕਾ ਦਿੰਦਿਆਂ ਇਕ ਫ਼ੈਡਰਲ ਜੱਜ ਨੇ ਅਮਰੀਕਾ ਵਿਚ ਜੰਮਣ ਵਾਲਿਆਂ ਲਈ ਸਿਟੀਜ਼ਨਸ਼ਿਪ ਦਾ ਹੱਕ ਬਹਾਲ ਰਖਦਿਆਂ ਰਾਸ਼ਟਰਪਤੀ ਦੇ ਕਾਰਜਕਾਰੀ ਹੁਕਮਾਂ ਉਤੇ ਰੋਕ ਲਾ ਦਿਤੀ ਹੈ। ਮੈਰੀਲੈਂਡ ਸੂਬੇ ਦੀ ਜੱਜ ਡੈਬੋਰਾ ਬੋਰਡਮੈਨ ਨੇ ਆਪਣੇ ਫੈਸਲੇ ਵਿਚ ਕਿਹਾ ਕਿ ਅਮਰੀਕਾ ਦੇ ਸੰਵਿਧਾਨ ਮੁਤਾਬਕ ਮੁਲਕ ਵਿਚ ਜੰਮਣ ਵਾਲੇ ਬੱਚਿਆਂ ਨੂੰ ਨਾਗਰਿਕਤਾ ਦੇ ਹੱਕ ਤੋਂ ਵਾਂਝਾ ਨਹੀਂ ਕੀਤਾ ਜਾ ਸਕਦਾ। ਫ਼ੈਡਰਲ ਜੱਜ ਨੇ ਸੁਪਰੀਮ ਕੋਰਟ ਦੇ ਫ਼ੈਸਲੇ ਦਾ ਹਵਾਲਾ ਦਿੰਦਿਆਂ ਕਿਹਾ ਕਿ ਰਾਸ਼ਟਰਪਤੀ ਡੌਨਲਡ ਟਰੰਪ ਦੇ ਕਾਰਜਕਾਰੀ ਹੁਕਮ ਸੰਵਿਧਾਨ ਦੇ ਵਿਰੁੱਧ ਜਾਂਦੇ ਹਨ।

ਅਦਾਲਤੀ ਹੁਕਮਾਂ ਮਗਰੋਂ ਅਮਰੀਕਾ ਦਾ ਵਿਦੇਸ਼ ਮੰਤਰਾਲਾ, ਗ੍ਰਹਿ ਸੁਰੱਖਿਆ ਵਿਭਾਗ ਅਤੇ ਸੋਸ਼ਲ ਸਕਿਉਰਿਟੀ ਐਡਮਨਿਸਟ੍ਰੇਸ਼ਨ ਫ਼ਿਲਹਾਲ ਬੱਚਿਆਂ ਦੀ ਨਾਗਰਿਕਤਾ ਰੋਕਣ ਬਾਰੇ ਕੋਈ ਕਾਰਵਾਈ ਨਹੀਂ ਕਰ ਸਕਣਗੇ। ਉਧਰ ਟਰੰਪ ਸਰਕਾਰ ਨੇ ਅਦਾਲਤੀ ਫੈਸਲੇ ਨੂੰ ਜਲਦਬਾਜ਼ੀ ਕਰਾਰ ਦਿਤਾ। ਟਰੰਪ ਸਰਕਾਰ ਦੇ ਵਕੀਲਾਂ ਲੇ ਅਦਾਲਤ ਨੂੰ ਦੱਸਿਆ ਕਿ ਕਾਰਜਕਾਰੀ ਹੁਕਮ ਲਾਗੂ ਕਰਲ ਦੇ ਨਿਯਮ ਅਤੇ ਹੋਰ ਸ਼ਰਤਾਂ ਹਾਲੇ ਤਿਆਰ ਹੀ ਨਹੀਂ ਸਨ ਹੋਈਆਂ। ਇਸ ਦੇ ਉਲਟ ਇੰਮੀਗ੍ਰੇਸ਼ਨ ਹਮਾਇਤੀ ਅਤੇ ਪ੍ਰਵਾਸੀਆਂ ਦੇ ਹੱਕਾਂ ਲਈ ਆਵਾਜ਼ ਬੁਲੰਦ ਕਰਨ ਵਾਲੀਆਂ ਜਥੇਬੰਦੀਆਂ ਨੇ ਕਿਹਾ ਕਿ ਰਾਸ਼ਟਰਪਤੀ ਦੇ ਕਾਰਜਕਾਰੀ ਹੁਕਮਾਂ ਨਾਲ ਵੱਡੀ ਗਿਣਤੀ ਵਿਚ ਬੱਚਿਆਂ ਦੀ ਨਾਗਰਿਕਤਾ ਪ੍ਰਭਾਵਤ ਹੋ ਸਕਦੀ ਹੈ। ਜਥੇਬੰਦੀਆਂ ਦਾ ਕਹਿਣਾ ਸੀ ਕਿ ਅਦਾਲਤੀ ਸੁਣਵਾਈ ਮੁਕੰਮਲ ਹੋਣ ਤੱਕ ਕਿਸੇ ਬੱਚੇ ਦੀ ਨਾਗਰਿਕਤਾ ਉਤੇ ਕੋਈ ਰੋਕ ਨਾ ਲਾਈ ਜਾਵੇ।

# ਆਇਰਨ ਬਲੌਕ ਕਲੱਬ ਵੱਲੋਂ ਹਰਜੀਤ ਬਾਜਵਾ ਦਾ ਸਨਮਾਨ



ਟੋਰਾਂਟੋ (ਸਿਮਰਤ ਗਰੇਵਾਲ): ਆਇਰਨ ਬਲੌਕ ਕਲੱਬ ਵੱਲੋਂ ਇੱਥੋਂ ਦੇ ਸੀਨੀਅਰ ਪੱਤਰਕਾਰ, ਲੇਖਕ ਅਤੇ ਰਿਆਲਟਰ ਹਰਜੀਤ ਸਿੰਘ ਬਾਜਵਾ ਦਾ ਬੀਤੇ ਦਿਨੀ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ, ਕਲੱਬ ਦੇ ਸਮੂੰਹ ਮੈਂਬਰਾਂ ਦੀ ਰਹਿਨਮਈ ਹੇਠ ਕਲੱਬ ਦੇ ਪ੍ਰਧਾਨ ਅਤੇ ਪੰਜਾਬੀ ਭਾਈਚਾਰੇ ਦੀ ਜਾਣੀ ਪਹਿਚਾਣੀ ਸ਼ਖ਼ਸ਼ੀਅਤ ਅਤੇ ਗੁਰੂ ਕਾਸ਼ੀ ਯੂਨੀਵਰਸਿਟੀ ਤਲਵੰਡੀ ਸਾਬੋ(ਬਠਿੰਡਾ/ਪੰਜਾਬ) ਦੇ ਮੁੱਖ ਸਲਾਹਕਾਰ ਡਾ. ਦਵਿੰਦਰ ਸਿੰਘ ਲੱਧੜ ਵੱਲੋਂ ਉਚੇਚੇ ਤੌਰ 'ਤੇ ਪੰਜਾਬੀਆਂ ਦੀ ਜਾਣੀ ਪਹਿਚਾਣੀ ਰੀਅਲ ਅਸਟੇਟ ਕੰਪਨੀ 'ਫੋਰਮੈਕਸ ਰਿਆਲਟੀ ਬਰੋਕਰੇਜ਼' ਦੇ ਦਫ਼ਤਰ ਵਿੱਚ ਇਹ ਸਨਮਾਨ ਸ੍ਰ. ਬਾਜਵਾ ਨੂੰ ਦਿੱਤਾ ਗਿਆ ਜਿਸ ਤੇ' ਹਰਜੀਤ ਬਾਜਵਾ ਵੱਲੋਂ ਡਾ. ਲੱਧੜ ਅਤੇ ਕਲੱਬ ਦੇ ਸਮੂੰਹ ਮੈਂਬਰਾਂ ਦਾ ਧੰਨਵਾਦ ਕੀਤਾ ਜਦੋਂ ਇਸ ਮੌਕੇ ਬੋਲਦਿਆਂ 'ਫੋਰਮੈਕਸ' ਬਰੋਕਰੇਜ਼ ਦੇ ਸ੍ਰ.ਹਰਦੀਪ ਸਿੰਘ ਸਿਵੀਆ ਨੇ ਡਾ.ਦਵਿੰਦਰ ਸਿੰਘ ਲੱਧੜ ਅਤੇ ਹਰਜੀਤ ਬਾਜਵਾ ਦੇ ਕਾਰਜ਼ਾਂ ਦੀ ਸ਼ਲਾਘਾ ਕੀਤੀ। ਇਸ ਮੌਕੇ ਪ੍ਰਸਿੱਧ ਗਾਇਕ ਅਤੇ ਸੰਗੀਤਕਾਰ ਹੈਰੀ ਸੰਧੂ ਅਤੇ ਹਰਵਿੰਦਰ ਸੰਘਾ ਵੀ ਮੌਜੂਦ ਸਨ।

# ਨੇਪਾਲ ਦੇ ਪ੍ਰਧਾਨ ਮੰਤਰੀ ਬਾਲੇਨ ਸ਼ਾਹ ਨੇ ਸੰਸਦ 'ਚ ਮਦਦ ਲਈ ਭਾਰਤ ਦਾ ਕੀਤਾ ਧੰਨਵਾਦ



ਕਾਠਮਾਂਡੂ : ਨੇਪਾਲ ਦੇ ਪ੍ਰਧਾਨ ਮੰਤਰੀ ਬਾਲੇਨ ਸ਼ਾਹ ਨੇ ਹੜ੍ਹ ਰਾਹਤ ਅਤੇ ਬਚਾਅ ਕਾਰਜਾਂ ਵਿੱਚ ਮਦਦ ਲਈ ਸੰਸਦ ਵਿੱਚ ਭਾਰਤ ਅਤੇ ਚੀਨ ਦਾ ਧੰਨਵਾਦ ਕੀਤਾ । ਬੁੱਧਵਾਰ ਨੂੰ ਸੰਸਦ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਦੋਵਾਂ ਗੁਆਂਢੀ ਦੇਸ਼ਾਂ ਨੇ ਸਮੇਂ ਸਿਰ ਰਾਹਤ ਸਮੱਗਰੀ, ਤਕਨੀਕੀ ਟੀਮਾਂ ਅਤੇ ਐਮਰਜੈਂਸੀ ਮਦਦ ਭੇਜੀ। ਭਾਰਤ ਨੇ ਰਾਹਤ ਸਮੱਗਰੀ ਦੀ ਪੰਜਵੀਂ ਖੇਪ ਭੇਜੀ ਹੈ । ਭਾਰਤੀ ਟੀਮਾਂ ਸੁਰੰਗਾਂ ਵਿੱਚ ਸਰਚ ਆਪ੍ਰੇਸ਼ਨ ਅਤੇ ਲਾਸ਼ਾਂ ਦੀ ਪਛਾਣ ਵਿੱਚ ਮਦਦ ਕਰ ਰਹੀਆਂ ਹਨ। ਉੱਥੇ ਹੀ ਚੀਨ ਨੇ ਗਿਰੀਰੋਂਗ ਬਾਰਡਰ ਤੱਕ ਜਾਣ ਵਾਲਾ ਹਾਈਵੇਅ ਖੋਲ੍ਹ ਦਿੱਤਾ ਹੈ, ਜਿਸ ਨਾਲ ਰਾਹਤ ਟੀਮਾਂ ਪ੍ਰਭਾਵਿਤ ਇਲਾਕਿਆਂ ਤੱਕ ਪਹੁੰਚ ਰਹੀਆਂ ਹਨ। ਹੜ੍ਹ ਵਿੱਚ ਹੁਣ ਤੱਕ 1127 ਲੋਕਾਂ ਦੀ ਮੌਤ ਹੋ ਚੁੱਕੀ ਹੈ ਅਤੇ 4800 ਤੋਂ ਵੱਧ ਲੋਕ ਲਾਪਤਾ ਹਨ । ਕਈ ਹਾਈਡ੍ਰੋਪਾਵਰ ਪ੍ਰੋਜੈਕਟਾਂ ਦੇ ਕਰਮਚਾਰੀ ਵੀ ਗਾਇਬ ਹਨ । ਖਦਸ਼ਾ ਹੈ ਕਿ ਕੁੱਝ ਲੋਕ ਹਾਲੇ ਵੀ ਸੁਰੰਗਾਂ ਵਿੱਚ ਫਸੇ ਹੋ ਸਕਦੇ ਹਨ।















# ਅਕਾਲੀ-ਭਾਜਪਾ ਗਠਜੋੜ ਪਿੱਛੇ ਕੀ ਹੈ ਵੱਡੀ ਸ਼ਰਤ?

## CM ਮਾਨ ਨੇ ਕੀਤਾ ਵੱਡਾ ਦਾਅਵਾ




ਸੰਗਰੂਰ: ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਭਾਜਪਾ-ਅਕਾਲੀ ਦਲ ਗਠਜੋੜ 'ਤੇ ਤਿੱਖਾ ਨਿਸ਼ਾਨਾ ਸਾਧਦਿਆਂ ਕਿਹਾ ਕਿ ਭਾਜਪਾ ਤਿੰਨ ਕਾਲੇ ਖੇਤੀ ਕਾਨੂੰਨਾਂ ਨੂੰ ਵਾਪਸ ਲਿਆਉਣ ਦੀ ਸ਼ਰਤ 'ਤੇ ਅਕਾਲੀ ਦਲ ਨਾਲ ਸਮਝੌਤਾ ਕਰਨ ਦੀ ਤਿਆਰੀ ਕਰ ਰਹੀ ਹੈ, ਜਦਕਿ ਇਨ੍ਹਾਂ ਕਾਨੂੰਨਾਂ ਵਿਰੁੱਧ ਹੋਏ ਵਿਰੋਧ ਪ੍ਰਦਰਸ਼ਨਾਂ ਦੌਰਾਨ 750 ਕਿਸਾਨਾਂ ਦੀਆਂ ਜਾਨਾਂ ਗਈਆਂ ਸਨ। ਉਨ੍ਹਾਂ ਕਿਹਾ ਕਿ ਅਕਾਲੀ ਦਲ ਸਿਆਸੀ ਕੁਰਸੀ ਲਈ "ਪੰਜਾਬ ਵਿੱਚ ਕੁੱਝ ਵੀ ਵੇਚਣ" ਲਈ ਤਿਆਰ ਹੈ, ਜਦਕਿ ਪੰਜਾਬੀ ਆਪਣੇ ਸ਼ਹੀਦ ਕਿਸਾਨਾਂ ਦੀਆਂ ਦੇਹਾਂ ਉੱਤੋਂ ਲੰਘ ਕੇ ਭਾਜਪਾ ਨੂੰ ਕਦੇ ਵੋਟ ਨਹੀਂ ਪਾਉਣਗੇ। ਮੁੱਖ ਮੰਤਰੀ ਨੇ ਇਹ ਵੀ ਦਾਅਵਾ ਕੀਤਾ ਕਿ ਭਾਜਪਾ ਵੋਟਾਂ ਹਾਸਲ ਕਰਨ ਲਈ ਫਿਰਕੂ ਏਜੰਡਾ ਵਰਤ ਰਹੀ ਹੈ ਅਤੇ ਪੰਜਾਬ ਯੂਨੀਵਰਸਿਟੀ ਦੀਆਂ ਚੋਣਾਂ ਵਿੱਚ ਇਸ ਦੀ ਜਿੱਤ, ਜੋ ਅਕਾਲੀ ਦਲ ਦੇ ਸਮਰਥਨ ਨਾਲ ਹੋਈ ਹੈ, ਨੇ ਦੋਵਾਂ ਪਾਰਟੀਆਂ ਵਿਚਕਾਰ ਗੰਢਤੁਪ ਨੂੰ ਨੰਗਾ ਕਰ ਦਿੱਤਾ ਹੈ। ਇਸ ਰਾਜਨੀਤੀ ਦੀ ਤੁਲਨਾ ਆਪਣੀ ਸਰਕਾਰ ਦੀ ਕਾਰਗੁਜ਼ਾਰੀ ਨਾਲ ਕਰਦਿਆਂ ਉਨ੍ਹਾਂ ਕਿਹਾ ਕਿ ਸਕੂਲਾਂ, ਹਸਪਤਾਲਾਂ, ਬਿਜਲੀ, ਪਾਣੀ ਅਤੇ ਸੜਕਾਂ ਦੇ ਖੇਤਰ ਵਿੱਚ ਤੇਜ਼ੀ ਨਾਲ ਹੋ ਰਹੇ ਕੰਮਾਂ ਨਾਲ ਪੰਜਾਬ ਵਿਕਾਸ ਦੇ ਰਾਹ 'ਤੇ ਅੱਗੇ ਵਧ ਰਿਹਾ ਹੈ। 'ਲੋਕ ਮਿਲਣੀ' ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਅਕਾਲੀਆਂ ਨੇ ਸੂਬੇ ਦੇ ਹਿੱਤਾਂ ਦੇ ਉਲਟ ਵਿਰੋਧੀ ਤਾਕਤਾਂ ਨਾਲ ਹੱਥ ਮਿਲਾ ਕੇ ਹਮੇਸ਼ਾ ਪੰਜਾਬ ਵਿਰੋਧੀ ਰੁਖ਼ ਅਪਣਾਇਆ ਹੈ। ਉਨ੍ਹਾਂ ਕਿਹਾ ਕਿ ਪ੍ਰਸਤਾਵਿਤ ਅਕਾਲੀ-ਭਾਜਪਾ ਗਠਜੋੜ ਮਹਿਜ਼ ਸਿਆਸੀ ਲਾਹੇ ਲਈ ਬਣਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ, "ਅਕਾਲੀ ਸੱਤਾ ਦੀ ਖਾਤਰ ਭਾਜਪਾ ਨਾਲ ਹੱਥ ਮਿਲਾਉਣ ਲਈ ਤਿਆਰ ਹਨ, ਇਸ ਤੱਥ ਦੇ ਬਾਵਜੂਦ ਕਿ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਕਾਲੇ ਖੇਤੀ ਕਾਨੂੰਨਾਂ ਵਿਰੁੱਧ ਅੰਦੋਲਨ ਦੌਰਾਨ 700 ਤੋਂ ਵੱਧ ਕਿਸਾਨਾਂ ਦੀ ਸ਼ਹਾਦਤ ਲਈ ਜ਼ਿੰਮੇਵਾਰ ਸੀ। ਜੋ ਇਹ ਦਰਸਾਉਂਦਾ ਹੈ ਕਿ ਅਕਾਲੀ ਲੀਡਰਸ਼ਿਪ ਕੋਲ ਕੋਈ ਵਿਚਾਰਧਾਰਾ ਨਹੀਂ ਬਚੀ ਹੈ ਅਤੇ ਉਹ ਸੱਤਾ ਲਈ ਪੰਜਾਬ ਦੇ ਹਿੱਤਾਂ ਨਾਲ ਸਮਝੌਤਾ ਕਰਨ ਲਈ ਤਿਆਰ ਹੈ।"

ਮੁੱਖ ਮੰਤਰੀ ਨੇ ਲੋਕਾਂ ਨੂੰ ਤਾੜਨਾ ਕੀਤੀ ਕਿ ਜੇ ਅਕਾਲੀ-ਭਾਜਪਾ ਗਠਜੋੜ ਸੱਤਾ ਵਿੱਚ ਆਉਂਦਾ ਹੈ ਤਾਂ ਉਹ ਕਿਸਾਨਾਂ 'ਤੇ ਦੁਬਾਰਾ ਕਾਲੇ ਖੇਤੀ ਕਾਨੂੰਨ ਥੋਪ ਸਕਦਾ ਹੈ। ਉਨ੍ਹਾਂ ਕਿਹਾ ਕਿ ਸੂਬੇ ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਭਾਜਪਾ ਨਾਲ ਗਠਜੋੜ ਕਰਨ ਲਈ "ਪੱਬਾਂ ਭਾਰ" ਹੈ। ਉਨ੍ਹਾਂ ਕਿਹਾ, "ਅਕਾਲੀ-ਭਾਜਪਾ ਗਠਜੋੜ ਦੀ ਕੋਈ ਵਿਚਾਰਧਾਰਾ ਨਹੀਂ ਹੈ ਅਤੇ ਜਨਤਕ ਭਲਾਈ ਦਾ ਕੋਈ ਏਜੰਡਾ ਨਹੀਂ ਹੈ। ਇਸ ਦਾ ਇਕੋ-ਇਕ ਮਕਸਦ ਪੰਜਾਬ ਵਿਚ ਸੱਤਾ ਹਾਸਲ ਕਰਨਾ ਹੈ। ਪੰਜਾਬ ਦੇ ਲੋਕ ਇਨ੍ਹਾਂ ਪਾਰਟੀਆਂ ਦੇ ਸਿਆਸੀ ਡਰਾਮਿਆਂ ਵਿਚ ਨਹੀਂ ਆਉਣਗੇ ਅਤੇ ਆਉਣ ਵਾਲੇ ਦਿਨਾਂ ਵਿਚ ਇਨ੍ਹਾਂ ਨੂੰ ਢੁਕਵਾਂ ਸਬਕ ਸਿਖਾਉਣਗੇ।"

ਉਨ੍ਹਾਂ ਕਿਹਾ, "ਪੰਜਾਬੀ ਅਕਾਲੀਆਂ ਅਤੇ ਭਾਜਪਾ ਨੂੰ ਪੰਜਾਬ ਅਤੇ ਇਸ ਦੇ ਲੋਕਾਂ ਵਿਰੁੱਧ ਕੀਤੇ ਗੁਨਾਹਾਂ ਕਰਕੇ ਸਿਆਸੀ ਗੁੰਮਨਾਮੀ ਵਿੱਚ ਭੇਜ ਦੇਣਗੇ। ਇਸ 'ਲੋਕ ਮਿਲਣੀ' ਵਿੱਚ ਲੋਕਾਂ ਦੀ ਭਾਰੀ ਹਾਜ਼ਰੀ ਇਸ ਗੱਲ ਦਾ ਸਪੱਸ਼ਟ ਸੰਕੇਤ ਹੈ ਕਿ ਪੰਜਾਬੀ 2027 ਵਿੱਚ ਇੱਕ ਨਵੀਂ ਕਹਾਣੀ ਲਿਖਣ ਲਈ ਤਿਆਰ ਹਨ।" 2022 ਵਿੱਚ ਅਹੁਦਾ ਸੰਭਾਲਣ ਤੋਂ ਬਾਅਦ ਆਪਣੀ ਸਰਕਾਰ ਵੱਲੋਂ ਕੀਤੇ ਗਏ ਕੰਮਾਂ ਬਾਰੇ ਗੱਲ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਰਕਾਰ ਨੇ ਸਰਬਪੱਖੀ ਵਿਕਾਸ 'ਤੇ ਧਿਆਨ ਕੇਂਦਰਿਤ ਕੀਤਾ ਹੈ ਅਤੇ ਬਿਜਲੀ, ਖੇਡਾਂ, ਸਿੱਖਿਆ, ਸਿਹਤ ਸੰਭਾਲ ਅਤੇ ਹੋਰ ਪ੍ਰਮੁੱਖ ਖੇਤਰਾਂ ਵਿੱਚ ਸੁਧਾਰ ਲਾਗੂ ਕੀਤੇ ਹਨ। ਉਨ੍ਹਾਂ ਕਿਹਾ, "ਅੱਜ ਚਾਰ ਸਾਢੇ ਚਾਰ ਸਾਲਾਂ ਬਾਅਦ ਮੈਂ ਲੋਕਾਂ ਨਾਲ ਕੀਤਾ ਹਰ ਵਾਅਦਾ ਪੂਰਾ ਕਰਨ ਅਤੇ ਸਾਰੀਆਂ ਗਾਰੰਟੀਆਂ ਨਿਭਾਉਣ ਤੋਂ ਬਾਅਦ ਲੋਕਾਂ ਦੇ ਸਾਹਮਣੇ ਖੜ੍ਹਾ ਹਾਂ। ਪਿਛਲੀਆਂ ਸਰਕਾਰਾਂ ਦੇ ਸ਼ਾਸਨ ਦੌਰਾਨ ਲੋਕ ਡਰ ਦੇ ਮਾਹੌਲ ਵਿੱਚ ਜਿਉਂਦੇ ਸਨ, ਜਦੋਂ ਕਿ ਨਸ਼ਿਆਂ ਨੇ ਪੰਜਾਬ ਦੀਆਂ ਪੀੜ੍ਹੀਆਂ ਬਰਬਾਦ ਕਰ ਦਿੱਤੀਆਂ।"

ਵਿਰੋਧੀ ਧਿਰ 'ਤੇ ਤਿੱਖਾ ਹਮਲਾ ਬੋਲਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦੇ ਲੋਕ ਕਾਂਗਰਸ, ਅਕਾਲੀ ਅਤੇ ਭਾਜਪਾ ਨੂੰ ਉਨ੍ਹਾਂ ਦੀਆਂ ਪੰਜਾਬ ਵਿਰੋਧੀ ਨੀਤੀਆਂ ਲਈ ਕਦੇ ਮੁਆਫ਼ ਨਹੀਂ ਕਰਨਗੇ ਅਤੇ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਉਨ੍ਹਾਂ ਨੂੰ ਰਾਜਨੀਤਿਕ ਗੁੰਮਨਾਮੀ ਵਿੱਚ ਧੱਕ ਦੇਣਗੇ। ਉਨ੍ਹਾਂ ਕਿਹਾ ਕਿ ਇਹ ਰਵਾਇਤੀ ਸਿਆਸੀ ਪਾਰਟੀਆਂ ਸੱਤਾ ਵਿੱਚ ਰਹਿੰਦਿਆਂ ਹਮੇਸ਼ਾ ਇੱਕ ਦੂਜੇ ਦੇ ਹਿੱਤਾਂ ਦੀ ਰਾਖੀ ਕਰਦੀਆਂ ਰਹੀਆਂ ਹਨ ਅਤੇ ਰਾਜ ਕਰਨ ਲਈ ਆਪਣੀ ਵਾਰੀ ਦੀ ਉਡੀਕ ਕਰਦਿਆਂ "ਉਤਰ ਕਾਟੋ ਮੈਂ ਚੜ੍ਹਾਂ" ਦੀ ਖੇਡ ਖੇਡਦੀਆਂ ਸਨ। ਉਨ੍ਹਾਂ ਦੋਸ਼ ਲਾਇਆ ਕਿ ਇਨ੍ਹਾਂ ਦੀ ਆਪਸੀ ਗੰਢ-ਤੁੱਪ ਨੇ ਇਹ ਯਕੀਨੀ ਬਣਾਇਆ ਕਿ ਉਨ੍ਹਾਂ ਦੇ ਕੁਕਰਮ ਛੁਪੇ ਰਹਿਣ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਹੁਣ ਲੋਕਾਂ ਨੇ ਆਪ ਨੂੰ ਚੁਣਿਆ ਹੈ ਅਤੇ ਝਾੜੂ ਪੰਜਾਬ ਦੇ ਸਿਆਸੀ ਪ੍ਰਬੰਧ ਦੀ ਸਫ਼ਾਈ ਕਰ ਰਿਹਾ ਹੈ। ਉਹ ਦਿਨ ਦੂਰ ਨਹੀਂ, ਜਦੋਂ ਆਪਣੇ ਗੁਨਾਹਾਂ ਦੇ ਜ਼ਿੰਮੇਵਾਰ ਲੋਕਾਂ ਨੂੰ ਆਪਣੇ ਅਮਲਾਂ ਦੇ ਨਤੀਜੇ ਭੁਗਤਣੇ ਪੈਣਗੇ।" ਨਸ਼ਿਆਂ ਦੀ ਅਲਾਮਤ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਰਵਾਇਤੀ ਸਿਆਸੀ ਪਾਰਟੀਆਂ ਨੇ ਪੰਜਾਬ ਦੀ ਜਵਾਨੀ ਦਾ ਬਹੁਤ ਨੁਕਸਾਨ ਕੀਤਾ ਹੈ ਅਤੇ ਲੋਕ ਜਾਣਦੇ ਹਨ ਕਿ ਨਸ਼ੇ ਦੇ ਵਪਾਰ ਨੂੰ ਕਿਸ ਨੇ ਫੈਲਣ ਦਿੱਤਾ। ਉਨ੍ਹਾਂ ਕਿਹਾ, "ਨਸ਼ੇ ਦੇ ਕਾਰੋਬਾਰ ਨੂੰ ਉਤਸ਼ਾਹਿਤ ਕਰਨ ਅਤੇ ਸਰਪ੍ਰਸਤੀ ਦੇਣ ਵਾਲਿਆਂ ਨੂੰ ਸੱਤਾ ਵਿੱਚ ਵਾਪਸ ਆਉਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਜੇ ਇਹ ਪਾਰਟੀਆਂ ਵਾਪਸ ਆਉਂਦੀਆਂ ਹਨ ਤਾਂ ਉਹ ਪੰਜਾਬ ਅਤੇ ਇਸ ਦੇ ਲੋਕਾਂ ਦਾ ਸ਼ੋਸ਼ਣ ਕਰਨ ਲਈ ਇੱਕ ਵਾਰ ਫਿਰ ਅਧਿਕਾਰਾਂ ਦੀ ਦੁਰਵਰਤੋਂ ਕਰਨਗੀਆਂ।" ਅਕਾਲੀ ਆਗੂ ਸੁਖਬੀਰ ਬਾਦਲ 'ਤੇ ਵਰ੍ਹਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਹ ਪੰਜਾਬ ਦੀ ਜ਼ਮੀਨੀ ਹਕੀਕਤ ਤੋਂ ਟੁੱਟੇ ਹੋਏ ਹਨ ਕਿਉਂਕਿ ਉਨ੍ਹਾਂ ਨੇ ਆਪਣੀ ਜ਼ਿੰਦਗੀ ਸੁੱਖ-ਸਹੂਲਤਾਂ ਅਤੇ ਆਲੀਸ਼ਾਨ ਮਾਹੌਲ ਵਿੱਚ ਬਿਤਾਈ ਹੈ। ਉਨ੍ਹਾਂ ਕਿਹਾ, "ਸੁਖਬੀਰ ਸਿੰਘ ਬਾਦਲ ਕਾਨਵੈਂਟ ਦੇ ਪੜ੍ਹੇ ਨੇਤਾ ਹਨ, ਜੋ ਪੰਜਾਬ ਦੀ ਭੂਗੋਲਿਕ ਸਥਿਤੀ ਬਾਰੇ ਵੀ ਨਹੀਂ ਜਾਣਦੇ ਪਰ ਸੂਬੇ 'ਤੇ ਰਾਜ ਕਰਨਾ ਚਾਹੁੰਦੇ ਹਨ। ਬਾਕੀ ਸਭ ਕੁਝ ਛੱਡੋ, ਉਹ ਪੰਜਾਬ ਦੀਆਂ ਬੁਨਿਆਦੀ ਫਸਲਾਂ ਵਿੱਚ ਵੀ ਫਰਕ ਨਹੀਂ ਕਰ ਸਕਦੇ ਕਿਉਂਕਿ ਉਨ੍ਹਾਂ ਨੂੰ ਲੋਕਾਂ ਦੀਆਂ ਬੁਨਿਆਦੀ ਸਮੱਸਿਆਵਾਂ ਦੀ ਬਹੁਤ ਘੱਟ ਸਮਝ ਹੈ।" ਮੁੱਖ ਮੰਤਰੀ ਨੇ ਕਿਹਾ ਕਿ ਅਕਾਲੀਆਂ ਨੇ ਨਸ਼ਿਆਂ ਦੇ ਵਪਾਰ ਨੂੰ ਉਤਸ਼ਾਹਿਤ ਕਰ ਕੇ ਅਤੇ ਸਰਪ੍ਰਸਤੀ ਦੇ ਕੇ ਪੰਜਾਬ ਦੀਆਂ "ਪੀੜ੍ਹੀਆਂ ਦਾ ਘਾਣ" ਕੀਤਾ ਹੈ। ਉਨ੍ਹਾਂ ਅੱਗੇ ਕਿਹਾ ਕਿ ਨਸ਼ੇ ਵੇਚਣ ਜਾਂ ਵੰਡਣ ਲਈ ਸਰਕਾਰੀ ਵਾਹਨਾਂ ਦੀ ਵਰਤੋਂ ਕੀਤੀ ਗਈ ਅਤੇ ਰਾਜਨੀਤਿਕ ਹਿੱਤਾਂ ਲਈ ਧਰਮ ਦਾ ਸਹਾਰਾ ਲਿਆ ਗਿਆ। ਉਨ੍ਹਾਂ ਕਿਹਾ, "ਨਿੱਜੀ ਸਿਆਸੀ ਹਿੱਤਾਂ ਲਈ ਧਰਮ ਦੀ ਵਰਤੋਂ ਕਰਨਾ ਪਾਪ ਹੈ। ਅਕਾਲੀ ਨੇਤਾਵਾਂ ਨੇ ਆਪਣੇ ਕਾਰਜਕਾਲ ਦੌਰਾਨ ਪੰਜਾਬ ਦੇ ਸਰਮਾਏ ਨੂੰ ਬੇਰਹਿਮੀ ਨਾਲ ਲੁੱਟਿਆ ਅਤੇ ਹੁਣ ਸੂਬੇ ਨੂੰ ਦੁਬਾਰਾ ਲੁੱਟਣ ਲਈ ਦਿੱਲੀ ਨਾਲ ਗਠਜੋੜ ਦੇ ਸੁਪਨੇ ਦੇਖ ਰਹੇ ਹਨ। ਉਨ੍ਹਾਂ ਦੇ ਹਿੱਤ ਹਮੇਸ਼ਾ ਆਪਣੇ ਤੱਕ ਸੀਮਤ ਰਹੇ ਹਨ, ਜਦਕਿ ਆਪ ਸਿਰਫ਼ ਪੰਜਾਬ ਅਤੇ ਇਸ ਦੇ ਲੋਕਾਂ ਲਈ ਵਚਨਬੱਧ ਹੈ।"

ਕਾਂਗਰਸ ਦੀ ਅੰਦਰੂਨੀ ਕਲੇਸ਼ 'ਤੇ ਚੋਟ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਜਿੱਥੇ ਕਾਂਗਰਸੀ ਲੀਡਰ ਸਿਆਸੀ ਤਾਕਤ ਲਈ ਆਪਸ 'ਚ ਲੜ ਰਹੇ ਹਨ, ਉੱਥੇ ਸੂਬਾ ਸਰਕਾਰ ਲੋਕਾਂ ਦੀ ਭਲਾਈ ਲਈ ਦਿਨ-ਰਾਤ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ, "ਉਹ ਸੱਤਾ ਲਈ ਆਪਸ ਵਿੱਚ ਝਗੜ ਰਹੇ ਹਨ, ਜਦਕਿ ਅਸੀਂ ਰੰਗਲਾ ਪੰਜਾਬ ਬਣਾਉਣ ਲਈ ਅਣਥੱਕ ਮਿਹਨਤ ਕਰ ਰਹੇ ਹਾਂ। ਸਾਡੀ ਲੜਾਈ ਮਿਆਰੀ ਸਿੱਖਿਆ, ਚੰਗੀ ਸਿਹਤ ਸੰਭਾਲ ਅਤੇ ਲੋਕਾਂ ਲਈ ਭਲਾਈ ਯੋਜਨਾਵਾਂ ਲਈ ਹੈ। ਕਾਂਗਰਸੀ ਆਗੂ ਇੱਕ ਦੂਜੇ ਨਾਲ ਅੱਖ ਵੀ ਨਹੀਂ ਮਿਲਾਉਂਦੇ ਕਿਉਂਕਿ ਉਨ੍ਹਾਂ ਦੀ ਇੱਕੋ-ਇੱਕ ਚਿੰਤਾ ਸੱਤਾ ਹੈ।"

# ਰਾਘਵ ਚੱਢਾ ਦੀ ਪੰਜਾਬ 'ਚੋਂ ਵੋਟ ਕੱਟੇ ਜਾਣ ਦਾ ਮਾਮਲਾ

## 'ਅਜੇ ਸਿਰਫ਼ ਡਰਾਫਟ ਰੋਲ, ਜਾਂਚ ਜਾਰੀ, 12 ਅਕਤੂਬਰ ਨੂੰ ਆਵੇਗਾ ਫੈਸਲਾ'



ਚੰਡੀਗੜ੍ਹ : ਰਾਜ ਸਭਾ ਮੈਂਬਰ ਰਾਘਵ ਚੱਢਾ ਦਾ ਨਾਂ ਪੰਜਾਬ ਦੀ ਵੋਟਰ ਸੂਚੀ 'ਚੋਂ ਹਟਾਏ ਜਾਣ ਨੂੰ ਲੈ ਕੇ ਚੱਲ ਰਹੇ ਸਿਆਸੀ ਘਮਸਾਨ ਦਰਮਿਆਨ ਚੋਣ ਵਿਭਾਗ ਦੇ ਸੂਤਰਾਂ ਤੋਂ ਵੱਡੀ ਖ਼ਬਰ ਸਾਹਮਣੇ ਆਈ ਹੈ। ਮੁੱਖ ਚੋਣ ਅਫ਼ਸਰ ਦੇ ਦਫ਼ਤਰ ਅਤੇ ਪੰਜਾਬ ਦੇ ਡੀਸੀ ਦਫ਼ਤਰ ਦੇ ਉੱਚ ਪੱਧਰੀ ਸੂਤਰਾਂ ਅਨੁਸਾਰ, ਜਿਸ ਇਲੈਕਟੋਰਲ ਰੋਲ (ਵੋਟਰ ਸੂਚੀ) ਵਿਚ ਰਾਘਵ ਚੱਢਾ ਦਾ ਨਾਂ ਕੱਟਿਆ ਗਿਆ ਹੈ, ਉਹ ਅਜੇ ਅੰਤਿਮ ਸੂਚੀ ਨਹੀਂ ਬਲਕਿ ਸਿਰਫ਼ ਇਕ ਸ਼ੁਰੂਆਤੀ ਖਰੜਾ (ਡਰਾਫਟ ਰੋਲ) ਹੈ। ਸੂਤਰਾਂ ਨੇ ਸਪੱਸ਼ਟ ਕੀਤਾ ਹੈ ਕਿ ਇਸ ਪੂਰੇ ਮਾਮਲੇ ਦੀ ਫਿਲਹਾਲ ਬਾਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ। ਪ੍ਰਸ਼ਾਸਨ ਵਲੋਂ ਇਹ ਦੇਖਿਆ ਜਾ ਰਿਹਾ ਹੈ ਕਿ ਵੋਟਰ ਸੂਚੀ ਦੀ ਵਿਸ਼ੇਸ਼ ਸੁਧਾਈ ਦੌਰਾਨ ਉਨ੍ਹਾਂ ਦਾ ਨਾਂ ਪੱਕੇ ਤੌਰ 'ਤੇ ਦੂਜੀ ਥਾਂ ਦੀ ਸ਼੍ਰੇਣੀ ਵਿਚ ਕਿਸ ਆਧਾਰ 'ਤੇ ਪਾਇਆ ਗਿਆ। ਚੋਣ ਵਿਭਾਗ ਦੇ ਅਧਿਕਾਰੀਆਂ ਅਨੁਸਾਰ ਇਸ ਮਾਮਲੇ 'ਤੇ ਕੋਈ ਵੀ ਜਲਦਬਾਜ਼ੀ ਵਾਲਾ ਫੈਸਲਾ ਨਹੀਂ ਲਿਆ ਜਾਵੇਗਾ। ਮਾਨਯੋਗ ਭਾਰਤੀ ਚੋਣ ਕਮਿਸ਼ਨ ਦੇ ਦਿਸ਼ਾ-ਨਿਰਦੇਸ਼ਾਂ ਅਤੇ ਹੁਕਮਾਂ ਅਨੁਸਾਰ ਪੂਰੇ ਪੰਜਾਬ ਦੀ ਵੋਟਰ ਸੂਚੀ ਦਾ ਅੰਤਿਮ ਅਤੇ ਆਖਰੀ ਫੈਸਲਾ 12 ਅਕਤੂਬਰ ਨੂੰ ਇੱਕਠਾ ਹੀ ਜਾਰੀ ਕੀਤਾ ਜਾਵੇਗਾ। ਦੱਸ ਦਈਏ ਕਿ ਕੁਝ ਸਮਾਂ ਪਹਿਲਾਂ ਭਾਜਪਾ ਵਿਚ ਸ਼ਾਮਲ ਹੋਏ ਰਾਘਵ ਚੱਢਾ ਨੇ 'ਆਪ' ਸਰਕਾਰ 'ਤੇ ਸਿਆਸੀ ਬਦਲਾਖੋਰੀ ਤਹਿਤ ਨਾਂ ਕੱਟਣ ਦੇ ਦੋਸ਼ ਲਗਾਏ ਸਨ, ਜਦਕਿ 'ਆਪ' ਨੇ ਇਸ ਨੂੰ ਚੋਣ ਕਮਿਸ਼ਨ ਦੀ ਇਕ ਰੁਟੀਨ ਪ੍ਰਕਿਰਿਆ ਦੱਸਿਆ ਸੀ। ਹੁਣ 12 ਅਕਤੂਬਰ ਤੱਕ ਜਾਂਚ ਦੀ ਰਿਪੋਰਟ ਆਉਣ ਤੋਂ ਬਾਅਦ ਹੀ ਚੋਣ ਕਮਿਸ਼ਨ ਵਲੋਂ ਇਸ 'ਤੇ ਅੰਤਿਮ ਮੋਹਰ ਲਗਾਈ ਜਾਵੇਗੀ।


LEGAL SERVICES & IMMIGRATION MATTERS

ਕਿਸੇ ਤਰ੍ਹਾਂ ਦੇ ਕਨੂੰਨੀ ਜਾਂ ਇਮੀਗਰੇਸ਼ਨ ਕੇਸ ਲਈ ਮਿਲੋ

* Divorce Cases: Mutual & Contested
* Drink & Driving
* Trafic Tickets
* Domestic Violence Cases
* Notary Services

* RAD appeals (Refugee Appeals)
* IAD appeals (any kind of immigration appeals)
* Judicial Review
* Writ of Mandamus (if your case is being delayed by Immigration)
* Application for asylum (Refugee)
* If your visitor visa work permit or PR application is refused just call us

* Expert Guidance
* Personalized Assistance in every matter

THE SOLUTION YOU NEED CALL US:
519-740-7080

* ਨੋਟਰੀ ਦੀਆਂ ਸੇਵਾਵਾਂ * ਸੈਪਰੇਸ਼ਨ ਐਗਰੀਮੈਂਟ,
* ਤਲਾਕ * ਡ੍ਰਿੰਕ ਐਂਡ ਡ੍ਰਾਈਵਿੰਗ ਦਾ ਕੇਸ
* ਟ੍ਰੈਫਿਕ ਟਿਕਟ * ਘਰੇਲੂ ਹਿੰਸਾ
* ਅਮਰੀਕਾ, ਇੰਗਲੈਂਡ ਵੀਜ਼ਾ ਐਪਲੀਕੇਸ਼ਨ ਭਰਨੀ
* ਰੈਕਰਡ ਸਸਪੈਂਸ਼ਨ ਅਤੇ ਯੂਐਸ ਵੇਵਰ
* ਨੈਕਸਸ, ਫਾਸਟ ਕਾਰਡ, ਸੀਡੀਆਰਪੀ,
* ਕੈਨੇਡੀਅਨ ਪੈਨਸ਼ਨ ਦੀ ਐਪਲੀਕੇਸ਼ਨ ਭਰਨੀ
* ਕੋਈ ਵੀ ਇੰਡੀਅਨ ਸਰਕਾਰੀ ਕਾਗਜ਼ ਪੱਤਰ ਦੀ ਪੰਜਾਬੀ ਤੋਂ ਅੰਗ੍ਰੇਜ਼ੀ ਵਿੱਚ ਟ੍ਰਾਂਸਲੇਸ਼ਨ
* ਪੀਆਰ ਕਾਰਡ ਅਪਲਾਈ ਜਾਂ ਰਿਨੀਊ ਕਰਨਾ
* ਇੰਡੀਆ ਵਿੱਚ ਜ਼ਮੀਨ ਜਾਂ ਪਰਿਵਾਰਕ ਝਗੜੇ

Passport Services for Indian Citizens
* New Passport * Passport Renewal
* Lost or Damaged Passport Replacement
* OCI applications, OCI Card Renewal
* Visa Services: Tourist Visa, E-Visa

Land or Family Disputes in India
* Partition of Property * Removing Illegal Possession * Land Encroachment
* Matrimonial Property Disputes

Cambridge:- 181 Groh Ave., Suite# 201-C, Cambridge, ON N3C 1Y8
Mississauga: 7035 Maxwell Rd., Suite# 203, Mississauga, ON L5S 1R5




# ਭਾਜਪਾ ਨਾਲ ਸ਼ਰਤਾਂ ਤਹਿਤ ਗੱਠਜੋੜ ਲਈ ਤਿਆਰ: ਗਿਆਨੀ ਹਰਪ੍ਰੀਤ ਸਿੰਘ



ਪੰਜਾਬ ਵਿੱਚ ਆਗਾਮੀ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਵਿਚਾਲੇ ਗੱਠਜੋੜ ਦੀ ਚਰਚਾ ਦੌਰਾਨ ਅਕਾਲੀ ਦਲ (ਪੁਨਰ ਸੁਰਜੀਤ) ਨੇ ਪੰਜਾਬ ਅਤੇ ਪੰਥ ਦੇ ਮਸਲਿਆਂ 'ਤੇ ਭਾਜਪਾ ਨਾਲ ਸ਼ਰਤਾਂ ਦੇ ਆਧਾਰ 'ਤੇ ਗੱਠਜੋੜ ਕਰਨ ਲਈ ਸਹਿਮਤੀ ਜਤਾਈ ਹੈ। ਪਾਰਟੀ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੇ ਇੱਥੋਂ ਦੇ ਮੱਖਣ ਸ਼ਾਹ ਲੁਬਾਣਾ ਭਵਨ ਵਿੱਚ ਸੀਨੀਅਰ ਆਗੂਆਂ ਨਾਲ ਮੀਟਿੰਗ ਕਰਨ ਮਗਰੋਂ ਪੱਤਰਕਾਰਾਂ ਨੂੰ ਸਪੱਸ਼ਟ ਕੀਤਾ ਕਿ ਇਹ ਸਮਝੌਤਾ ਪੰਜਾਬ ਦੇ ਹਿੱਤਾਂ ਨੂੰ ਮੁੱਖ ਰੱਖ ਕੇ ਕੀਤਾ ਜਾਵੇਗਾ ਅਤੇ ਇਹ ਬਾਦਲਾਂ ਵੱਲੋਂ 1996 ਵਿੱਚ ਕੀਤੇ ਬਿਨਾਂ ਸ਼ਰਤ ਗੱਠਜੋੜ ਵਾਂਗ ਨਹੀਂ ਹੋਵੇਗਾ।

ਮੀਟਿੰਗ ਵਿੱਚ ਸ਼ਾਮਲ ਪ੍ਰੇਮ ਸਿੰਘ ਚੰਦੂਮਾਜਰਾ, ਬੀਬੀ ਜਗੀਰ ਕੌਰ, ਗੁਰਪ੍ਰਤਾਪ ਸਿੰਘ ਵਡਾਲਾ, ਪਰਮਿੰਦਰ ਸਿੰਘ ਢੀਂਡਸਾ, ਸੁੱਚਾ ਸਿੰਘ ਛੋਟੇਪੁਰ, ਡਾ. ਰਤਨ ਸਿੰਘ ਅਜਨਾਲਾ, ਗੋਬਿੰਦ ਸਿੰਘ ਲੌਂਗੋਵਾਲ, ਸਰਵਣ ਸਿੰਘ ਫਿਲੌਰ, ਮਨਜੀਤ ਸਿੰਘ, ਗਗਨਜੀਤ ਸਿੰਘ ਬਰਨਾਲਾ ਅਤੇ ਪਰਮਜੀਤ ਕੌਰ ਗੁਲਸ਼ਨ ਨੇ ਕਿਹਾ ਕਿ ਬਾਦਲ ਪਰਿਵਾਰ ਨੂੰ ਛੱਡ ਕੇ ਬਾਕੀ ਸਾਰੇ ਅਕਾਲੀ ਧੜਿਆਂ ਅਤੇ ਪੰਥਕ ਜਥੇਬੰਦੀਆਂ ਲਈ ਪਾਰਟੀ ਦੇ ਦਰਵਾਜ਼ੇ ਹਮੇਸ਼ਾ ਖੁੱਲ੍ਹੇ ਰਹਿਣਗੇ। ਉਨ੍ਹਾਂ ਜਥੇਬੰਦਕ ਢਾਂਚਾ ਹੋਰ ਮਜ਼ਬੂਤ ਕਰਨ ਲਈ ਜਲਦੀ ਹੀ ਹਲਕਿਆਂ 'ਚ ਮੁੱਖ ਸੇਵਾਦਾਰ ਨਿਯੁਕਤ ਕਰਨ ਦਾ ਵੀ ਐਲਾਨ ਕੀਤਾ। ਸਾਲ 2027 ਦੀਆਂ ਚੋਣਾਂ ਲਈ ਰਣਨੀਤੀ ਉਲੀਕਦਿਆਂ ਪਾਰਟੀ ਨੇ ਤਜਰਬੇਕਾਰ ਲੀਡਰਸ਼ਿਪ ਦੇ ਨਾਲ-ਨਾਲ ਨੌਜਵਾਨ ਪੀੜ੍ਹੀ ਨੂੰ ਅੱਗੇ ਲਿਆਉਣ ਦਾ ਫ਼ੈਸਲਾ ਕੀਤਾ ਹੈ। ਇਸੇ ਦੌਰਾਨ ਚੰਦੂਮਾਜਰਾ ਨੇ ਦੱਸਿਆ ਕਿ ਜਗਤਾਰ ਸਿੰਘ ਹਵਾਰਾ ਦੀ ਪੈਰੋਲ ਸਬੰਧੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖਿਆ ਗਿਆ ਸੀ, ਜਿਸ ਦੇ ਜਵਾਬ ਵਿੱਚ ਪ੍ਰਧਾਨ ਮੰਤਰੀ ਨੇ ਕਿਹਾ ਕਿ ਇਹ ਮਾਮਲਾ ਕਾਰਵਾਈ ਲਈ ਕੇਂਦਰੀ ਗ੍ਰਹਿ ਮੰਤਰੀ ਨੂੰ ਭੇਜ ਦਿੱਤਾ ਗਿਆ ਹੈ। ਇਸ ਮਗਰੋਂ ਹੁਣ ਪਾਰਟੀ ਦਾ ਵਫ਼ਦ ਹਵਾਰਾ ਦੀ ਪੈਰੋਲ ਲਈ ਜਲਦੀ ਹੀ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ ਕਰੇਗਾ। ਭਾਜਪਾ ਆਗੂਆਂ ਵੱਲੋਂ ਪੰਜਾਬ ਦੀਆਂ ਸਾਰੀਆਂ 117 ਸੀਟਾਂ 'ਤੇ ਇਕੱਲਿਆਂ ਚੋਣ ਲੜਨ ਦੇ ਦਾਅਵੇ ਕੀਤੇ ਜਾ ਰਹੇ ਹਨ ਪਰ ਅੰਦਰਖਾਤੇ ਅਕਾਲੀ ਦਲ (ਪੁਨਰ ਸੁਰਜੀਤ) ਅਤੇ ਹੋਰ ਧਿਰਾਂ ਨਾਲ ਗੱਠਜੋੜ ਦੀ ਚਰਚਾ ਵੀ ਜ਼ੋਰਾਂ ਉੱਤੇ ਹਨ। ਸੂਤਰਾਂ ਅਨੁਸਾਰ ਸੀਟਾਂ ਦੀ ਵੰਡ ਬਾਰੇ ਫ਼ੈਸਲਾ ਪਾਰਟੀ ਹਾਈਕਮਾਨ ਵੱਲੋਂ ਬਾਅਦ ਵਿੱਚ ਲਿਆ ਜਾਵੇਗਾ। ਕਿਸਾਨ ਅੰਦੋਲਨ ਕਾਰਨ ਸਤੰਬਰ 2020 ਵਿੱਚ ਟੁੱਟੇ ਪੁਰਾਣੇ ਗਠੱਜੋੜ ਮਗਰੋਂ ਭਾਜਪਾ ਨੇ 2022 ਦੀਆਂ ਵਿਧਾਨ ਸਭਾ ਅਤੇ 2024 ਦੀਆਂ ਲੋਕ ਸਭਾ ਚੋਣਾਂ ਇਕੱਲਿਆਂ ਲੜੀਆਂ ਸਨ। ਇਸ ਦੌਰਾਨ ਦਿਹਾਤੀ ਖੇਤਰਾਂ ਵਿੱਚ ਪਾਰਟੀ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਹੁਣ ਭਾਜਪਾ ਇਹ ਕਮਜ਼ੋਰੀ ਦੂਰ ਕਰਨ ਲਈ ਪੇਂਡੂ ਆਧਾਰ ਵਾਲੀਆਂ ਪਾਰਟੀਆਂ ਨਾਲ ਹੱਥ ਮਿਲਾਉਣ ਦੀ ਤਿਆਰੀ ਵਿੱਚ ਹੈ।

# ਟੋਰਾਂਟੋ ਆਈਲੈਂਡ 'ਚ ਹੋਏ 'ਸੁਪਰ ਪਾਵਰ 5, 10 ਤੇ 15 ਕਿਲੋਮੀਟਰ ਦੌੜ' ਈਵੈਂਟ 'ਚ ਟੀਪੀਏਆਰ ਕਲੱਬ ਦੇ ਮੈਂਬਰਾਂ ਨੇ ਕੀਤੀ ਸ਼ਮੂਲੀਅਤ




ਟੋਰਾਂਟੋ, (ਡਾ. ਝੰਡ) – ਲੰਘੇ ਸ਼ਨੀਵਾਰ 29 ਅਗਸਤ ਨੂੰ ਟੋਰਾਂਟੋ ਡਾਊਨ ਟਾਊਨ ਨੇੜਲੇ ਆਈਲੈਂਡ ਵਿੱਚ ਆਯੋਜਿਤ ਕੀਤੇ ਗਏ 'ਸੁਪਰ ਪਾਵਰ 5, 10 ਤੇ 15 ਕਿਲੋਮੀਟਰ ਦੌੜ ਈਵੈਂਟ' ਵਿੱਚ 'ਟੋਰਾਂਟੋ ਪੀਅਰਸਨ ਏਅਰਪੋਰਟ ਰੱਨਰਜ਼ ਕਲੱਬ' (ਟੀਪੀਏਆਰ ਕਲੱਬ) ਦੇ ਛੇ ਮੈਂਬਰਾਂ ਨੇ ਸਫ਼ਲਤਾ ਪੂਰਵਕ ਭਾਗ ਲਿਆ। ਕਲੱਬ ਵੱਲੋਂ ਇਸ ਈਵੈਟ 'ਚ ਜਾਣ ਹਦਾ ਕੋਈ ਪ੍ਰੋਗਰਾਮ ਨਹੀਂ ਸੀ ਅਤੇ ਉਹ ਨਿੱਜੀ ਰੂਪ ਵਿੱਚ ਹੀ ਦੌੜ ਦੇ ਇਸ ਈਵੈਂਟ ਚ ਸ਼ਾਮਲ ਹੋਏ। ਇਨ੍ਹਾਂ ਵਿੱਚ ਤੇਜ਼-ਤਰਾਰ ਦੌੜਾਕ ਸੁਰਿੰਦਰ ਸਿੰਘ ਨਾਗਰਾ, ਸੁਖਦੇਵ ਸਿੱਧੂ, ਕਰਮਜੀਤ ਗਿੱਲ, ਰਾਹੁਲ ਗਰੇਵਾਲ, ਪਰਮਜੀਤ ਗਰੇਵਾਲ ਅਤੇ ਸੁਰਿੰਦਰ ਨਾਗਰਾ ਦੀ ਧਰਮ ਪਤਨੀ ਦਵਿੰਦਰ ਕੌਰ ਨਾਗਰਾ ਸ਼ਾਮਲ ਸਨ। ਉਹ ਸਵੇਰੇ ਛੇ ਵਜੇ ਕਾਰਾਂ ਰਾਹੀਂ ਟੋਰਾਂਟੋ ਡਾਊਨ ਟਾਊਨ ਪਹੁੰਚੇ ਅਤੇ ਜੈਕ ਲੇਟਿਨ ਫੈਰੀ ਟਰਮੀਨਲ ਤੋਂ ਫੈਰੀ 'ਚ ਸਵਾਰ ਹੋ ਕੇ ਆਈਲੈਂਡ ਵਿਚ ਦੌੜਾਂ ਦੇ ਈਵੈਂਟ ਦੇ ਆਰੰਭ ਹੋਣ ਵਾਲੇ ਸਥਾਨ 'ਤੇ ਸਵੇਰੇ ਅੱਠ ਵਜੇ ਦੇ ਕਰੀਬ ਪਹੁੰਚ ਗਏ। 9.00 ਵਜੇ ਆਰੰਭ ਹੋਏ ਦੌੜਾਂ ਦੇ ਇਸ ਈਵੈਂਟ ਵਿੱਚ 600 ਤੋਂ ਵਧੇਰੇ ਦੌੜਾਕਾਂ ਤੇ ਪੈਦਲ-ਚਾਲਕਾਂ ਨੇ ਭਾਗ ਲਿਆ।

ਜ਼ਿਕਰਯੋਗ ਹੈ ਕਿ 5, 10 ਅਤੇ 15 ਕਿਲੋਮੀਟਰ ਦੌੜਾਂ ਦਾ ਇਹ 'ਸੁਪਰ ਹੀਰੋ ਚੈਲਿੰਜ ਈਵੈਂਟ' ਹਾਲੈਂਡ ਬਰੂਵਵਿਊ ਕਿਡਜ਼ ਰੀਹੈਬਿਲੀਟੇਸ਼ਨ ਹਸਪਤਾਲ ਵੱਲੋਂ ਚੈਰਿਟੀ ਦੌੜ ਵਜੋਂ ਹਰ ਸਾਲ ਕਰਵਾਇਆ ਜਾਂਦਾ ਹੈ ਅਤੇ ਇਸ ਵਿੱਚ ਇਕੱਤਰ ਹੋਈ ਰਾਸ਼ੀ ਇਸ ਹਸਪਤਾਲ ਵਿਖੇ ਦਾਖ਼ਲ ਦਿਮਾਗ਼ੀ ਤੌਰ 'ਤੇ ਪੱਛੜੇ ਬੱਚਿਆਂ (ਇਨਟੌਲਲੇ ਰਣਟੋਰਟਦ ਕਿਦਸ) ਦੇ ਇਲਾਜ ਲਈ ਵਰਤੀ ਜਾਂਦੀ ਹੈ। ਇਸ ਤਰ੍ਹਾਂ ਦੌੜ ਦੇ ਇਹ ਈਵੈਂਟ ਦਾ ਮਨੋਰਥ ਬੜਾ ਪਾਕ-ਪਵਿੱਤਰ ਅਤੇ ਮਨੁੱਖੀ ਭਲਾਈ ਵਾਲਾ ਹੈ। ਹਰ ਸਾਲ ਹਜ਼ਾਰਾਂ ਦੀ ਗਿਣਤੀ ਵਿੱਚ ਦੌੜਾਕ ਅਤੇ ਪੈਦਲ ਚਾਲਕ ਇਸ ਈਵੈਂਟ ਵਿੱਚ ਬੜੇ ਉਤਸ਼ਾਹ ਨਾਲ ਭਾਗ ਲੈਂਦੇ ਹਨ ਅਤੇ ਇਸ ਮਹਾਨ ਚੈਰਿਟੀ ਵਿੱਚ ਆਪਣਾ ਯੋਗਦਾਨ ਪਾਉਂਦੇ ਹਨ। ਈਵੈਂਟ ਦੇ ਪ੍ਰਬੰਧਕਾਂ ਦੇ ਦੱਸਣ ਅਨੁਸਾਰ ਇਸ ਸਾਲ ਇਸ ਈਵੈਂਟ ਵਿੱਚ 24,000 ਡਾਲਰ ਦੀ ਰਕਮ ਚੈਰਿਟੀ ਲਈ ਇਕੱਤਰ ਹੋਈ ਜੋ ਕਿ ਬੜਾ ਸ਼ਲਾਘਾਯੋਗ ਉੱਦਮ ਹੈ।

ਟੀਪੀਏਆਰ ਕਲੱਬ ਦੇ ਉਪਰੋਕਤ ਮੈਂਬਰਾਂ ਵਿੱਚੋਂ ਸੁਰਿੰਦਰ ਨਾਗਰਾ ਤੇ ਸੁਖਦੇਵ ਸਿੱਧੂ ਨੇ ਇਸ ਈਵੈਂਟ ਵਿੱਚ 5 ਕਿਲੋਮੀਟਰ ਦੌੜ ਵਿੱਚ ਭਾਗ ਲਿਆ ਅਤੇ ਕਰਮਜੀਤ ਗਿੱਲ ਇੱਥੇ 10 ਕਿਲੋਮੀਟਰ ਦੌੜਿਆ। ਸੁਰਿੰਦਰ ਨਾਗਰਾ ਨੇ 5 ਕਿਲੋਮੀਟਰ ਦੌੜ 28 ਮਿੰਟ 8 ਸਕਿੰਟ ਵਿੱਚ ਅਤੇ ਸੁਖਦੇਵ ਸਿੱਧੂ ਨੇ ਇਹ 28 ਮਿੰਟ 19 ਸਕਿੰਟ ਵਿੱਚ ਸਫ਼ਲਤਾ ਪੂਰਵਕ ਸੰਪੰਨ ਕੀਤੀ ਅਤੇ ਕਰਮਜੀਤ ਗਿੱਲ ਨੇ 10 ਕਿਲੋਮੀਟਰ ਦੌੜ ਲਈ ਇੱਕ ਘੰਟਾ, ਇੱਕ ਮਿੰਟ, 5 ਸਕਿੰਟ ਦਾ ਸਮਾਂ ਲਿਆ, ਜਦਕਿ ਰਾਹੁਲ ਗਰੇਵਾਲ, ਪਰਮਜੀਤ ਗਰੇਵਾਲ ਅਤੇ ਦਵਿੰਦਰ ਕੌਰ ਨਾਗਰਾ ਨੇ ਇਸ ਵਿੱਚ ਪੈਦਲ-ਚਾਲ ਚੱਲ ਕੇ 5 ਕਿਲੋਮੀਟਰ ਪੈਂਡਾ ਸਫ਼ਲਤਾ ਪੂਰਵਕ ਤੈਅ ਕੀਤਾ। ਇੰਜ, ਉਪਰੋਕਤ ਤਿੰਨਾਂ ਤੇਜ਼ ਦੌੜਾਕਾਂ ਦਾ ਸਮਾਂ ਇਸ ਈਵੈਂਟ ਵਿੱਚ ਬੜਾ ਵਧੀਆ ਰਿਹਾ ਅਤੇ ਈਵੈਂਟ ਦੇ ਆਯੋਜਕਾਂ ਵੱਲੋਂ ਮੰਚ ਉੱਪਰ ਇਨ੍ਹਾਂ ਤਿੰਨਾਂ ਦੇ ਨਾਂਵਾਂ ਦੇ ਨਾਲ ਟੀਪੀਏਆਰ ਕਲੱਬ ਦਾ ਨਾਂ ਲੈ ਕੇ ਇਨ੍ਹਾਂ ਦੀ ਹੌਸਲਾ ਅਫ਼ਜ਼ਾਈ ਕੀਤੀ ਗਈ। ਇਸ ਤਰ੍ਹਾਂ ਟੀਪੀਏਆਰ ਕਲੱਬ ਦੇ ਇਨ੍ਹਾਂ ਛੇ ਮੈਂਬਰਾਂ ਵੱਲੋਂ ਇਸ ਈਵੈਂਟ ਵਿੱਚ ਭਾਗ ਲੈ ਕੇ ਕਲੱਬ ਦਾ ਨਾਂ ਟੋਰਾਂਟੋ ਆਈਲੈਂਡ ਦੀ ਅਤੀ ਸੁੰਦਰ ਤੇ ਰਮਣੀਕ ਫ਼ਿਜ਼ਾ ਵਿੱਚ ਟੀਪੀਏਆਰ ਕਲੱਬ ਦਾ ਨਾਂ ਬਾਖ਼ੂਬੀ ਗੁੰਜਾਇਆ। ਕਲੱਬ ਦੇ ਸਮੂਹ ਮੈਂਬਰਾਂ ਵੱਲੋਂ ਇਨ੍ਹਾਂ ਛੇ ਮੈਂਬਰਾਂ ਨੂੰ ਵਧਾਈ ਦਿੱਤੀ ਗਈ ਅਤੇ ਇਸ ਈਵੈਂਟ ਵਿੱਚ ਭਾਗ ਲੈਣ ਲਈ ਇਨ੍ਹਾਂ ਦਾ ਧੰਨਵਾਦ ਕੀਤਾ ਗਿਆ।

# ਸੁਖਬੀਰ ਬਾਦਲ ਚੰਡੀਗੜ੍ਹ ਦੀ ਅਦਾਲਤ ਵਿੱਚ ਪੇਸ਼

ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅੱਜ ਕੋਟਕਪੂਰਾ ਗੋਲੀ ਕਾਂਡ ਅਤੇ ਬੇਅਦਬੀ ਨਾਲ ਜੁੜੇ ਹੋਰਨਾਂ ਮਾਮਲਿਆਂ ਵਿੱਚ ਹੋਰਨਾਂ ਮੁਲਜ਼ਮਾਂ ਸਮੇਤ ਚੰਡੀਗੜ੍ਹ ਦੀ ਅਦਾਲਤ ਵਿੱਚ ਪੇਸ਼ ਹੋਏ। ਸੁਣਵਾਈ ਦੌਰਾਨ ਅਦਾਲਤ ਵਿੱਚ ਭਾਰੀ ਸੁਰੱਖਿਆ ਬਲ ਤਾਇਨਾਤ ਰਿਹਾ। ਅਦਾਲਤ ਦੇ ਬਾਹਰ ਵੀ ਵੱਡੀ ਗਿਣਤੀ ਵਿੱਚ ਪੁਲੀਸ ਮੁਲਾਜ਼ਮ ਤਾਇਨਾਤ ਕੀਤੇ ਗਏ ਸਨ। ਇਸ ਤੋਂ ਪਹਿਲਾਂ 10 ਅਗਸਤ ਨੂੰ ਹੋਈ ਸੁਣਵਾਈ ਦੌਰਾਨ ਪੰਜਾਬ ਪੁਲੀਸ ਵੱਲੋਂ ਪਬਲਿਕ ਪ੍ਰੌਸੀਕਿਊਟਰ ਜ਼ਰੀਏ ਕੋਟਕਪੂਰਾ ਅਤੇ ਬਹਿਬਲ ਕਲਾਂ ਗੋਲੀ ਕਾਂਡ ਦੀ ਬਕਾਇਆ ਜਾਂਚ ਬਾਰੇ ਇੱਕ ਸੀਲਬੰਦ ਲਿਫ਼ਾਫ਼ੇ ਵਿੱਚ ਸਟੇਟਸ ਰਿਪੋਰਟ ਚੰਡੀਗੜ੍ਹ ਦੀ ਅਦਾਲਤ ਵਿੱਚ ਦਾਖ਼ਲ ਕੀਤੀ ਗਈ ਸੀ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਨਿਰਦੇਸ਼ਾਂ 'ਤੇ ਅਪਰੈਲ 2026 ਵਿੱਚ ਕੋਟਕਪੂਰਾ ਗੋਲੀ ਕਾਂਡ ਅਤੇ ਜਾਇਦਾਦ ਦੇ ਨੁਕਸਾਨ ਨਾਲ ਸਬੰਧਤ ਬੇਅਦਬੀ ਕੇਸਾਂ ਦੀ ਸੁਣਵਾਈ ਚੰਡੀਗੜ੍ਹ ਸੈਸ਼ਨ ਕੋਰਟ ਵਿੱਚ ਤਬਦੀਲ ਕਰ ਦਿੱਤੀ ਗਈ ਸੀ।

ਕੋਟਕਪੂਰਾ ਗੋਲੀ ਕਾਂਡ ਦੀ ਇਹ ਘਟਨਾ 14 ਅਕਤੂਬਰ 2015 ਨੂੰ ਵਾਪਰੀ ਸੀ, ਜੋ ਕਿ ਜੂਨ ਅਤੇ ਸਤੰਬਰ 2015 ਵਿੱਚ ਬਰਗਾੜੀ ਅਤੇ ਬੁਰਜ ਜਵਾਹਰ ਸਿੰਘ ਵਾਲਾ ਪਿੰਡਾਂ ਦੇ ਗੁਰਦੁਆਰਿਆਂ ਵਿੱਚ ਹੋਈਆਂ ਬੇਅਦਬੀ ਦੀਆਂ ਘਟਨਾਵਾਂ ਤੋਂ ਬਾਅਦ ਵਾਪਰੀ ਸੀ। ਬੇਅਦਬੀ ਦੀਆਂ ਇਨ੍ਹਾਂ ਘਟਨਾਵਾਂ ਵਿਰੁੱਧ ਰੋਸ ਪ੍ਰਦਰਸ਼ਨ ਕਰ ਰਹੇ ਪ੍ਰਦਰਸ਼ਨਕਾਰੀਆਂ 'ਤੇ ਪੁਲੀਸ ਵੱਲੋਂ ਗੋਲੀਬਾਰੀ ਕੀਤੀ ਗਈ ਸੀ। ਇਸ ਦੌਰਾਨ ਬਹਿਬਲ ਕਲਾਂ ਵਿਖੇ ਹੋਈ ਗੋਲੀਬਾਰੀ ਵਿੱਚ ਦੋ ਵਿਅਕਤੀਆਂ ਦੀ ਮੌਤ ਹੋ ਗਈ ਸੀ, ਜਦੋਂ ਕਿ ਕੋਟਕਪੂਰਾ ਦੀ ਘਟਨਾ ਵਿੱਚ ਕਈ ਲੋਕ ਜ਼ਖ਼ਮੀ ਹੋ ਗਏ ਸਨ। ਇਸ ਮਾਮਲੇ ਵਿੱਚ ਸਾਬਕਾ ਪੁਲੀਸ ਮੁਖੀ (ਡੀ.ਜੀ.ਪੀ.) ਸੁਮੇਧ ਸਿੰਘ ਸੈਣੀ, ਪਰਮਰਾਜ ਸਿੰਘ ਉਮਰਾਨੰਗਲ, ਚਰਨਜੀਤ ਸਿੰਘ ਸ਼ਰਮਾ, ਅਮਰ ਸਿੰਘ ਚਾਹਲ ਅਤੇ ਸੁਖਮਿੰਦਰ ਸਿੰਘ ਮਾਨ ਸਮੇਤ ਕਈ ਸੀਨੀਅਰ ਪੁਲੀਸ ਅਧਿਕਾਰੀ ਵੀ ਮੁਲਜ਼ਮ ਹਨ। ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੀ ਕੋਟਕਪੂਰਾ ਗੋਲੀ ਕਾਂਡ ਵਿੱਚ ਮੁਲਜ਼ਮਾਂ ਵਿੱਚ ਸ਼ਾਮਲ ਹਨ।

## ਸੱਭਿਆਚਾਰ ਕਈ ਤੇ ਕਮਿਊਨਿਟੀ ਇੱਕ...

# ਫ਼ਲਾਵਰ ਸਿਟੀ ਫ਼ਰੈਂਡਜ਼ ਕਲੱਬ ਨੇ ਤੀਸਰੀ ਸਲਾਨਾ ਸਟਰੀਟ ਪਾਰਟੀ ਬੜੇ ਉਤਸ਼ਾਹ ਨਾਲ ਕੀਤੀ



ਬਰੈਂਪਟਨ, (ਡਾ. ਝੰਡ) – ਲੰਘੇ ਸ਼ਨੀਵਾਰ 29 ਅਗਸਤ ਨੂੰ ਫ਼ਲਾਵਰ ਸਿਟੀ ਫ਼ਰੈਂਡਜ਼ ਕਲੱਬ ਵੱਲੋਂ ਆਪਣੀ ਤੀਸਰੀ ਸਲਾਨਾ ਸਟਰੀਟ ਪਾਰਟੀ ਬੜੇ ਜੋਸ਼ ਤੇ ਉਤਸ਼ਾਹ ਨਾਲ ਕੀਤੀ ਗਈ। ਕਲੱਬ ਦੇ 250 ਤੋਂ ਉੱਪਰ ਪਰਿਵਾਰਕ ਮੈਂਬਰਾਂ ਵੱਲੋਂ ਬਾਰ-ਬੀ-ਕਿਊ, ਗੀਤ-ਸੰਗੀਤ, ਨਾਚ-ਗਾਣੇ, ਗਿੱਧੇ ਤੇ ਭੰਗੜੇ ਦਾ ਖ਼ੂਬ ਸੁਮੇਲ ਹੋਇਆ ਅਤੇ ਬੱਚੇ, ਨੌਜੁਆਨ ਤੇ ਬਜ਼ੁਰਗਾਂ ਨੇ ਮਿਲ ਕੇ ਇਸਦਾ ਅਨੰਦ ਮਾਣਿਆ। ਪਾਰਟੀ ਦਾ ਮਕਸਦ ਇੱਕ ਦੂਸਰੇ ਨੂੰ ਮਿਲਣਾ ਅਤੇ ਹੋਰ ਚੰਗੀ ਤਰ੍ਹਾਂ ਜਾਣਨਾ ਸੀ ਜਿਸ ਨੂੰ ਪੂਰਾ ਕਰਨ ਵਿੱਚ ਇਹ ਪੂਰੀ ਤਰ੍ਹਾਂ ਸਫ਼ਲ ਰਹੀ। ਮੈਂਬਰ ਪਾਰਲੀਮੈਂਟ ਰੂਬੀ ਸਹੋਤਾ ਤੇ ਅਮਨਦੀਪ ਸੋਢੀ, ਐੱਮ.ਪੀ.ਪੀ. ਚਾਰਮੇਨ ਵਿਲੀਅਮਜ਼ ਅਤੇ ਰੀਜਨਲ ਕੌਂਸਲਰਜ਼ ਰੋਵੀਨਾ ਸੈਂਟੋਸ ਤੇ ਪਾਲ ਵਿਸੈਂਟੇ ਵੱਲੋਂ ਇਸ ਵਿੱਚ ਸ਼ਿਰਕਤ ਕੀਤੀ ਗਈ। ਇਸ ਪਾਰਟੀ ਦੇ ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਇਸ ਕਲੱਬ ਦੇ ਚੇਅਰਪਰਨ ਗਿਆਨ ਪਾਲ ਨੇ ਸਰੋਤਿਆਂ ਨੂੰ ਮੁਖ਼ਾਤਿਬ ਹੁੰਦਿਆਂ ਕਿਹਾ, "ਜਦੋਂ ਆਂਢੀ-ਗਵਾਂਢੀ ਮਿਲਦੇ ਹਨ, ਰ਼ਲ-ਮਿ਼ਲ ਕੇ ਖਾਂਦੇ-ਪੀਂਦੇ ਅਤੇ ਸ਼ੁਗਲ-ਮੇਲਾ ਕਰਦੇ ਹਨ ਤਾਂ ਫਿਰ ਦੋਸਤੀ ਦਾ ਸ਼ੁਭ-ਆਰੰਭ ਹੁੰਦਾ ਹੈ। ਅੱਜ ਇਸ ਪਾਰਟੀ ਵਿੱਚ ਇਕੱਠੇ ਹੋਏ 250 ਦੇ ਲੱਗਭੱਗ ਲੋਕ ਕੋਈ ਵੱਖ-ਵੱਖ ਕਮਿਊਨਿਟੀਆਂ ਨਹੀਂ, ਸਗੋਂ ਇੱਕ ਹੀ ਕਮਿਊਨਿਟੀ ਹਨ। ਉਨ੍ਹਾਂ ਦੇ ਸੱਭਿਆਚਾਰ ਵੱਖੋ-ਵੱਖਰੇ ਹੋ ਸਕਦੇ ਹਨ ਪਰ ਮੂਲ ਰੂਪ ਵਿੱਚ ਉਹ ਇੱਕ ਹੀ ਕਮਿਊਨਿਟੀ ਹਨ। ਸਟਰੀਟ ਪਾਰਟੀ ਦਾ ਮੁੱਖ-ਮੰਤਵ ਇੱਕ ਦੂਸਰੇ ਨੂੰ ਜਾਣਨਾ, ਪਹਿਚਾਣਨਾ ਤੇ ਇੱਕੱਠੇ ਮਿਲ ਬੈਠਣਾ ਹੈ।"

ਇਸ ਇਕੱਤਰਤਾ ਦੀ ਸਰਾਹਨਾ ਕਰਦਿਆਂ ਐੱਮ.ਪੀ.ਪੀ. ਚਾਰਮੇਨ ਵਿਲੀਅਮਜ਼ ਨੇ ਕਿਹਾ ਕਿ ਵੱਖ-ਵੱਖ ਪਿਛੋਕੜਾਂ ਤੋਂ ਆਏ ਰ਼ਲ- ਮਿ਼ਲ ਕੇ ਬੈਠੇ ਇਹ ਪਰਿਵਾਰ ਬਰੈਂਪਟਨ ਦੀ ਸੰਗਠਿਤ ਤਾਕਤ ਦੀ ਝਲਕ ਹੈ। ਉਨ੍ਹਾਂ ਦੇ ਵਿਚਕਾਰ ਦੋਸਤੀ ਅਤੇ ਆਪਸੀ ਸਤਿਕਾਰ ਦਾ ਮਜ਼ਬੂਤ ਪੁ਼ਲ ਹੈ। ਕੈਨੇਡਾ ਦੇ ਬਹੁ-ਸੱਭਿਆਚਾਰ ਦੀ ਗੱਲ ਕਰਦਿਆਂ ਐੱਮ.ਪੀ. ਰੂਬੀ ਸਹੋਤਾ ਨੇ ਬਰੈਂਪਟਨ-ਵਾਸੀਆਂ ਨੂੰ ਇਕੱਠੇ ਬੈਠਣ ਤੇ ਮਿਲਣ-ਜੁਲਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ, ਜਦ ਕਿ ਐੱਮ.ਪੀ. ਅਮਨਦੀਪ ਸੋਢੀ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਕਮਿਊਨਿਟੀਆਂ ਉਦੋਂ ਹੀ ਮਜ਼ਬੂਤ ਹੁੰਦੀਆਂ ਹਨ, ਜਦੋਂ ਆਂਢ-ਗਵਾਂਢ ਵਿੱਚ ਉਹ ਇੱਕ ਦੂਸਰੇ ਨੂੰ ਚੰਗੀ ਤਰ੍ਹਾਂ ਮਿਲਦੀਆਂ ਅਤੇ ਜਾਣਦੀਆਂ- ਪਹਿਚਾਣਦੀਆਂ ਹਨ।" ਨੇਬਰਹੁਡ ਐਸੋਸੀਏਸ਼ਨ ਦੇ ਮਹੱਤਵ ਦੀ ਗੱਲ ਕਰਦਿਆਂ ਰੀਜਨਲ ਕੌਂਸਲਰਜ਼ ਰੋਵੀਨਾ ਸੈਂਟੋਸ ਨੇ ਕਿਹਾ ਕਿ ਇਹ ਇਕ ਦੂਸਰੇ ਪ੍ਰਤੀ ਵਿਸ਼ਵਾਸ਼ ਦੀ ਭਾਵਨਾ ਪੈਦਾ ਕਰਦੀਆਂ ਹਨ। ਪਾਲ ਵਿਸੈਂਟੇ ਵੱਲੋਂ ਇਸ ਮੌਕੇ ਗਵਾਂਢੀਆਂ ਨਾਲ ਨਿੱਘੇ ਸਬੰਦਾਂ ਚੰਗੇ ਮੇ਼ਲ-ਜੋ਼ਲ ਦੀ ਭਰਵੀਂ ਤਾਰੀਫ਼ ਕੀਤੀ ਗਈ। 'ਪੀਪਲ ਅਗੇਨਸਟ ਲਿਟਰਿੰਗ' ਦੇ ਪ੍ਰਧਾਨ ਬਿਲ ਗੌਡਫਰੇ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਮਜ਼ਬੂਤ ਕਮਿਊਨਿਟੀ ਉਹ ਹੈ ਜਿਸ ਵਿੱਚ ਲੋਕ ਕੇਵਲ ਇੱਕ-ਦੂਸਰੇ ਦਾ ਹੀ ਖ਼ਿਆਲ ਨਹੀਂ ਰੱਖਦੇ ਹਨ, ਸਗੋਂ ਆਪਣੇ ਗਵਾਂਢੀਆਂ ਦਾ ਵੀ ਓਨਾ ਹੀ ਧਿਆਨ ਕਰਦੇ ਹਨ।"

ਚੱਲ ਰਹੀ ਇਸ ਪਾਰਟੀ ਦੌਰਾਨ ਗਿੱਧਾ, ਭੰਗੜਾ, ਗੀਤ-ਸੰਗੀਤ, ਹਾਸਾ-ਠੱਠਾ ਨਿਰੰਤਰ ਜਾਰੀ ਰਿਹਾ। ਅਨੁਜਾ ਕਾਬਲੀ, ਜਿਓਤੀ ਡੈਡਲਿਆ ਅਤੇ ਜੈਸਿਕਾ ਦੀ ਅਗਵਾਈ ਵਿੱਚ ਬੱਚਿਆਂ ਅਤੇ ਔਰਤਾਂ ਦੀਆਂ ਕਈ ਗੇਮਾਂ ਨਾਲੋ-ਨਾਲ ਚੱਲਦੀਆਂ ਰਹੀਆਂ। ਖਾਣਾ ਇਸ ਪਾਰਟੀ ਦਾ ਮਹੱਤਵਪੂਰਨ ਅੰਗ ਸੀ। ਇੱਕ ਪਾਸੇ ਬਾਰ-ਬੀਕਿਊ ਨੇੜੇ ਲੰਮੀ ਲਾਈਨ ਸਿ ਅਤੇ ਦੂਸਰੇ ਪਾਸੇ ਸਾਊਥ ਇੰਡੀਅਨ ਖਾਣਿਆਂ ਦੇ ਸਟਾਲ ਉੱਪਰ ਵੀ ਕਾਫ਼ੀ ਰੌਣਕ ਸੀ। ਇੱਥੇ ਡੋਸਾ, ਇਡਲੀ, ਵੜਾ, ਆਦਿ ਪਰੋਸੇ ਜਾ ਰਹੇ ਸਨ। ਬਾਰ-ਬੀਕਿਊ ਤੇ ਸਾਊਥ ਇੰਡੀਅਨ ਡਿਸ਼ਾਂ ਦਾ ਇਹ ਖ਼ੂਬਸੂਰਤ ਮੇਲ ਇੱਥੋਂ ਦੇ ਸਾਂਝੇ ਸੱਭਿਆਚਾਰ ਨੂੰ ਬਾਖ਼ੂਬੀ ਦਰਸਾ ਰਿਹਾ ਸੀ।

ਕਮਿਊਨਿਟੀ ਪਾਰਟੀਸੀਪੇਸ਼ਨ ਦੀ ਇਸ ਭਾਵਨਾ ਨੂੰ ਭਾਂਪਦਿਆਂ ਕਲੱਬ ਦੀ ਪ੍ਰਧਾਨ ਜਸਵਿੰਦਰ ਦੈਂਦ ਦਾ ਕਹਿਣਾ ਸੀ, "ਵੱਖ-ਵੱਖ ਪਿਛੋਕੜਾਂ ਦੇ ਬੱਚਿਆਂ, ਨੌਜੁਆਨਾਂ ਤੇ ਬਜ਼ੁਰਗਾਂ ਨੂੰ ਇਕੱਠੇ ਖਾਂਦਿਆਂ-ਪੀਂਦਿਆਂ ਵੇਖ ਕੇ ਕਮਿਊਨਿਟੀ ਦੀ ਸਾਂਝੀ ਸੱਚੀ ਤੇ ਸੁੱਚੀ ਰੂਹ ਦੇ ਦਰਸ਼ਨ ਹੁੰਦੇ ਹਨ। ਵੱਖੋ-ਵੱਖਰੇ ਸੱਭਿਆਚਾਰਾਂ ਤੋਂ ਆਏ ਲੋਕ ਇਕੱਠੇ ਬੈਠੇ ਤੇ ਖਾਂਦੇ-ਪੀਂਦੇ ਵੇਖ ਕੇ ਮਨ ਡਾਹਡਾ ਖ਼ੁਸ਼ ਹੁੰਦਾ ਹੈ।" ਇਸ ਪਾਰਟੀ ਵਿੱਚ ਪਹਿਲੀ ਵਾਰ ਸ਼ਾਮਲ ਹੋਈ ਵਰਿੰਦਰ ਲਾਂਬਾ ਕਹਿ ਰਹੀ ਸੀ, "ਮੈਂ ਏਨੀ ਵੱਡੀ ਗਿਣਤੀ ਵਿੱਚ ਇਕੱਠੇ ਹੋਏ ਵੱਖ-ਵੱਖ ਸੱਭਿਅਚਾਰਾਂ ਦੇ ਲੋਕਾਂ ਨੂੰ ਵੇਖ ਕੇ ਹੈਰਾਨ ਹੋ ਰਹੀ ਹਾਂ। ਇੱਥੇ ਵਧੀਆ ਪੌਸ਼ਟਿਕ ਖਾਣਾ ਸਰਵ ਹੋ ਰਿਹਾ ਹੈ ਅਤੇ ਵੱਖ-ਵੱਖ ਕਈ ਗੇਮਾਂ ਹੋ ਰਹੀਆਂ ਹਨ। ਪਰ ਸੱਭ ਤੋਂ ਵਧੇਰੇ ਪ੍ਰਭਾਵਿਤ ਮੈਨੂੰ ਇੱਥੇ ਹੋਏ ਵੱਡੇ ਇਕੱਠ ਨੇ ਕੀਤਾ ਹੈ।" ਇਸ ਦੌਰਾਨ ਵਾਲੰਟੀਅਰਾਂ ਵੱਲੋਂ ਆਪੋ-ਆਪਣੀਆਂ ਡਿਊਟੀਆਂ ਬਾਖ਼ੂਬੀ ਨਿਭਾਈਆਂ ਗਈਆਂ। ਉਨ੍ਹਾਂ ਦੀ ਸ਼ਲਾਘਾ ਕਰਦਿਆਂ ਕਲੱਬ ਦੇ ਮੈਂਬਰਾਂ, ਮਹਿਮਾਨਾਂ ਤੇ ਗਵਾਂਢੀਆਂ ਦਾ ਧੰਨਵਾਦ ਕਰਦਿਆਂ ਕਲੱਬ ਦੇ ਚੇਅਰਪਰਸਨ ਗਿਆਨ ਪਾਲ ਨੇ ਕਿਹਾ, "ਇਸ ਸਟਰੀਟ ਪਾਰਟੀ ਦਾ ਸੁਨੇਹਾ ਬੜਾ ਸਾਫ਼ ਤੇ ਪਾਕ-ਪਵਿੱਤਰ ਹੈ ਕਿ ਆਪਣੇ ਗਵਾਂਢੀਆਂ ਨੂੰ ਪਹਿਚਾਣੋ, ਉਨ੍ਹਾਂ ਦਾ ਸਤਿਕਾਰ ਕਰੋ, ਉਨ੍ਹਾਂ ਨਾਲ ਮਿਲ ਵਰਤੋ ਅਤੇ ਇਕੱਠੇ ਮਿਲ ਬੈਠ ਕੇ ਇਸ ਜੀਵਨ ਨੂੰ ਮਾਣੋ।"















ਪੰਜਾਬ ਸਟਾਰ
PUNJABSTAR.COM

To Contact Us:

Editor:
Simrat Grewal
905-673-7666

Marketing Director:
Lakhwinder Singh Sandhu
647-400-7314

Senior Advisors:
Harkirat Singh
Abnash Nijjor
Davinder Sandhu
Onkar Grewal

Technical Director :
Bobby Bhamra

Accounts Advisor:
Sandeep Assi (CGA)
905-450-8999

Correspondant:
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)

Registered Office:
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611

website:-
www.punjabstar.com
Email:-
editor@punjabstar.com

Annual Subscription
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿੱਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab Star. We sell the space in the newspaper, and the claims are those of the advertisers. Please consult your lawyer before buying through the advertisements published in Punjab Star.

## ਬੁੱਧ ਬਾਣ

# ਰਿਸ਼ਤਿਆਂ ਦੀ ਬਦਲ ਰਹੀ ਪਰਿਭਾਸ਼ਾ!



ਬੁੱਧ ਸਿੰਘ ਨੀਲੋਂ
94643-70823

ਮਨੁੱਖੀ ਜ਼ਿੰਦਗੀ ਵਿੱਚ ਰਿਸ਼ਤਿਆਂ ਦੀ ਅਹਿਮ ਮਹੱਤਤਾ ਹੈ। ਸਮਾਜ ਨੂੰ ਸੰਗਠਿਤ ਤੇ ਅਨੁਸ਼ਾਸਨ ਵਿੱਚ ਰੱਖਣ ਲਈ ਸਾਡੇ ਪੁਰਖਿਆਂ ਨੇ ਰਿਸ਼ਤਿਆਂ ਨੂੰ ਵਿਸ਼ੇਸ਼ ਤੌਰ ਤੇ ਮਹੱਤਵਪੂਰਨ ਸਥਾਨ ਦਿੱਤਾ। ਇਹਨਾਂ ਰਿਸ਼ਤਿਆਂ ਨੂੰ ਮਜ਼ਬੂਤ ਕਰਨ ਲਈ ਸਮਾਜਿਕ ਬੰਦਿਸ਼ਾਂ ਵੀ ਲਗਾਈਆਂ। ਇਹਨਾਂ ਰਿਸ਼ਤਿਆਂ ਦਾ ਮੁੱਢ ਕਦੋਂ ਤੇ ਕਿਹੜੇ ਯੁੱਗ ਵਿੱਚ ਬੰਨ੍ਹਿਆਂ ਸੀ, ਇਸ ਦੇ ਇਤਿਹਾਸ ਨੂੰ ਉਜਾਗਰ ਕਰਨ ਲਈ ਕਿਹਾ ਜਾ ਸਕਦਾ ਹੈ ਕਿ ਜਦੋਂ ਮਨੁੱਖ ਜੰਗਲ ਦੇ ਵਿੱਚ ਵਸਦਾ ਸੀ, ਉਦੋਂ ਉਸਨੂੰ ਜ਼ਿੰਦਗੀ ਜਿਊਣ ਦੀ ਸਮਝ ਆਉਣ ਲੱਗ ਪਈ ਸੀ। ਉਦੋਂ ਹੀ ਮਨੁੱਖ ਨੇ ਸਵੈ ਰੱਖਿਆ ਕਰਨ ਲਈ ਹਥਿਆਰਾਂ ਨੂੰ ਵਰਤਣਾ ਸ਼ੁਰੂ ਕਰ ਦਿੱਤਾ ਸੀ। ਉਦੋਂ ਹੀ ਉਸ ਨੇ ਖਾਣ ਪੀਣ ਦੀਆਂ ਵਸਤਾਂ ਨੂੰ ਪਰਖਦਿਆਂ ਆਪਣੇ ਜੀਵਨ ਦਾ ਹਿੱਸਾ ਬਣਾਇਆ ਸੀ। ਜਦੋਂ ਮਨੁੱਖ ਜੰਗਲਾਂ ਤੋਂ ਬਾਹਰ ਆਇਆ ਤਾਂ ਉਸਨੇ ਆਪਣੇ ਪਰਵਾਰ ਨੂੰ ਇੱਕ ਥਾਂ ਉਤੇ ਇਕੱਠੇ ਰਹਿਣ ਲਈ ਮਕਾਨ ਬਣਾਏ। ਉਦੋਂ ਤੱਕ ਮਨੁੱਖ ਨੂੰ ਆਪਣੇ ਤੇ ਪਰਾਏ ਰਿਸ਼ਤਿਆਂ ਦੀ ਅਹਿਮੀਅਤ ਦਾ ਚੋਖਾ ਗਿਆਨ ਹੋ ਗਿਆ ਸੀ। ਉਸ ਵੇਲੇ ਹੀ ਰਿਸ਼ਤਿਆਂ ਦਾ ਜਨਮ ਹੋਇਆ, ਮਾਂ ਬਾਪ, ਚਾਚੇ ਤਾਏ, ਭੈਣ ਭਰਾ, ਭੂਆ ਫੁੱਫੜ, ਮਾਸੀ ਮਾਸੜ,ਦਾਦਾ ਦਾਦੀ,ਮਾਮਾ ਮਾਮੀ, ਨਾਨਾ ਨਾਨੀ ਇਹ ਰਿਸ਼ਤਿਆਂ ਦੇ ਨਾਂ ਬਣਾਏ। ਜਿਹਨਾਂ ਨਾਨਕਿਆਂ ਤੇ ਦਾਦਕਿਆਂ ਦੇ ਰਿਸ਼ਤਿਆਂ ਦਾ ਨਾਂ ਦਿੱਤਾ। ਇਹਨਾਂ ਰਿਸ਼ਤਿਆਂ ਵਿੱਚ ਮਾਂ, ਭੈਣ, ਭੂਆ, ਮਾਸੀ, ਜਾਂਦੀ, ਨਾਨੀ ਤਾਈਂ, ਚਾਚੀ ਦੀ ਸੁਰੱਖਿਆ ਲਈ ਸਖ਼ਤ ਨਿਯਮ ਲਾਗੂ ਕੀਤੇ। ਵੀ ਘਰ ਦੀ ਨਹੀਂ ਸਗੋਂ ਪਿੰਡ ਦੀ ਧੀ ਹੁੰਦੀ ਸੀ। ਪਿੰਡ ਵਿੱਚ ਹਰ ਰਿਸ਼ਤੇ ਦੀ ਵਿਸ਼ੇਸ਼ ਪਛਾਣ ਤੇ ਮਹੱਤਤਾ ਹੁੰਦੀ ਸੀ। ਵੱਡਿਆਂ ਨੂੰ ਉਹਨਾਂ ਦੇ ਰੁਤਬੇ ਅਨੁਸਾਰ ਬੁਲਾਇਆ ਜਾਂਦਾ ਸੀ। ਇਹਨਾਂ ਸਮਿਆਂ ਵਿੱਚ ਔਰਤ ਤੇ ਮਰਦ ਬਰਾਬਰ ਦੇ ਅਧਿਕਾਰ ਰੱਖਦੇ ਸਨ। ਮੁੱਢਲੇ ਸਮਿਆਂ ਵਿੱਚ ਘਰ ਦੀ ਲਾਣੇਦਾਰ ਦਾਦੀ ਮਾਂ ਹੁੰਦੀ ਸੀ, ਉਹ ਦਾਦੀ ਇਸ ਰਿਸ਼ਤੇ ਤੇ ਘਰ ਪਰਵਾਰ ਨੂੰ ਆਪਣੀ ਸੋਚ ਅਤੇ ਸਮਝ ਅਨੁਸਾਰ ਚਲਾਉਂਦੀ ਸੀ। ਹੁਣ ਜਦੋਂ ਦਾ ਮਨੁੱਖ ਨੇ ਵਿਗਿਆਨਕ ਤਰੱਕੀ ਕੀਤੀ ਹੈ। ਹਰ ਪਾਸੇ ਰਿਸ਼ਤਿਆਂ ਨਾਲੋਂ ਪੈਸਾ ਪ੍ਰਧਾਨ ਹੋਇਆ ਹੈ। ਰਿਸ਼ਤਿਆਂ ਦੇ ਅਰਥ ਬਦਲਣੇ ਸ਼ੁਰੂ ਹੋ ਗਏ ਹਨ। ਪਹਿਲਾਂ ਇੱਕ ਦੂਜੇ ਉਪਰ ਪੂਰਨ ਵਿਸ਼ਵਾਸ ਹੁੰਦਾ ਸੀ। ਮਾਂ ਤੇ ਧੀ, ਬਾਪ ਤੇ ਪੁੱਤ, ਭੈਣ ਭਰਾ, ਚਾਚਾ ਭਤੀਜਾ ਆਦਿ ਇਹਨਾਂ ਰਿਸ਼ਤਿਆਂ ਦਾ ਨਿੱਘ ਹੁੰਦਾ ਸੀ। ਹਰਕਿ ਮਾਣ ਸਤਿਕਾਰ ਦੇ ਨਾਲ ਇਹਨਾਂ ਰਿਸ਼ਤਿਆਂ ਨੂੰ ਮਜ਼ਬੂਤ ਕਰਨ ਲਈ ਆਪਣੀਆਂ ਭਾਵਨਾਵਾਂ ਨੂੰ ਕਾਬੂ ਵਿੱਚ ਰੱਖ ਕੇ ਨਿਭਾਉਂਦਾ ਸੀ। ਪਰ ਹੁਣ ਪਿਛਲੇ ਸਮਿਆਂ ਤੋਂ ਆਧੁਨਿਕਤਾ ਦੀ ਅੰਨ੍ਹੀ ਖਪਤਕਾਰੀ ਹਨੇਰੀ ਵਗੀ ਹੈ। ਜਿਸ ਨੇ ਇਹਨਾਂ ਰਿਸ਼ਤਿਆਂ ਨੂੰ ਭਾਰੀ ਠੇਸ ਪਹੁੰਚਾਈ ਹੈ। ਪਹਿਲਾਂ ਇੱਕ ਦੂਜੇ ਉਪਰ ਭਰੋਸਾ ਤੇ ਵਿਸ਼ਵਾਸ ਹੁੰਦਾ ਸੀ। ਹੁਣ ਇੱਕ ਦੂਜੇ ਉਪਰ ਸ਼ੱਕ ਕੀਤਾ ਜਾਂਦਾ ਹੈ। ਹੁਣ ਪਹਿਲਾਂ ਵਰਗਾ ਰਿਸ਼ਤਿਆਂ ਵਿੱਚ ਪਵਿੱਤਰਤਾ ਤੇ ਨਿੱਘਾ ਪਣ ਨਹੀਂ। ਮੋਹ ਪਿਆਰ ਤੇ ਸਤਿਕਾਰ ਖੰਭ ਲਾ ਕੇ ਉੱਡ ਗਿਆ ਹੈ। ਇਸੇ ਕਰਕੇ ਰਿਸ਼ਤਿਆਂ ਵਿੱਚ ਕੁੜੱਤਣ ਪੈਦਾ ਹੋ ਗਈ ਹੈ। ਪਹਿਲਾਂ ਰਿਸ਼ਤਿਆਂ ਦਾ ਨਿੱਘ ਹੁੰਦਾ ਸੀ। ਹੁਣ ਰਿਸ਼ਤੇ ਭਾਰ ਬਣ ਗਏ ਹਨ। ਮਾਂ ਧੀ ਉਪਰ ਸ਼ੱਕ ਕਰਦੀ ਹੈ। ਦੀ ਮਾਂ ਉਪਰ ਨਜ਼ਰਾਂ ਰੱਖਦੀ ਹੈ। ਇਸੇ ਤਰ੍ਹਾਂ ਮਰਦ ਤੇ ਔਰਤ ਵਿਚਕਾਰ ਸਲੀਬ ਉਗ ਆਈ ਹੈ। ਹੁਣ ਤੁਸੀਂ ਰੋਜ਼ਾਨਾ ਅਖ਼ਬਾਰਾਂ ਵਿੱਚ ਛਪਦੀਆਂ ਖ਼ਬਰਾਂ ਪੜ੍ਹਦੇ ਹੋ, ਪਤਨੀ ਨੇ ਆਸ਼ਕ ਨਾਲ ਮਿਲ ਕੇ ਪਤੀ ਦਾ ਕਤਲ ਕਰਵਾਇਆ। ਪਤੀ ਨੇ ਆਪਣੀ ਪਤਨੀ ਦਾ ਕੰਡਾ ਕੱਢਿਆ। ਹੁਣ ਗੱਲ ਮਾਂ ਧੀ ਦੇ ਕਤਲਾਂ ਤੱਕ ਪੁੱਜ ਗਈ ਹੈ। ਭਰਾ ਵਲੋਂ ਭੈਣ ਦਾ ਕਤਲ ਜਾਂ ਫਿਰ ਜ਼ਮੀਨ ਜਾਇਦਾਦ ਵਾਸਤੇ ਆਪਣੇ ਹੀ ਮਾਂ ਬਾਪ ਦਾ ਕਤਲ ਕਰਨ ਜਾਂ ਕਰਾਉਣ ਦੀਆਂ ਖਬਰਾਂ ਪੜ੍ਹਨ ਨੂੰ ਮਿਲਦੀਆਂ ਹਨ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਮਨੁੱਖ ਨੇ ਇਹੀ ਵਿਗਿਆਨਕ ਵਿਕਾਸ ਕੀਤਾ ਹੈ? ਕਿ ਉਨ੍ਹਾਂ ਨੂੰ ਆਪਣੇ ਰਿਸ਼ਤੇ ਹੀ ਭਾਰ ਲੱਗਣ ਲੱਗ ਗਏ ਹਨ। ਆਧੁਨਿਕ ਸਮਿਆਂ ਵਿੱਚ ਜਦੋਂ ਦਾ ਇੰਟਰਨੈੱਟ ਤੇ ਮੋਬਾਇਲ ਆਇਆ ਹੈ। ਇਸ ਦੀ ਵਰਤੋਂ ਦੀ ਵਜਾਏ ਦੁਰਵਰਤੋਂ ਨੇ ਰਿਸ਼ਤਿਆਂ ਦੀ ਪਾਕੀਜ਼ਗੀ ਨੂੰ ਅਵਾਜ਼ਾਰ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਰਿਸ਼ਤਿਆਂ ਦੀ ਅਹਿਮੀਅਤ ਨੂੰ ਪਛਾਣਨ ਲਈ ਮਨੁੱਖ ਨੂੰ ਆਧੁਨਿਕਤਾ ਦੀ ਅੰਨ੍ਹੀ ਦੌੜ ਵਿੱਚ ਸ਼ਾਮਲ ਹੋ ਕੇ ਬਹੁਤ ਦੂਰ ਨਿਕਲ਼ ਗਿਆ ਹੈ। ਰਿਸ਼ਤਿਆਂ ਦੀ ਘੱਟ ਰਹੀ ਮਹੱਤਤਾ ਦਾ ਮੁੱਖ ਕਾਰਨ ਸਿਖਿਆ ਤੇ ਘੱਟ ਰਿਹਾ ਸਮਾਂ ਹੈ। ਵੱਡਿਆਂ ਤੇ ਛੋਟਿਆਂ ਵਿਚਕਾਰ ਵਧਦੀ ਦੂਰੀ ਹੈ। ਪਹਿਲਾਂ ਮਾਵਾਂ ਧੀਆਂ, ਚਾਚੀਆਂ ਤਾਈਆਂ ਭੂਆ ਭਤੀਜੀਆਂ ਰਲ ਮਿਲ ਕੇ ਘਰਦੇ ਕੰਮਕਾਜ ਕਰਦੀਆਂ ਸਨ। ਵੱਡੀਆਂ ਔਰਤਾਂ ਜ਼ਿੰਦਗੀ ਦੇ ਸਫ਼ਰ ਨੂੰ ਸੁਖਾਲਾ ਬਣਾਉਣ ਲਈ ਵਧੀਆ ਜ਼ਿੰਦਗੀ ਜਿਊਣ ਦੇ ਗੁਰ ਦੱਸਦੀਆਂ ਹਨ। ਇਸੇ ਤਰ੍ਹਾਂ ਦਾਦੇ, ਚਾਚੇ ਤੇ ਤਾਏ ਆਪਣੇ ਬੱਚਿਆਂ ਨੂੰ ਜ਼ਿੰਦਗੀ ਜਿਉਣ ਦੇ ਢੰਗ ਤਰੀਕੇ ਸ਼ੁਰੂ ਤੋਂ ਹੀ ਦੱਸਦੇ ਸਨ। ਉਦੋਂ ਇਸ ਤਰ੍ਹਾਂ ਦੀਆਂ ਘਟਨਾਵਾਂ ਨਹੀਂ ਵਾਪਰਦੀਆਂ ਸਨ, ਜਿਸ ਤਰ੍ਹਾਂ ਦੀਆਂ ਘਟਨਾਵਾਂ ਹੁਣ ਵਾਪਰ ਰਹੀਆਂ ਹਨ। ਇਹਨਾਂ ਸਮਿਆਂ ਵਿੱਚ ਸਾਨੂੰ ਆਪਣੀ ਸੋਚ ਅਤੇ ਸਮਝ ਨੂੰ ਬਦਲਣ ਦੀ ਲੋੜ ਹੈ। ਜ਼ਿੰਦਗੀ ਦੇ ਵਿੱਚ ਸਭ ਕੁੱਝ ਪੈਸਾ ਨਹੀਂ ਹੈ, ਇਹਨਾਂ ਵਿੱਚ ਰਿਸ਼ਤਿਆਂ ਦੀ ਅਹਿਮੀਅਤ ਵਧੇਰੇ ਹਨ। ਇਹਨਾਂ ਨੂੰ ਬਚਾਇਆ ਤਾਂ ਹੀ ਸਕਦਾ ਹੈ ਜੇਕਰ ਅਸੀਂ ਆਪਣੇ ਵੱਡਿਆਂ ਦਾ ਸਤਿਕਾਰ ਕਰੀਏ। ਰਿਸ਼ਤਿਆਂ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਲਈ ਆਪਣੀਆਂ ਭਾਵਨਾਵਾਂ ਉਪਰ ਕਾਬੂ ਪਾਉਣਾ ਪੈਂਦਾ ਹੈ। ਜੀਹਨਾਂ ਆਪਣੀਆਂ ਭਾਵਨਾਵਾਂ ਨੂੰ ਖੁੱਲ੍ਹਾ ਛੱਡਿਆ ਹੈ, ਉਹਨਾਂ ਨੇ ਖ਼ੁਦ ਅਤੇ ਦੂਜਿਆਂ ਦਾ ਜੀਉਣਾ ਦੁੱਭਰ ਕੀਤਾ ਹੈ। ਅੱਜਕੱਲ੍ਹ ਸਮਾਜ ਕੁੱਝ ਅਜਿਹੀਆਂ ਘਟਨਾਵਾਂ ਵਾਪਰਦੀਆਂ ਹਨ ਜੀਹਨਾ ਦਾ ਕੋਈ ਕਿਆਸ ਨਹੀਂ ਹੁੰਦਾ। ਨੌਜਵਾਨ ਪੀੜ੍ਹੀ ਫ਼ੋਕੀ ਸ਼ੁਹਰਤ ਖੱਟਣ ਲਈ ਆਪਣੇ ਬਜ਼ੁਰਗਾਂ ਲਈ ਮੁਸੀਬਤ ਬਣ ਰਹੀ ਹੈ ਤੇ ਸਮਾਜ ਦਾ ਚਿਹਰਾ ਕਰੂਪ ਕਰ ਰਹੀ ਹੈ। ਇਹ ਸੱਚ ਹੈ ਕਿ ਅਤੀਤ ਦਾ ਵਰਤਮਾਨ ਕਾਲ



ਨਾਲ ਹਮੇਸ਼ਾ ਝਗੜਾ ਰਿਹਾ। ਪੀੜ੍ਹੀ ਪਾੜਾ ਆਪਸ ਵਿੱਚ ਟਕਰਾਉਂਦਾ ਹੋਇਆ ਵੀ ਨਾ਼ਲ ਨਾ਼ਲ ਤੁਰਦਾ ਰਿਹਾ ਹੈ। ਹੁਣ ਨਵੀਂ ਪੀੜ੍ਹੀ ਆਪਣੇ ਬਜ਼ੁਰਗਾਂ ਤੋਂ ਦੂਰ ਰਹਿਣ ਕਰਕੇ ਹਾਲਾਤ ਬਦਲ ਰਹੇ ਹਨ। ਸਮਾਜ ਵਿੱਚ ਅਣਹੋਣੀਆਂ ਘਟਨਾਵਾਂ ਵਾਪਰੀਆਂ ਹਨ। ਇਹਨਾਂ ਤੋਂ ਬਚਣ ਲਈ ਸਾਨੂੰ ਆਪਣੇ ਬੱਚਿਆਂ ਨਾਲ ਮਿਲ ਕੇ ਰਹਿਣ ਦੀ ਲੋੜ ਹੈ। ਨਹੀਂ ਜਿਸ ਤਰ੍ਹਾਂ ਦਾ ਸਮਾਜ ਬਣ ਰਿਹਾ ਹੈ, ਇਹ ਸਮਾਜਿਕ ਤੇ ਪਰਵਾਰਿਕ ਸੰਸਥਾਵਾਂ ਲਈ ਖ਼ਤਰੇ ਦੀ ਘੰਟੀ ਹੈ। ਇਸ ਤੋਂ ਬਚਣ ਲਈ ਆਪਣੀਆਂ ਭਾਵਨਾਵਾਂ ਉਪਰ ਕਾਬੂ ਪਾਉਣ ਦੀ ਲੋੜ ਹੈ।

# ਅਣਸੁਣੀ ਚੀਕ...

ਜਵਾਨੀ ਤਾਂ ਅਜੇ ਭਰੀ ਵੀ ਕਿੱਥੇ ਸੀ, ਜਦੋਂ ਮੌਤ ਵਾਲੇ ਕਾਲੇ ਦੈਂਤ ਨੇ ਉਸਦਾ ਕੰਤ ਖੋਹ ਲਿਆ ਸੀ। ਸਤਾਰ੍ਹਾਂ ਵਰ੍ਹਿਆਂ ਦੀ ਦਾ ਵਿਆਹ ਹੋਇਆ ਸੀ ਤੇ ਅਜੇ ਉੱਨੀਵਾਂ ਪਾਰ ਵੀ ਨਾ ਹੋਇਆ ਸੀ ਕਿ ਇਹ ਭਾਣਾ ਵਾਪਰ ਗਿਆ। ਨਿਆਣੀ ਜਿੰਦ ਅਤੇ ਗੋਦੀ ਸਵਾ ਕੁ ਸਾਲ ਦਾ ਮੁੰਡਾ। ਦੋਵਾਂ ਜੇਠਾਣੀਆਂ ਦੇ ਤੇਵਰ ਵੀ ਉਸੇ ਵੇਲੇ ਬਦਲ ਗਏ ਕਿ ਕਿਤੇ ਆਪਦਾ ਬੰਦਾ ਖਾ, ਹੁਣ ਸਾਡਿਆਂ ਨੇ ਨਿਗ੍ਹਾ ਨਾ ਰੱਖ ਲਵੇ।

ਮਾਂ ਤੇ ਸੱਸ ਦੋਵਾਂ ਨੇ ਇੱਕ ਹੀ ਮੱਤ ਦਿੱਤੀ ਕਿ ਚੰਗੇ ਘਰਾਂ ਦੀਆਂ ਨੂੰਹਾਂ ਧੀਆਂ ਸਬਰ ਦਾ ਪੱਲਾ ਨਹੀ ਛੱਡਦੀਆਂ ਤੇ ਬੱਸ ਉਸਨੇ ਅਜਿਹਾ ਸਬਰ ਦਾ ਪੱਲਾ ਫੜ੍ਹਿਆ ਕਿ ਜਿੰਦ ਕੰਮਾਂ-ਕਾਰਾਂ ਅਤੇ ਪੁੱਤ ਦੇ ਲੇਖੇ ਹੀ ਕਾ ਦਿੱਤੀ।

ਨਾ ਕਦੇ ਹੱਸਦੀ ਨਾ ਜਿਆਦਾ ਬੋਲਦੀ, ਜੇਠਾਣੀਆਂ ਦੇ ਲਾਹੇ ਲੀੜੇ ਪਾ ਲੈਂਦੀ। ਸਮਾਂ ਚੱਲਦਾ ਗਿਆ ਤੇ ਉਸਦੀ ਚੁੱਪ ਜਿਵੇਂ ਮੋਨ ਵਿੱਚ ਬਦਲ ਗਈ। ਹੁਣ ਤਾਂ ਘਰਦੇ ਵੀ ਉਸ ਵੱਲ ਬਹੁਤਾ ਧਿਆਨ ਨਾ ਦਿੰਦੇ।

ਹਾਂ ਪਰ ਕੰਮ ਕਾਰ ਵਿੱਚ ਇੰਨੀ ਨਿਪੁੰਨ ਕਿ ਸਾਰਾ ਪਿੰਡ ਉਸਦੀ ਅਤੇ ਉਸਦੇ ਸਿਦਕ ਦੀ ਵਾਹ ਵਾਹ ਕਰਦਾ। ਸਮਾਂ ਲੰਘਦਾ ਗਿਆ ਪਹਿਲਾ ਪੁੱਤ ਵੱਡਾ ਹੋਇਆ, ਫਿਰ ਵਿਆਹ ਹੋਇਆ, ਫਿਰ ਸਮੇ ਨੇ ਕਰਬੱਟ ਲਈ ਦੇਖਦੇ ਦੇਖਦੇ ਪੋਤਾ ਵੀ ਜਵਾਨ ਹੋ ਗਿਆ।

ਆਖਰ ਪੁੱਤ ਤੋਂ ਬਾਅਦ ਪੋਤਾ ਵਿਆਹੁਣ ਦੀ ਵੀ ਵਾਰੀ ਆ ਗਈ। ਹੁਣ ਉਹ ਕਦੇ ਕਦੇ ਇਕੱਲੀ ਬੈਠੀ ਗੱਲਾਂ ਕਰਨ ਲੱਗ ਜਾਂਦੀ।

ਪੋਤੇ ਦੇ ਵਿਆਹ ਤੋਂ ਬਾਅਦ ਤਾਂ ਉਹ ਹੋਰ ਵੀ ਝੱਲੀ ਜਿਹੀ ਹੋ ਗਈ। ਸੁੱਤੀ ਪਈ ਉੱਠ ਆਪਣੇ ਸਾਲਾਂ ਪਹਿਲਾਂ ਵਿਛੜੇ ਕੰਤ ਨੂੰ ਆਵਾਜਾਂ ਦੇਣ ਲੱਗ ਜਾਂਦੀ।

ਕਦੇ ਬੈਠੀ ਬੈਠੀ ਰੋ ਪੈਂਦੀ ਅਤੇ ਕਦੇ ਬੋਲੀਆਂ ਪਾਉਣ ਲੱਗ ਜਾਂਦੀ। ਉਸਦਾ ਪੁੱਤ ਅਤੇ ਪੋਤਾ ਵੀ ਮਾਂ ਦਾ ਇਹ ਵਰਤਾਉ ਦੇਖ ਨਿੰਮੋਝਣਾ ਜਿਹਾ ਹੋ ਜਾਂਦਾ।

ਇੱਕ ਦਿਨ ਪੋਤ ਨੂੰਹ ਦੀ ਲਾਲ ਚੁੰਨੀ ਲੈ ਕੇ ਬੈਠ ਗਈ ਅਤੇ ਕਹਿਣ ਲੱਗੀ ਕਿ ਦੇਖੋ ਕਿੰਨੀ ਸੋਹਣੀ ਚੁੰਨ੍ਹੀ ਮੈਨੂੰ ਲਿਆ ਕੇ ਦੇ ਗਿਆ ਹੈ।

ਅਕਸਰ ਉਹ ਪਰਿਵਾਰ ਦੇ ਲੋਕਾਂ ਨੂੰ ਭੁੱਲ ਜਾਂਦੀ, ਯਾਦ ਰੱਖਦੀ ਤਾਂ ਆਪਣਾ ਸਵਾ ਸਾਲ ਦਾ ਪੁੱਤ ਤੇ ਆਵਦਾ ਕੰਤ। ਇੱਕ ਦਿਨ ਟਿੱਕੀ ਰਾਤ ਨੂੰ ਉੱਠ ਆਪਣਾ ਸਰਦਾਰ ਭਾਲਣ ਤੁਰ ਗਈ। ਪੋਤਿਆਂ ਨੇ ਸਲਾਹ ਕੀਤੀ ਕਿ ਹਸਪਤਾਲ ਦਾਖਲ ਕਰਵਾ ਦਈਏ, ਡਾਕਟਰ ਨੇ ਵੀ ਕਹਿ ਦਿੱਤਾ ਕਿ ਇਹ ਭਾਵਨਾਵਾਂ ਦਾ ਵਹਿਣ ਹੈ ਜੋ ਇਸਨੇ ਸਾਲਾਂ ਤੱਕ ਤਾਂ ਡੱਕੀ ਰੱਖਿਆ।

ਪਰ ਹੁਣ ਸਰੀਰ ਅਤੇ ਦਿਮਾਗ ਉਹਨਾਂ ਅੱਗੇ ਅਸਮਰੱਥ ਹੋ ਗਿਆ ਹੈ। ਇਹ ਸੁਣ ਜਦੋਂ ਸਾਰਾ ਟੱਬਰ ਚੁੱਪ ਕਰ ਗਿਆ ਤਾਂ ਪੋਤ ਨੂੰਹ ਨੇ ਅੱਗੇ ਆ ਸਾਰੀ ਜ਼ਿੰਮੇਂਵਾਰੀ ਲੈ ਲਈ। ਉਹ ਹਰ ਰੋਜ ਦਾਦੀ ਸੱਸ ਕੋਲ ਬੈਠ ਉਸਦੀਆਂ ਗੱਲਾਂ ਸੁਣਦੀ। ਉਸਦੇ ਨਾਲ ਹੱਸਦੀ ਰੋਂਦੀ। ਉਸਦੇ ਵਿਆਹ ਦੀ ਫੋਟੋ ਲੱਭ ਲਭਾ ਕੇ ਵੱਡੀ ਕਰਾ ਕੇ ਉਸਦੇ ਕਮਰੇ ਵਿੱਚ ਲਗਾ ਦਿੱਤੀ। ਚਾਰ ਪੰਜ ਸੋਹਣੇ ਸੂਟ ਵੀ ਸਵਾ ਕੇ ਦਿੱਤੇ। ਕੁੱਝ ਹੀ ਮਹੀਨਿਆਂ ਵਿੱਚ ਉਸਦੀ ਹਾਲਤ ਵਿੱਚ ਸੁਧਾਰ ਹੋ ਗਿਆ। ਲੋਕਾਂ ਲਈ ਤਾਂ ਅਜੇ ਵੀ ਉਹ ਝੱਲੀ ਹੀ ਸੀ ਪਰ ਪੋਤ ਨੂੰਹ ਦੀ ਪੱਕੀ ਸਹੇਲੀ ਬਣ ਗਈ ਸੀ।

ਕੁੱਝ ਦਰਦ ਜੇਕਰ ਸਮੇਂ ਸਿਰ ਨਾ ਸਾਂਝੇ ਕੀਤੇ ਜਾਣ ਤਾਂ ਉਹ ਨਾਸੂਰ ਬਣ ਜਾਂਦੇ ਹਨ। ਆਪਣਿਆਂ ਦਾ ਹਾਲ ਚਾਲ ਪੁੱਛਦੇ ਰਿਹਾ ਕਰੋ।

ਹਰਪ੍ਰੀਤ ਬਰਾੜ ਸਿੱਧੂ

# ਮਜ਼ਬੂਰ ਲੜਕੀ ਦੀ ਜ਼ਿੰਦਗੀ ਅੰਧੇਰੇ ਤੋਂ ਪ੍ਰਕਾਸ਼ ਵੱਲ...



ਪਿੰਡ ਦੀ ਇੱਕ ਸ਼ਾਨਦਾਰ ਕੋਠੀ ਵਿੱਚ ਵਿਆਹ ਦੀਆਂ ਰੌਣਕਾਂ ਸਨ। ਪੜ੍ਹੀ-ਲਿਖੀ 'ਤੇ ਖ਼ੂਬਸੂਰਤ ਲੜਕੀ ਸਿਮਰਨ ਦਾ ਵਿਆਹ, ਇੱਕ ਹੋਣਹਾਰ 'ਤੇ ਸਾਫ਼ ਦਿਲ ਲੜਕੇ ਅਮਨ ਨਾਲ ਹੋਇਆ ਸੀ।

ਦੋਨੋਂ ਇੱਕ-ਦੂਜੇ ਨਾਲ ਬੇ-ਹੱਦ ਪਿਆਰ ਕਰਦੇ ਸਨ। ਸਿਮਰਨ ਲਈ ਅਮਨ ਸਿਰਫ਼ ਪਤੀ ਨਹੀਂ, ਸਗੋਂ ਉਸਦਾ ਸੱਚਾ ਸਾਥੀ ਸੀ।

ਜਿਸਦੇ ਸਾਹਮਣੇ ਉਹ ਆਪਣੇ ਹਰ ਸੁਪਨੇ ਨੂੰ ਬਿਨਾਂ ਡਰੇ ਬਿਆਨ ਕਰ ਸਕਦੀ ਸੀ।

ਹਾਲਾਂਕਿ, ਘਰ ਦਾ ਮਾਹੌਲ ਇੰਨਾ ਸੋਹਣਾ ਨਹੀਂ ਸੀ। ਅਮਨ ਦੇ ਘਰਦੇ ਉਸਨੂੰ ਅਕਸਰ ਕਹਿੰਦੇ, "ਘਰਵਾਲੀ ਨੂੰ ਕਾਬੂ ਵਿੱਚ ਰੱਖਿਆ ਕਰ, ਨਹੀਂ ਤਾਂ ਕੱਲ੍ਹ ਨੂੰ ਸਿਰ 'ਤੇ ਚੜ੍ਹ ਜਾਵੇਗੀ।

ਪਰ ਅਮਨ ਹਮੇਸ਼ਾ ਮੁਸਕੁਰਾ ਕੇ ਜਵਾਬ ਦਿੰਦਾ, "ਪਿਆਰ ਵਿੱਚ ਕਾਬੂ ਨਹੀਂ ਹੁੰਦਾ, ਸਗੋਂ ਭਰੋਸਾ ਹੁੰਦਾ ਹੈ।" ਕਿੰਨੀਆਂ ਵੀ ਤੋਹਮਤਾਂ ਲੱਗਣ, ਕਿੰਨੀਆਂ ਵੀ ਗੱਲਾਂ ਬਣਨ, ਅਮਨ ਨੇ ਕਦੇ ਵੀ ਸਿਮਰਨ ਉੱਤੇ ਸ਼ੱਕ ਨਹੀਂ ਕੀਤਾ।

ਉਸਦੇ ਲਈ ਉਸਦੀ ਘਰਵਾਲੀ ਦੀ ਇੱਜ਼ਤ ਸਭ ਤੋਂ ਵੱਡੀ ਸੀ।

ਕੁੱਝ ਸਮੇਂ ਬਾਅਦ, ਉਹਨਾਂ ਦੀ ਜ਼ਿੰਦਗੀ ਵਿੱਚ ਇੱਕ ਨਿੱਕਾ ਜਿਹਾ ਫੁੱਲ ਆਇਆ, ਉਹਨਾਂ ਦਾ ਪੁੱਤ। ਘਰ ਵਿੱਚ ਖੁਸ਼ੀਆਂ ਵੱਸ ਗਈਆਂ, ਪਰ ਕਿਸਮਤ ਨੂੰ ਕੁੱਝ ਹੋਰ ਹੀ ਮਨਜ਼ੂਰ ਸੀ।

ਇੱਕ ਦਿਨ ਅਚਾਨਕ ਖ਼ਬਰ ਆਈ, ਅਮਨ ਦਾ ਸੜਕ ਹਾਦਸੇ ਵਿੱਚ ਦੇਹਾਂਤ ਹੋ ਗਿਆ। ਸਿਮਰਨ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ। ਉਹ ਆਪਣੇ ਪਤੀ ਦੀ ਲਾਸ਼ ਨਾਲ ਲਿਪਟ ਕੇ ਇਸ ਤਰ੍ਹਾਂ ਰੋਈ, ਜਿਵੇਂ ਉਸਦੀ ਰੂਹ ਹੀ ਨਿਕਲ ਗਈ ਹੋਵੇ।

ਉਸਦੀ ਗੋਦ ਵਿੱਚ ਬੈਠਾ ਨਿੱਕਾ ਬੱਚਾ ਵੀ ਮਾਂ ਦੇ ਹੰਝੂ ਵੇਖ ਕੇ ਰੋਣ ਲੱਗ ਪਿਆ। ਉਸ ਦਿਨ ਮਗਰੋਂ, ਉਸਦੀ ਜ਼ਿੰਦਗੀ ਦੋ ਹਿੱਸਿਆਂ ਵਿੱਚ ਵੰਡੀ ਗਈ, ਇੱਕ ਅਮਨ ਨਾਲ 'ਤੇ ਦੂਜਾ ਉਸਦੇ ਬਿਨਾਂ।

ਕੁੱਝ ਦਿਨਾਂ ਬਾਅਦ, ਉਸਦੇ ਮਾਪੇ ਉਸਨੂੰ ਆਪਣੇ ਕੋਲ ਲੈ ਆਏ। ਪਰ ਸਮਾਜ ਦੇ ਦਬਾਅ ਅਤੇ "ਲੋਕ ਕੀ ਕਹਿਣਗੇ" ਵਾਲੀ ਸੋਚ ਨੇ, ਉਸਦੇ ਸਾਹਮਣੇ ਨਵਾਂ ਇਮਤਿਹਾਨ ਰੱਖ ਦਿੱਤਾ।

ਤੈਨੂੰ ਦੂਜਾ ਵਿਆਹ ਕਰਨਾ ਪਵੇਗਾ ਬੇਟੀ," ਉਸਦੇ ਮਾਪਿਆਂ ਨੇ ਝਿਜਕਦੇ ਹੋਏ ਕਿਹਾ। ਸਿਮਰਨ ਨੇ ਪਹਿਲਾਂ ਤਾਂ ਇਨਕਾਰ ਕਰ ਦਿੱਤਾ। ਕਿਉਂਕਿ, ਉਸਦਾ ਦਿਲ ਅਜੇ ਵੀ ਅਮਨ ਦੀਆਂ ਯਾਦਾਂ ਨਾਲ ਭਰਿਆ ਸੀ।

ਪਰ ਜਦੋਂ ਉਸਦੇ ਬੱਚੇ ਦਾ ਭਵਿੱਖ ਉਸਦੇ ਸਾਹਮਣੇ ਰੱਖਿਆ ਗਿਆ, ਤਾਂ ਉਸਨੇ ਆਪਣਾ ਦਰਦ ਦਬਾਅ ਕੇ ਹਾਂ ਕਰ ਦਿੱਤੀ।

ਪਰ ਇਸ ਵਾਰ ਕਿਸਮਤ ਨੇ ਉਸ ਨਾਲ ਹੋਰ ਵੀ ਵੱਡਾ ਧੋਖਾ ਕੀਤਾ। ਉਸਦਾ ਵਿਆਹ ਇੱਕ ਐਸੇ ਆਦਮੀ ਨਾਲ ਹੋਇਆ, ਜੋ ਉਸਤੋਂ ਨਾਂ ਕੇਵਲ ਦਸ ਸਾਲ ਵੱਡਾ ਸੀ, ਸਗੋਂ ਸ਼ਰਾਬੀ 'ਤੇ ਬੇਰਹਿਮ ਵੀ ਸੀ।

ਵਿਆਹ ਤੋਂ ਬਾਅਦ, ਉਸਦੀ ਜ਼ਿੰਦਗੀ ਨਰਕ ਬਣ ਗਈ। ਹਰ ਰੋਜ਼ ਉਹ ਆਦਮੀ, ਨਸ਼ੇ ਵਿੱਚ ਡੁੱਬਿਆ ਰਹਿੰਦਾ ਅਤੇ ਛੋਟੀਆਂ-ਛੋਟੀਆਂ ਗੱਲਾਂ 'ਤੇ ਉਸਨੂੰ ਕੁੱਟਦਾ ਮਾਰਦਾ।

ਉਸਦੀ ਸੱਸ ਵੀ ਉਸਨੂੰ ਕਦੇ ਚੈਨ ਨਾਲ ਨਹੀਂ ਰਹਿਣ ਦਿੰਦੀ ਸੀ। ਸਾਰਾ ਦਿਨ ਕੰਮ ਕਰਵਾ ਕੇ ਵੀ ਕਮੀਆਂ ਕੱਢਦੀ ਅਤੇ ਆਪਣੇ ਪੁੱਤ ਨੂੰ ਉਸਦੇ ਖ਼ਿਲਾਫ਼ ਭੜਕਾਉਂਦੀ।

ਸਭ ਤੋਂ ਵੱਡੀ ਚਿੰਤਾ ਸਿਮਰਨ ਨੂੰ ਆਪਣੇ ਬੱਚੇ ਦੀ ਸੀ। ਉਸਦਾ ਦਿਲ ਹਰ ਵੇਲੇ ਕੰਬਦਾ ਰਹਿੰਦਾ, "ਕਿਤੇ ਇਹ ਜ਼ਾਲਮ ਇਨਸਾਨ, ਮੇਰੇ ਪੁੱਤ ਨੂੰ ਕੋਈ ਨੁਕਸਾਨ ਨਾਂ ਪਹੁੰਚਾ ਦੇਵੇ।"

ਕਈ ਵਾਰ ਰਾਤਾਂ ਨੂੰ ਉਹ ਆਪਣੇ ਬੱਚੇ ਨੂੰ ਛਾਤੀ ਨਾਲ ਲਾ ਕੇ ਜਾਗਦੀ ਰਹਿੰਦੀ। ਉਸਦੀਆਂ ਅੱਖਾਂ ਵਿੱਚ ਨੀਂਦ ਨਹੀਂ, ਸਿਰਫ਼ ਡਰ ਹੁੰਦਾ ਸੀ।

ਕਿਉਂਕਿ, ਉਸਦਾ ਪਤੀ ਉਸਦੇ ਬੱਚੇ ਨਾਲ ਬਹੁਤ ਜ਼ਿਆਦਾ ਨਫ਼ਰਤ ਕਰਦਾ ਸੀ। ਜਿਵੇਂ ਹੀ ਬੱਚਾ ਰੋਂਦਾ, ਉਹ ਗਾਲਾਂ ਕੱਢਦਾ 'ਤੇ ਘਰ ਵਿੱਚ ਹੰਗਾਮਾ ਕਰ ਦਿੰਦਾ।

ਪੇਕਿਆਂ ਨੇ ਵੀ ਉਸਨੂੰ ਇੱਕ ਹੀ ਗੱਲ ਸਮਝਾਈ ਸੀ, "ਹੁਣ ਮੁੜਕੇ ਨਾਂ ਸਾਡੇ ਵੱਲ ਆਈਂ। ਉਹ ਜਿਵੇਂ ਵੀ ਰੱਖੇ, ਉੱਥੇ ਹੀ ਰਹੀਂ।"

ਸਿਮਰਨ ਅੰਦਰੋਂ ਟੁੱਟ ਰਹੀ ਸੀ, ਪਰ ਬਾਹਰੋਂ ਚੁੱਪ ਸੀ। ਗਵਾਂਢੀ ਕਈ ਵਾਰ ਉਸਦੀ ਹਾਲਤ ਦੇਖ ਕੇ ਕਹਿੰਦੇ ਪੁਲਿਸ ਕੋਲ ਜਾ, ਆਪਣੀ ਅਤੇ ਆਪਣੇ ਬੱਚੇ ਦੀ ਰੱਖਿਆ ਕਰ।

ਪਰ ਉਹ ਹਮੇਸ਼ਾ ਮੁਸਕੁਰਾ ਕੇ ਬੋਲ ਦਿੰਦੀ, "ਰੱਬ ਦਾ ਭਾਣਾ ਏ, ਜੋ ਉਸਨੂੰ ਮਨਜ਼ੂਰ ਹੈ, ਉਹ ਹੋ ਕੇ ਰਹੇਗਾ।" ਪਰ ਉਸਦੇ ਦਿਲ ਵਿੱਚ ਇੱਕ ਅੱਗ ਸੀ, ਇਸ ਨਰਕ ਤੋਂ ਨਿਕਲਣ ਦੀ।

ਫਿਰ ਉਸਦੀ ਜ਼ਿੰਦਗੀ ਵਿੱਚ ਇੱਕ ਰੋਸ਼ਨੀ ਬਣਕੇ ਆਈ, ਉਸਦੀ ਬਚਪਨ ਦੀ ਸਹੇਲੀ। ਉਹਨਾਂ ਦੀਆਂ ਗੱਲਾਂ ਲੁੱਕ-ਛਿੱਪ ਕੇ ਮੋਬਾਈਲ 'ਤੇ ਹੁੰਦੀਆਂ, ਜਿੱਥੇ ਸਿਮਰਨ ਆਪਣੇ ਸਾਰੇ ਦੁੱਖ ਬਿਆਨ ਕਰਦੀ।

ਉਸਦੀ ਸਹੇਲੀ ਨੇ ਪਹਿਲਾਂ ਉਸਨੂੰ ਕਿਹਾ ਕਿ ਪ੍ਰਦੇਸ਼ ਚਲੀ ਜਾ, ਪਰ ਪੈਸਿਆਂ ਦੀ ਕਮੀ ਅਤੇ ਬੱਚੇ ਨੂੰ ਛੱਡਣ ਦਾ ਡਰ, ਇਹ ਰਸਤਾ ਮੁਸ਼ਕਲ ਸੀ।

ਫਿਰ ਉਸਨੇ ਇੱਕ ਹੋਰ ਰਾਹ ਦਿਖਾਇਆ, "ਤੂੰ ਪੜ੍ਹੀ ਲਿਖੀ ਏਂ, ਸਰਕਾਰੀ ਨੌਕਰੀ ਲਈ ਤਿਆਰੀ ਕਰ।" ਇਹ ਗੱਲ ਸਿਮਰਨ ਦੇ ਦਿਲ ਵਿੱਚ ਵੱਜ ਗਈ।

ਉਸ ਦਿਨ ਤੋਂ ਉਸਨੇ ਆਪਣੀ ਜੰਗ ਸ਼ੁਰੂ ਕਰ ਦਿੱਤੀ। ਦਿਨ ਵਿੱਚ ਘਰ ਦੇ ਸਾਰੇ ਕੰਮ 'ਤੇ ਰਾਤ ਨੂੰ ਮੱਧਮ ਰੋਸ਼ਨੀ ਵਿੱਚ ਪੜ੍ਹਾਈ। ਕਈ ਵਾਰ ਅੱਖਾਂ ਨੀਂਦ ਨਾਲ ਬੰਦ ਹੋ ਜਾਂਦੀਆਂ, ਪਰ ਉਹ ਆਪਣੇ-ਆਪ ਨੂੰ ਜਗਾ ਲੈਂਦੀ।

ਸਰੀਰ ਥੱਕਦਾ ਗਿਆ, ਪਰ ਹੌਂਸਲਾ ਨਹੀਂ ਟੁੱਟਿਆ। ਉਹ ਹਰ ਰਾਤ ਆਪਣੇ ਆਪ ਨੂੰ ਕਹਿੰਦੀ, ਇਹ ਦਰਦ ਸਦਾ ਲਈ ਨਹੀਂ, ਇੱਕ ਦਿਨ ਮੈਂ ਜ਼ਰੂਰ ਜਿੱਤਾਂਗੀ।"

ਅਖ਼ੀਰ ਉਹ ਦਿਨ ਆ ਗਿਆ, ਜਦੋਂ ਉਸਦਾ ਇਮਤਿਹਾਨ ਪਾਸ ਹੋ ਗਿਆ। ਡਾਕ ਰਾਹੀਂ ਉਸਨੂੰ ਨਿਯੁਕਤੀ ਪੱਤਰ ਮਿਲਿਆ। ਉਸ ਦਿਨ ਉਹ ਸਾਲਾਂ ਬਾਅਦ ਖੁੱਲ ਕੇ ਮੁਸਕੁਰਾਈ।

ਜਦੋਂ ਇਹ ਗੱਲ ਉਸਦੇ ਬੇਰਹਿਮ ਪਤੀ 'ਤੇ ਲਾਲਚੀ ਸੱਸ ਨੂੰ ਪਤਾ ਲੱਗੀ, ਤਾਂ ਉਹਨਾਂ ਦਾ ਰਵੱਈਆ ਬਦਲ ਗਿਆ। ਹੁਣ ਉਹ ਪਿਆਰ ਦਿਖਾਉਣ ਲੱਗੇ, ਮਿੱਠੀਆਂ ਗੱਲਾਂ ਕਰਨ ਲੱਗੇ। ਪਰ ਸਿਮਰਨ ਹੁਣ ਉਹ ਪੁਰਾਣੀ ਸਿਮਰਨ ਨਹੀਂ ਸੀ। ਉਸਨੇ ਉਹਨਾਂ ਦੀਆਂ ਅੱਖਾਂ ਵਿੱਚ ਲਾਲਚ ਪੜ੍ਹ ਲਿਆ ਸੀ। ਉਹ ਹੁਣ ਜਲਦੀ ਤੋਂ ਜਲਦੀ ਇਸ ਨਰਕ ਵਿੱਚੋਂ ਨਿਕਲਣਾ ਚਾਹੁੰਦੀ ਸੀ। ਗਲੀ ਸਵੇਰ, ਉਸਨੇ ਆਪਣੇ ਪੁੱਤ ਦਾ ਹੱਥ ਫੜਿਆ, ਘਰ ਦੇ ਦਰਵਾਜ਼ੇ ਵੱਲ ਵੇਖਿਆ 'ਤੇ ਬਿਨਾਂ ਪਿੱਛੇ ਦੇਖੇ ਤੁਰ ਪਈ। ਉਹ ਲਗਾਤਾਰ ਤੁਰ ਰਹੀ ਸੀ, ਡਰ ਤੋਂ ਦੂਰ, ਦਰਦ ਤੋਂ ਦੂਰ, ਇੱਕ ਨਵੀਂ ਜ਼ਿੰਦਗੀ ਵੱਲ।

ਮਨਪ੍ਰੀਤ ਸਿੰਘ




# ਸੱਸ ਦੇ ਰੂਪ 'ਚ ਮਾਂ ਦਾ ਸਾਇਆ...



ਜਿਸ ਦਿਨ ਦੀ ਭਿੰਦਰ ਨਾਲ ਵਿਆਹ ਕੇ ਆਈ ਸੀ ਸੁੱਖੀ, ਉਸ ਦਿਨ ਦਾ ਕੋਈ ਸਿੱਧੇ ਮੂੰਹ ਨਹੀਂ ਸੀ ਬੋਲਿਆ। ਸੁੱਖੀ ਨੇ ਮਨ ਵਿੱਚ ਸੋਚਣਾ ਕਿ ਲੈ ਲਵ-ਮੈਰਿਜ ਐਡਾ ਪਾਪ ਏ।

ਜੇ ਐਨਾਂ ਗੁੱਸਾ ਏ ਤਾਂ ਆਵਦੇ ਮੁੰਡੇ ਨਾਲ ਕਿਉਂ ਨਹੀਂ ਨਰਾਜ਼ ਹੁੰਦੇ, ਸਾਰਾ ਗੁੱਸਾ ਮੇਰੇ 'ਤੇ ਹੀ ਕਿਉਂਕਿ ਮੈਂ ਮਗਰ ਲਾ ਲਿਆ।

ਕਦੀ ਸ਼ਹਿਰ ਆ ਕੇ ਦੇਖਦੇ ਕਿ ਮੈਂ ਤਾਂ ਕਿੰਨਾਂ ਖਹਿੜਾ ਛੁੜਾਇਆ ਸੀ, ਕਿ ਨਾਂ ਆਹ ਕੰਮ ਨਹੀਂ ਕਰਨਾਂ।

ਨਾਲੇ ਸ਼ਹਿਰਾਂ ਵਾਲੀਆਂ ਨੂੰ ਪਿੰਡ ਕਿੱਥੇ ਚੰਗੇ ਲੱਗਦੇ। ਦਰਵਾਜ਼ਿਆਂ 'ਚ ਬਹਿ ਗੱਪੜ ਮਾਰਨ ਵਾਲੀ ਨੂੰ ਚਾਰ ਦੁਆਰੀ 'ਚ ਠੱਲ ਦਿੱਤਾ ਸੀ, ਇਹ ਕਹਿ ਕੇ ਤੂੰ ਘਰ ਦੀ ਇੱਜ਼ਤ ਏ, ਦਰਵਾਜ਼ੇ ਕਿਉਂ ਖੜ੍ਹਦੀ।

ਇੱਕ ਸੈੱਟ ਪਾਇਆ ਸੀ 'ਤੇ ਸੁੱਖੀ ਦੀ ਸੱਸ ਹਜ਼ਾਰ ਵਾਰ ਸੁਣਾਅ ਚੁੱਕੀ ਸੀ ਕਿ ਬਾਹਲਾ ਚਾਂਬਲੇਗੀ ਤਾਂ ਸੋਨਾਂ ਸਾਰਾ ਖੋਹ ਲੂੰ, ਖਾਈ ਜਾਈਂ ਧੱਕੇ ਫਿਰ।

ਸੁੱਖੀ ਨੇ ਮਨ ਹੀ ਮਨ ਸੋਚਣਾ ਕਿ ਸੋਨਾਂ ਕੋਈ ਰੋਟੀ ਥੋੜ੍ਹਾ ਜਿਸ ਬਿਨਾਂ ਮਰ ਜਾਵਾਂਗੀ, ਰੱਖਣਾ ਤਾਂ ਰੱਖ ਲੈਣ, ਪਰ ਭਿੰਦਰ ਨੂੰ ਨਾਂ ਖੋਹ ਲੈਣ ਕਦੇ।

ਰੋਜ਼ ਘਰ ਚੀਂਅ-ਚੀਂਅ ਹੁੰਦੀ 'ਤੇ ਭਿੰਦਰ ਨੂੰ ਗੋਡੇ ਕੋਲ ਬਿਠਾ ਉਹ ਮੇਰੀਆਂ ਵਾਰਾਂ ਲਾਉਂਦੇ ਰਹਿੰਦੇ 'ਤੇ ਉਹ ਚੱਕਿਆ ਚਕਾਇਆ ਆ ਮੈਨੂੰ ਤਾਂ ਨਾਂ ਕੁੱਝ ਕਹਿੰਦਾ।

ਸਾਰਾ ਗੁੱਸਾ ਸ਼ਰਾਬ 'ਤੇ ਕੱਢਦਾ 'ਤੇ ਫਿਰ ਰੋਣ ਲੱਗ ਜਾਂਦਾ ਕਿ ਦੱਸ ਮੈਂ ਕਿਸ ਦੇ ਪੱਖ 'ਚ ਖੜ੍ਹਾ, ਮੈਂ ਫਸ ਗਿਆ ਹਾਂ। ਉਸਦੇ ਨਾਲ ਹੀ ਮੈਂ ਰੋਣ ਲੱਗ ਜਾਂਦੀ ਕਿ ਮੇਰਾ ਕੀ ਕਸੂਰ ਸੀ। ਕਈ ਮਹੀਨੇ ਇੰਝ ਹੀ ਚੱਲਦਾ ਰਿਹਾ।

ਭਿੰਦਰ ਰੋਜ਼ ਸ਼ਰਾਬ ਪੀਣ ਦਾ ਆਦੀ ਹੋ ਚੁੱਕਾ ਸੀ 'ਤੇ ਜਿਆਦਾਤਰ ਘਰੋਂ ਬਾਹਰ ਰਹਿੰਦਾ ਕਿਉਂਕਿ ਘਰ ਆਉਂਦੇ ਹੀ ਉਹਨੂੰ ਕਲੇਸ਼ ਖਾਣ ਲੱਗਦਾ।

ਉਹ ਚਿੱਟਾ ਵੀ ਲਾਉਣ ਲੱਗ ਗਿਆ ਸੀ 'ਤੇ ਸੁੱਖੀ ਨੂੰ ਉਹਨੇ ਸਭ ਸੱਚ ਦੱਸ ਦਿੱਤਾ ਸੀ ਕਿ ਮੈਂ ਡਿਪ੍ਰੈਸ਼ਨ ਕਰਕੇ ਇਹ ਸਭ ਕਰਦਾ।

ਸੁੱਖੀ ਆਖਦੀ ਕਿ ਫਿਰ ਮੈਂ ਕੀ ਕਰਾਂ ਤਾਂ ਆਖਦਾ ਕਿ ਤੂੰ ਵੀ ਨਾਲ ਹੀ ਕਰ ਲਿਆ ਕਰ ਨਸ਼ਾ, ਬੜੀ ਸੋਹਣੀ ਨੀਂਦ ਆਉਂਦੀ, ਨਿਰਾ ਸਵਰਗ ਦਾ ਝੂਟਾ।

ਸੁੱਖੀ ਕਿਸਮਤ ਨੂੰ ਰੋਣ ਲੱਗਦੀ ਕਿ ਤਾਹੀਂ ਕਹਿ ਦਿੰਦੇ ਕਿ ਲਵ-ਮੈਰਿਜ ਕਿੱਥੇ ਸਿਰੇ ਚੜ੍ਹਦੀ ਆ। ਮੁੰਡਾ ਸਹੀ ਰਹੇ ਤਾਂ ਮਾਪੇ ਸਾਰੀ ਉਮਰ ਢੁੱਚ ਡਾਹੀ ਰੱਖਣਗੇ 'ਤੇ ਕਿੜ੍ਹ ਕੱਢੀ ਜਾਣਗੇ ਕਿ ਸਾਡੇ ਮੁੰਡੇ ਮਰਜ਼ੀ ਤੋਂ ਬਾਹਰ ਕਿਵੇਂ ਵਿਆਹ ਕਰਵਾ ਲਿਆ।

ਨਿੱਤ ਰੋਜ ਗਲਾਸ ਚੰਗੀ ਤਰਾਂ ਨਾਂ ਧੋਣ ਦਾ ਕਲੇਸ਼, ਲੀੜ੍ਹੇ ਚੱਜ ਨਾਲ ਨਾਂ ਧੋਣ ਦਾ ਕਲੇਸ਼, ਸਬਜ਼ੀ 'ਚ ਲੂਣ ਮਿਰਚ ਜਿਆਦਾ ਪਾਉਣ ਦਾ ਕਲੇਸ਼। ਏ.ਸੀ ਚਲਾਉਣ ਦਾ ਕਲੇਸ਼ 'ਤੇ ਹੋਰ ਪਤਾ ਨਹੀਂ ਕੀ-ਕੀ, ਸੁੱਖੀ ਅੱਕ ਗਈ ਸੀ।

ਹੁਣ ਭਿੰਦਰ ਨਸ਼ੇ 'ਚ ਸੁੱਖੀ ਨੂੰ ਕੁੱਟ ਸੁੱਟਦਾ। ਇੱਕ ਦਿਨ ਉਸਦੇ ਸਿਰ 'ਚ ਕੱਚ ਦੀ ਬੋਤਲ ਮਾਰੀ 'ਤੇ ਤਤੀਰੀ ਵੱਗਣ ਲੱਗ ਗਈ।

ਉਹ ਭੱਜ ਕੇ ਸੱਸ ਕੋਲ ਗਈ 'ਤੇ ਸੱਸ ਨੇ ਗੱਲ ਸੁਣਨ ਦੀ ਬਜਾਏ ਇਹ ਕਿਹਾ ਕਿ ਲੈ ਲਾ ਸਵਾਦ ਹੁਣ, ਇਸੇ ਜੋਗੀ ਏ ਤੂੰ।

ਉਸ ਦਿਨ ਉਹ ਪਹਿਲੀ ਵਾਰ ਘਰੋਂ ਬਾਹਰ ਇਕੱਲੀ ਨਿਕਲੀ ਸੀ 'ਤੇ ਸੱਥ ਦੇ ਨੇੜੇ ਡਾਕਟਰ ਦੇ ਘਰ ਸੀ। ਵਾਹੋ-ਦਾਹੀ ਉਹ ਡਾਕਟਰ ਦੇ ਘਰ ਵੱਲ ਭੱਜੀ।

ਸੱਥ 'ਚ ਕੋਈ ਪੰਦਰਾਂ ਵੀਹ ਬੰਦੇ ਹੋਣੇ 'ਤੇ ਸਭ ਨੇ ਲਹੂ-ਲੁਹਾਣ ਹੋਈ ਸੁੱਖੀ ਨੂੰ ਦੇਖਿਆ 'ਤੇ ਕਿਹਾ ਕਿ

ਕਰਮ ਮਾੜੇ ਇਹਦੇ, ਜੋ ਇਹਨਾਂ ਦੇ ਪੱਲੇ ਪਈ।

ਡਾਕਟਰ ਨੇ ਪੱਟੀ ਕੀਤੀ 'ਤੇ ਸੁੱਖੀ ਨੇ ਘਰ ਆ ਕੇ ਪੇਕੀਂ ਫੋਨ ਕਰ ਦਿੱਤਾ ਕਿ ਮੈਨੂੰ ਲੈ ਜਾਉ। ਪਰ ਅੱਗੋਂ ਮਾਂ ਨੇ ਨਾਂ ਕਰ ਦਿੱਤੀ ਕਿ ਤੇਰੇ ਭਰਾ ਨੇ ਸਖ਼ਤੀ ਨਾਲ ਕਿਹਾ ਹੋਇਆ ਕਿ ਸੁੱਖੀ ਨਾਲ ਜੋ ਵਰਤੂ ਉਹ ਇਸ ਘਰ ਵਿੱਚ ਰਹਿਣ ਤੋਂ ਵੀ ਜਾਊ।

ਸੁੱਖੀ ਨੇ ਆਪਣੀ ਇੱਕ ਸਹੇਲੀ ਨੂੰ ਫੋਨ ਕੀਤਾ ਕਿ ਮੈਨੂੰ ਸ਼ਹਿਰ ਡਾਕਟਰ ਦੇ ਦਿਖਾ ਆ। ਕਿਉਂਕਿ ਉਹਨੂੰ ਠੀਕ ਨਹੀਂ ਸੀ ਲੱਗ ਰਿਹਾ। ਡਾਕਟਰ ਨੇ ਸਾਰੇ ਟੈਸਟ ਲਏ 'ਤੇ ਸਭ ਸਹੀ ਸੀ।

ਸੁੱਖੀ ਸਦਮੇ 'ਚ ਸੀ ਜਦੋਂ ਉਹਨੂੰ ਇਹ ਵੀ ਪਤਾ ਲੱਗਾ ਕਿ ਉਹ ਪ੍ਰੈਗਨੈੱਟ ਵੀ ਏ। ਉਹ ਸਹੁਰੇ ਘਰ ਵਾਪਿਸ ਮੁੜ ਗਈ 'ਤੇ ਉਹਨੂੰ ਭਿੰਦੇ ਨੇ ਫੇਰ ਕੁੱਟਿਆ।

ਸੁੱਖੀ ਨੇ ਭਿੰਦੇ ਨੂੰ ਰੋਂਦੀ-ਰੋਂਦੀ ਨੇ ਦੱਸਿਆ ਕਿ ਨਾਂ ਮਾਰ, ਮੈਂ ਤੇਰੇ ਜੁਆਕ ਦੀ ਮਾਂ ਬਣਨ ਵਾਲੀ ਏ।

ਭਿੰਦਾ ਉਹਦੇ ਪੈਰਾਂ ਵਿੱਚ ਬਹਿ ਗਿਆ 'ਤੇ ਨਸ਼ੇ 'ਚ ਹੀ ਮੁਆਫ਼ੀਆਂ ਮੰਗਣ ਲੱਗਾ ਕਿ ਅੱਜ ਤੋਂ ਬਾਅਦ ਮੈਂ ਕੁੱਝ ਨਹੀਂ ਕਹਿੰਦਾ 'ਤੇ ਤੇਰੇ ਸਾਰੇ ਕੰਮ ਮੈਂ ਕਰੂ, ਤੂੰ ਬੱਸ ਅਰਾਮ ਕਰਨਾ।

ਸੁੱਖੀ ਦੇ ਮੂੰਹੋਂ ਨਿਕਲਿਆ ਕਿ ਇਹ ਨਸ਼ਾ? ਭਿੰਦੇ ਨੇ ਕੰਨ ਫੜ੍ਹ ਕਿਹਾ ਕਿ ਲੈ ਨਸ਼ਾ ਵੀ ਛੱਡ ਤਾਂ ਅੱਜ ਤੋਂ ਬਾਅਦ। ਹੋਇਆ ਵੀ ਇੰਜ ਹੀ ਭਿੰਦਾ ਇੱਕ ਦਮ ਚੇਂਜ ਹੋ ਗਿਆ

ਉਸ ਦਿਨ ਤੋਂ ਬਾਅਦ ਭਿੰਦਾ ਖੁਸ਼ ਰਹਿਣ ਲੱਗਾ। ਸੁੱਖੀ ਨੂੰ ਸ਼ਹਿਰ ਲੈ ਕੇ ਜਾਂਦਾ 'ਤੇ ਉੱਥੇ ਇਕੱਠੇ ਲੰਚ ਕਰਦੇ। ਘਰ ਉਸ ਲਈ ਸਰਪ੍ਰਾਈਜ਼ ਗਿਫ਼ਟ ਲੈ ਕੇ ਆਉਂਦਾ ਕਦੇ ਵੰਗਾਂ 'ਤੇ ਕਦੇ ਝੁਮਕੇ।

ਕਮਰੇ 'ਚ ਕਿਸੇ ਸੋਹਣੇ ਬੱਚੇ ਦੀ ਫੋਟੋ ਵੱਡੀ ਕਰਵਾ ਕੇ ਲਾ ਦਿੱਤੀ ਕਿ ਰੋਜ਼ ਇਹਨੂੰ ਦੇਖਿਆ ਕਰ 'ਤੇ ਇਹੋ ਜਿਹਾ ਪੁੱਤ ਪੈਂਦਾ ਹੋਊ।

ਸੁੱਖੀ ਕਹਿ ਦਿੰਦੀ ਕਿ ਜੇ ਧੀ ਹੋ ਗਈ। ਕਹਿੰਦਾ ਕਿ ਚੱਲ ਹੋ ਵੀ ਹੋਊ, ਹੋਊ ਤਾਂ ਸੋਹਣੀ ਜਾਂ ਸੋਹਣਾ। ਸੁੱਖੀ ਕਹਿੰਦੀ ਕਿ ਤੂੰ ਵੀ ਸੋਹਣਾ, ਤੈਨੂੰ ਦੇਖ ਲਿਆ ਕਰੂੰ 'ਤੇ ਕਹਿੰਦਾ ਕਿ ਨਾਂ ਮੇਰੇ ਵਰਗਾ ਨਾਂ ਹੋਵੇ, ਮੈਂ ਤੇਰੀ ਕਦਰ ਨਹੀਂ ਕਰੀ।

ਸਭ ਵਧੀਆ ਹੋ ਗਿਆ। ਭਿੰਦਾ ਖੇਤ ਕੰਮ ਵੀ ਕਰਨ ਲੱਗ ਗਿਆ। ਹੁਣ ਵੀ ਸੱਸ ਚੀ-ਮੀ ਕਰਦੀ, ਪਰ ਭਿੰਦਾ ਜਿਆਦਾ ਦਿਲ 'ਤੇ ਗੱਲ ਨਾਂ ਲੈਂਦਾ।

ਸੁੱਖੀ ਦਾ ਵੀ ਧਿਆਨ ਆਪਣੇ ਬੱਚੇ ਵੱਲ ਹੋ ਗਿਆ। ਉਹ ਕਿਤਾਬਾਂ ਪੜ੍ਹਦੀ, ਸਿਲਾਈਆਂ ਨਾਲ ਸਵੈਟਰ ਉਣਦੀ।

ਇੱਕ ਦਿਨ ਸਵੈਟਰ ਬੁਣ ਰਹੀ ਸੀ 'ਤੇ ਖੇਤੋਂ ਭਿੰਦੇ ਦੇ ਫੋਨ ਤੋਂ ਫੋਨ ਆਇਆ ਕਿ ਮੇਰੇ ਸੱਪ ਲੜ੍ਹ ਗਿਆ, ਜਲਦੀ ਆਜਾ।

ਬਿਨਾਂ ਕਿਸੇ ਨੂੰ ਕੁੱਝ ਦੱਸੇ ਸੁੱਖੀ ਖੇਤਾਂ ਵੱਲ ਭੱਜੀ। ਉੱਥੇ ਭਿੰਦਾ ਤੜ੍ਹਪ ਰਿਹਾ ਸੀ। ਸੁੱਖੀ ਨੇ ਆਵਦੀ ਚੁੰਨੀ ਨਾਲ ਉਸਦੀ ਲੱਤ ਬੰਨ੍ਹ ਦਿੱਤੀ ਤਾਂ ਕਿ ਜ਼ਹਿਰ ਫੈਲੇ ਨਾਂ ਗੱਡੀ ਮੰਗਵਾਈ 'ਤੇ ਸ਼ਹਿਰ ਲੈ ਕੇ ਗਏ।

ਸੁੱਖੀ ਦੀ ਸੱਸ ਵੀ ਨਾਲ ਸ਼ਹਿਰ ਗਈ 'ਤੇ ਭਿੰਦਾ ਸਾਰੇ ਰਾਹ ਇਹੀ ਕਹੀ ਗਿਆ ਆਪਣੀ ਮਾਂ ਨੂੰ ਕਿ ਸੁੱਖੀ ਨੂੰ ਧੀ ਬਣਾ ਕੇ ਰੱਖੀ ਮੇਰੇ ਤੋਂ ਬਾਅਦ।

ਮਾਂ ਬੁੱਕ-ਬੁੱਕ ਰੋ ਰਹੀ ਸੀ। ਸੁੱਖੀ ਭਿੰਦੇ ਨੂੰ ਬੁੱਕਲ ਵਿੱਚ ਘੁੱਟ ਲੈਂਦੀ। ਭਿੰਦਾ ਸ਼ਹਿਰ ਜਾਂਦਾ-ਜਾਂਦਾ ਪੂਰਾ ਹੋ ਗਿਆ। ਘਰ ਸੋਗ ਦਾ ਮਾਹੌਲ ਸੀ।

ਭਿੰਦੇ ਦੀ ਮਾਂ ਸੁੱਖੀ ਨੂੰ ਵਾਰ ਵਾਰ ਬੁੱਕਲ 'ਚ ਲੈ ਰਹੀ ਸੀ। ਤੁਰਨ ਵਾਲਾ ਤੁਰ ਗਿਆ ਪਰ ਉਹਨਾਂ ਦੋਹਾਂ ਦਾ ਦੁੱਖ ਇੱਕ ਹੋ ਗਿਆ 'ਤੇ ਉਹ ਵੀ ਇੱਕ ਹੋ ਗਈਆਂ ਸੀ।

ਸੱਸ ਹੁਣ ਸੁੱਖੀ ਦਾ ਮਾਂ ਵਾਂਗ ਖਿਆਲ ਰੱਖਦੀ। ਸੁੱਖੀ ਦੇ ਪੇਕੇ ਧੀ ਦੇ ਦੁੱਖ ਵਿੱਚ ਨਾਂ ਨਾਲ ਖੜ੍ਹੇ। ਸੱਸ ਹੀ ਸੁੱਖੀ ਦੀ ਮਾਂ ਬਣੀ।

ਸੁੱਖੀ ਨੇ ਪੁੱਤ ਨੂੰ ਜਨਮ ਦਿੱਤਾ। ਉਹਨਾਂ ਲਾਡਾਂ ਨਾਲ ਪੁੱਤ ਪਾਲਿਆ। ਜਦੋਂ ਪੁੱਤ ਦੋ ਕੇ ਵਰ੍ਹੇ ਦਾ ਹੋਇਆ ਤਾਂ ਸੱਸ ਨੇ ਕਿਹਾ ਕਿ ਸੁੱਖੀ ਛੱਬੀ ਸਾਲ ਦੀ ਉਮਰ ਕੀ ਉਮਰ, ਵਿਆਹ ਕਰ ਦਿੰਨੇ ਤੇਰਾ, ਮੁੰਡਾ ਇੱਥੇ ਰਹਿ ਲੂ ਸਾਡੇ ਕੋਲ। ਮਿੰਨਤਾਂ ਤਰਲੇ ਕਰਨ 'ਤੇ ਸੁੱਖੀ ਮੰਨ ਗਈ।

ਸੱਸ ਨੇ ਮਾਵਾਂ ਵਾਲੇ ਸਾਰੇ ਫਰਜ਼ ਅਦਾ ਕਰ ਸੁੱਖੀ ਦਾ ਵਿਆਹ ਕੀਤਾ। ਸੁੱਖੀ ਲਈ ਪਹਿਲਾਂ ਵਾਲਾ ਸਹੁਰਾ ਘਰ ਹੁਣ ਪੇਕਾ ਘਰ ਸੀ।

ਸੱਸ ਨੇ ਆਵਦਾ ਸੋਨਾ ਵੀ ਸਾਰਾ ਸੁੱਖੀ ਨੂੰ ਪਾ ਦਿੱਤਾ। ਸੱਠ ਤੋਲੇ ਸੋਨਾ, ਆਵਦੀ ਧੀ ਜੁ ਬਣਾਇਆ ਸੀ। ਸਭ ਲਈ ਇਹ ਮਿਸਾਲ ਸੀ ਕਿ ਸੱਸਾਂ ਮਾਵਾਂ ਬਣ ਜਾਂਦੀਆਂ।

ਸਾਰੇ ਰਿਸ਼ਤੇ ਉਹਨੂੰ ਸਹੁਰਿਆਂ ਵਿੱਚੋਂ ਮਿਲ ਗਏ ਸੀ। ਕਦੇ-ਕਦੇ ਭਿੰਦੇ ਨੂੰ ਯਾਦ ਕਰ ਅੱਖਾਂ ਭਰਦੀ, ਪਰ ਨਵੇਂ ਘਰਵਾਲੇ ਦੇ ਮੋਹ ਨੇ ਬੜ੍ਹਾ ਕੁੱਝ ਉਹਨੂੰ ਭੁਲਾਅ ਦਿੱਤਾ ਸੀ 'ਤੇ ਪਹਿਲਾਂ ਵਾਲੀ ਸੱਸ ਦੇ ਮੋਹ ਨੇ ਪੇਕਿਆਂ ਦੀ ਥਾਂ ਭਰ ਦਿੱਤੀ ਸੀ।

ਰਣਜੀਤ ਕੌਰ



# ਕੰਪਿਊਟਰ ਮਾਹਿਰ ਕਿਰਪਾਲ ਸਿੰਘ ਪੰਨੂੰ 'ਨੱਬਿਆਂ' ਦੇ ਹੋਏ...





ਬਰੈਂਪਟਨ, (ਡਾ. ਝੰਡ) – ਲੰਘੇ ਐਤਵਾਰ 30 ਅਗਸਤ ਨੂੰ ਕੰਪਿਊਟਰ ਮਾਹਿਰ ਕਿਰਪਾਲ ਸਿੰਘ ਪੰਨੂੰ, ਜਿਨ੍ਹਾਂ ਨੇ ਆਪਣੀ ਸਖ਼ਤ ਮਿਹਨਤ ਨਾਲ ਜੀਵਨ ਦਾ ਆਖ਼ਰੀ ਪੜਾਅ ਹੰਢਾ ਰਹੇ ਬਜ਼ੁਰਗਾਂ ਦੀਆਂ ਉਂਗਲੀਆਂ ਨੂੰ ਕੰਪਿਊਟਰਾਂ ਦੇ 'ਕੀ–ਪੈਡਾਂ' 'ਤੇ ਨੱਚਣ ਲਾ ਦਿੱਤਾ, ਦਾ 90ਵਾਂ ਜਨਮ–ਸਾਲ ਉਨ੍ਹਾਂ ਦੇ ਪਰਿਵਾਰ ਵੱਲੋਂ ਬੜੀ ਸ਼ਾਨ–ਓ–ਸ਼ੌਕਤ ਨਾਲ ਮਨਾਇਆ ਗਿਆ। ਬਰੈਂਪਟਨ ਦੀ 2790 ਮਿਸੀਸਾਗਾ ਰੋਡ ਵਿਖੇ 'ਨੂਵੋ ਈਵੈਂਟ ਸਪੇਸ' ਦੇ ਵੱਡੇ ਹਾਲ ਵਿੱਚ ਸ਼ਾਮ ਦੇ 6.00 ਵਜੇ ਵੱਡੀ ਗਿਣਤੀ ਵਿੱਚ ਸ਼ਾਮਲ ਹੋ ਕੇ ਉਨ੍ਹਾਂ ਦੇ ਸਾਕ–ਸਬੰਧੀਆਂ ਤੇ ਦੋਸਤਾਂ ਮਿੱਤਰਾਂ ਨੇ ਉਨ੍ਹਾਂ ਨੂੰ ਹਾਰਦਿਕ ਮੁਬਾਰਕਬਾਦ ਪੇਸ਼ ਕੀਤੀ।

ਸਮਾਗ਼ਮ 'ਚ ਹਾਜ਼ਰ ਪਰਿਵਾਰਕ ਮੈਂਬਰਾਂ ਤੇ ਮਹਿਮਾਨਾਂ ਵੱਲੋਂ ਸਨੈਕਸ ਵਗ਼ੈਰਾ ਲੈਣ ਤੋਂ ਬਾਅਦ ਸਮਾਗ਼ਮ ਦੀ ਸ਼ੁਰੂਆਤ ਪੰਨੂੰ ਸਾਹਿਬ ਦੇ ਛੋਟੇ ਸਪੁੱਤਰ ਹਰਵੰਤ ਪਾਲ ਸਿੰਘ ਪੰਨੂੰ ਵੱਲੋਂ ਆਏ ਸਮੂਹ ਸਬੰਧੀਆਂ ਤੇ ਪੰਨੂੰ ਸਾਹਿਬ ਦੇ ਦੋਸਤਾਂ–ਮਿੱਤਰਾਂ ਨੂੰ 'ਜੀ–ਆਇਆਂ' ਕਹਿਣ ਅਤੇ ਉਨ੍ਹਾਂ ਦਾ ਹਾਰਦਿਕ ਸਵਾਗਤ ਕਰਦੇ ਹੋਏ ਭਾਵਪੂਰਤ ਸ਼ਬਦਾਂ ਨਾਲ ਹੋਈ। ਇਸਦੇ ਨਾਲ ਹੀ ਉਨ੍ਹਾਂ ਵੱਲੋਂ ਆਪਣੇ ਵੱਡੇ ਭਰਾਵਾਂ ਨਰਵੰਤ ਪਾਲ ਸਿੰਘ ਪੰਨੂੰ ਅਤੇ ਰਾਜਵੰਤ ਪਾਲ ਸਿੰਘ ਪੰਨੂੰ ਅਤੇ ਭਾਬੀਆਂ ਨੂੰ ਮੰਚ ਦੀ ਵਾਗਡੋਰ ਸੰਭਾਲੀ ਗਈ, ਜਿਨ੍ਹਾਂ ਨੇ ਆਪੋ–ਆਪਣੇ ਲਹਿਜ਼ੇ ਵਿੱਚ ਪਰਿਵਾਰ ਦੇ ਮੁਖੀ ਕਿਰਪਾਲ ਸਿੰਘ ਪੰਨੂੰ ਅਤੇ ਮਾਤਾ ਜੀ ਪਤਵੰਤ ਕੌਰ ਪੰਨੂੰ ਨਾਲ ਜੁੜੀਆਂ ਨਿੱਘੀਆਂ ਯਾਦਾਂ ਸਾਂਝੀਆਂ ਕੀਤੀਆਂ।

ਉਪਰੰਤ, ਪੰਨੂੰ ਸਾਹਿਬ ਅਤੇ ਉਨ੍ਹਾਂ ਦੀ ਧਰਮ ਪਤਨੀ ਪਤਵੰਤ ਕੌਰ ਪੰਨੂੰ ਨੂੰ ਹਾਲ ਵਿਚਲੇ ਉੱਚੇ ਮੰਚ ਉੱਪਰ ਸੁਸ਼ੋਭਿਤ ਵਿਸ਼ੇਸ਼ ਸੋਫੇ ਉੱਪਰ ਬਿਠਾਇਆ ਗਿਆ ਅਤੇ ਪੰਨੂੰ ਪਰਿਵਾਰ ਦੇ ਸਾਰੇ ਮੈਂਬਰ ਉਨ੍ਹਾਂ ਦੇ ਅੱਗੇ ਉਸ ਮੰਚ ਦੇ ਕਿਨਾਰੇ 'ਤੇ ਲੱਤਾਂ ਲਮਕਾਅ ਕੇ ਬੈਠ ਗਏ। ਕੈਮਰਾ–ਮੈਨਾਂ ਵੱਲੋਂ ਸਾਰੇ ਪਰਿਵਾਰ ਦੀ ਸਾਂਝੀ ਤਸਵੀਰ ਖਿੱਚੀ ਗਈ ਅਤੇ ਚੱਲ ਰਹੇ ਦੋ ਵੀਡੀਓ ਕੈਮਰੇ ਇਹ ਸਾਰਾ ਦ੍ਰਿਸ਼ ਆਪਣੇ ਅੰਦਰ ਨਾਲ ਦੀ ਨਾਲ ਸਮੋਈ ਜਾ ਰਹੇ ਸਨ। ਪੰਨੂੰ ਸਾਹਿਬ ਦੀ ਮੂੰਹ–ਬੋਲੀ ਬੇਟੀ ਪਵਨਜੀਤ ਕੌਰ ਮਾਂਗਟ ਵੱਲੋਂ ਆਪਣੇ ਪਰਿਵਾਰ ਦੇ ਸਾਰੇ ਮੈਂਬਰਾਂ ਦੀ ਵਾਕਫ਼ੀਅਤ ਕਰਵਾਈ ਗਈ ਜਿਸ ਦੌਰਾਨ ਉਹ ਕਈ ਵਾਰ ਕਾਫ਼ੀ ਭਾਵੁਕ ਹੋਈ। ਇਸ ਦੌਰਾਨ ਹਾਲ ਦੀਆਂ ਦੋ ਸਕਰੀਨਾਂ ਉੱਪਰ ਪੰਨੂੰ ਸਾਹਿਬ ਦੇ ਜੀਵਨ ਦੀਆਂ ਸਰਗਰਮੀਆਂ ਨੂੰ ਦਰਸਾਉਂਦੀਆਂ ਹੋਈਆਂ ਤਸਵੀਰਾਂ ਵੀਡੀਓ ਰੂਪ ਵਿੱਚ ਲਗਾਤਾਰ ਚੱਲ ਰਹੀਆਂ ਸਨ ਜਿਨ੍ਹਾਂ ਵਿੱਚ 'ਸਰਗਮ ਰੇਡੀਓ' ਦੇ ਸੰਚਾਲਕ ਡਾ. ਬਲਵਿੰਦਰ ਵੱਲੋਂ ਪੰਨੂੰ ਸਾਹਿਬ ਵੱਲੋਂ ਬੀ. ਐੱਸ.ਐੱਫ. ਦੀ ਨੌਕਰੀ ਦੌਰਾਨ ਆਪਣੀ ਪਤਨੀ ਨੂੰ ਲਿਖੀ ਹੋਈ ਰੋਮਾਂਚਿਕ ਚਿੱਠੀ ਦਾ ਸੰਖੇਪ 'ਪਾਠ' ਵੀ ਸ਼ਾਮਲ ਸੀ।

ਇਸ ਤੋਂ ਬਾਅਦ ਪੰਨੂੰ ਸਾਹਿਬ ਅਤੇ ਉਨ੍ਹਾਂ ਦੀ ਧਰਮ ਪਤਨੀ ਸ਼੍ਰੀਮਤੀ ਪਤਵੰਤ ਕੌਰ ਵੱਲੋਂ ਮਿਲ਼ ਕੇ ਕੇਕ ਕੱਟਿਆ ਗਿਆ ਅਤੇ ਇਸ ਨਾਲ ਇੱਕ ਦੂਸਰੇ ਦਾ ਮੂੰਹ ਮਿੱਠਾ ਕਰਵਾਇਆ। ਪਰਿਵਾਰ ਦੇ ਹੋਰ ਮੈਂਬਰਾਂ ਵੱਲੋਂ ਵੀ ਉਨ੍ਹਾਂ ਦੋਹਾਂ ਦਾ ਮੂੰਹ ਮਿੱਠਾ ਕਰਵਾਇਆ ਗਿਆ। ਫਿਰ ਸਰਦਾਰਨੀ ਪੰਨੂੰ ਅਤੇ ਸਰਦਾਰਨੀ ਸੁਰਿੰਦਰ ਕੌਰ ਗਿੱਲ (ਜੱਸੀ ਪੰਨੂੰ ਦੇ ਮਾਤਾ ਜੀ) ਨੇ ਮਿਲ ਕੇ ਕੇਕ ਕੱਟਿਆ ਅਤੇ ਜੱਸੀ ਪੰਨੂੰ ਨੇ ਆਪਣੇ ਮਾਤਾ ਜੀ ਦਾ ਮੂੰਹ ਮਿੱਠਾ ਕਰਵਾਇਆ। ਸੰਜੋਗਵੱਸ, ਮਿਸਿਜ਼ ਪੰਨੂੰ ਅਤੇ ਸਰਦਾਰਨੀ ਗਿੱਲ ਹੁਰਾਂ ਦਾ ਵੀ ਇਹ 90ਵਾਂ ਜਨਮ–ਸਾਲ ਸੀ। ਇਸ ਮੁੱਦੇ ਤੋਂ ਮਹਿਮਾਨਾਂ ਨੂੰ ਕਿਰਪਾਲ ਪੰਨੂੰ ਅਤੇ ਪਤਵੰਤ ਪੰਨੂੰ ਦੇ ਆਪਣੇ ਜੀਵਨ–ਪੰਧ ਨੂੰ ਇਕੱਠਿਆਂ ਖ਼ੁਸ਼ੀ–ਖ਼ੁਸ਼ੀ ਤੈਅ ਕਰਨ ਦਾ ਰਹੱਸ ਸਾਹਮਣੇ ਆਇਆ। ਉਪਰੰਤ, ਪਰਿਵਾਰ ਦੇ ਮੈਂਬਰਾਂ ਵੱਲੋਂ ਪਹਿਲਾਂ ਤੋਂ ਤਿਆਰ ਕੀਤੀਆਂ ਗਈਆਂ ਨਾਚ–ਗਾਣਿਆਂ ਦੀ ਆਈਟਮਾਂ ਦੀ ਸ਼ੁਰੂਆਤ ਹੋ ਗਈ। ਪੰਜਾਬੀ ਗਾਣਿਆਂ ਉੱਪਰ ਪੂਰੇ ਸੁਰ–ਤਾਲ ਉੱਤੇ ਉਨ੍ਹਾਂ ਦੇ ਉੱਠ ਰਹੇ ਪੈਰ ਇਹ ਦਰਸਾ ਰਹੇ ਸਨ ਕਿ ਉਨ੍ਹਾਂ ਨੇ ਇਸ ਦੀ ਪਹਿਲਾਂ ਕਾਫ਼ੀ ਰੀਹਰਸਲ ਕੀਤੀ ਹੋਈ ਸੀ। ਹਾਲ ਵਿੱਚ ਮੌਜੂਦ ਸਮੂਹ ਹਾਜ਼ਰੀਨ ਨੇ ਇਨ੍ਹਾਂ ਮਨਮੋਹਕ ਆਈਟਮਾਂ ਦਾ ਖ਼ੂਬ ਅਨੰਦ ਮਾਣਿਆਂ। ਇਸ ਦੇ ਨਾਲ ਹੀ ਪੰਨੂੰ ਸਾਹਿਬ ਦੇ ਜਿਗਰੀ ਹਮ–ਉਮਰ ਦੋਸਤ ਪ੍ਰਿੰਸੀਪਲ ਸਰਵਣ ਸਿੰਘ, ਪੂਰਨ ਸਿੰਘ ਪਾਂਧੀ, ਗੁਰਦੇਵ ਸਿੰਘ ਮਾਨ ਤੇ ਕਈ ਹੋਰ ਹਾਲ ਦੇ ਨੱਚਣ ਵਾਲੇ 'ਪਿੜ' ਵਿੱਚ ਆ ਗਏ ਅਤੇ ਉਨ੍ਹਾਂ ਨੇ ਪੰਨੂੰ ਸਾਹਿਬ ਦੇ ਨਾਲ ਮਿਲ਼ ਕੇ ਖ਼ੂਬ ਭੰਗੜਾ ਪਾਇਆ ਜਿਸ ਦੀ ਦਰਸ਼ਕਾਂ ਵੱਲੋਂ ਖ਼ੂਬ ਸਰਾਹਨਾ ਹੋਈ। ਸਮਾਗ਼ਮ ਦੇ ਅਖ਼ੀਰ ਵੱਲ ਵੱਧਦਿਆਂ ਇੰਜ. ਈਸ਼ਰ ਸਿੰਘ ਨੇ ਪੰਨੂੰ ਸਾਹਿਬ ਦੇ ਜੀਵਨ ਸਫ਼ਰ ਅਤੇ ਇਸ ਦੌਰਾਨ ਉਨ੍ਹਾਂ ਦੀਆਂ ਪ੍ਰਾਪਤੀਆਂ ਬਿਆਨ ਕਰਦਿਆਂ ਕਿਹਾ ਕਿ ਹੈਰਾਨੀ–ਜਨਕ ਹੈ ਕਿ ਪੰਨੂੰ ਸਾਹਿਬ ਇੱਕ ਪਛੜੇ ਹੋਏ ਪਿੰਡ ਵਿੱਚ ਜੰਮੇ–ਪਲ਼ੇ ਤੇ ਅਫ਼ਸਰੀ ਉਨ੍ਹਾਂ ਨੇ ਬੀ.ਐੱਸ.ਐੱਫ 'ਚ ਕੀਤੀ ਪਰ ਪ੍ਰਸਿੱਧੀ ਉਨ੍ਹਾਂ ਨੇ ਕੰਪਿਊਟਰ ਦੇ ਖੇਤਰ 'ਚ ਪ੍ਰਾਪਤ ਕੀਤੀ। ਬੀ.ਐੱਸ.ਐੱਫ. ਵਿੱਚੋਂ ਡਿਪਟੀ ਕਮਾਂਡੈਂਟ ਦੀ ਸੇਵਾ–ਮੁਕਤੀ ਤੋਂ ਬਾਅਦ ਬਰੈਂਪਟਨ ਆ ਕੇ ਉਨ੍ਹਾਂ ਨੇ ਅਮਰੀਕਾ ਦੇ ਕੰਪਿਊਟਰ ਵਿਗਿਆਨੀ ਡਾ. ਕੁਲਬੀਰ ਸਿੰਘ ਥਿੰਦ ਨਾਲ ਸਲਾਹ–ਮਸ਼ਵਰਾ ਕਰਕੇ ਕੰਪਿਊਟਰ ਦੇ ਪੰਜਾਬੀ ਫ਼ੌਂਟਸ 'ਤੇ ਨਿੱਠ ਕੇ ਕੰਮ ਕੀਤਾ ਅਤੇ ਕਈ ਨਵੇਂ ਫ਼ੌਂਟਸ ਤਿਆਰ ਕੀਤੇ। ਕੰਪਿਊਟਰ ਦੀ ਤਕਨਾਲੋਜੀ ਨੂੰ ਪੰਜਾਬੀ ਭਾਸ਼ਾ, ਪੰਜਾਬੀ ਸਮਾਜ, ਗੁਰੂ ਗ੍ਰੰਥ ਸਾਹਿਬ, ਸਾਹਿਤ ਅਤੇ ਸਵੈ–ਵਿਕਾਸ ਨਾਲ਼ ਜੋੜਿਆ। ਇਸ ਦੇ ਰਾਹੀਂ ਗੁਰਮੁਖੀ ਤੇ ਸ਼ਾਹਮੁਖੀ ਲਿਪੀਆਂ ਨੂੰ ਆਪਸ 'ਚ ਜੋੜਿਆ ਅਤੇ ਗੁਰੂ ਗ੍ਰੰਥ ਸਾਹਿਬ ਨੂੰ ਸ਼ਾਹਮੁਖੀ 'ਚ ਰੁਪਾਂਤ੍ਰਿਤ ਕੀਤਾ। ਉਨ੍ਹਾਂ ਦੱਸਿਆ ਕਿ ਇਨ੍ਹਾਂ ਮਹੱਤਵਪੂਰਨ ਖੋਜਾਂ ਅਤੇ ਬਜ਼ੁਰਗਾਂ ਨੂੰ ਕੰਪਿਊਟਰ ਸਿਖਾਉਣ ਦੀ ਨਿਸ਼ਕਾਮ ਸੇਵਾ ਕਰਨ ਕਰਕੇ ਕੈਨੇਡਾ ਸਰਕਾਰ ਵੱਲੋਂ ਪੰਨੂੰ ਸਾਹਿਬ ਨੂੰ ਸਾਲ 2024 ਦਾ 'ਸੀਨੀਅਰ ਸਿਟੀਜ਼ਨ ਲਾਈਫ਼–ਟਾਈਮ ਅਚੀਵਮੈਂਟ ਐਵਾਰਡ' 25 ਜੂਨ 2025 ਨੂੰ ਪ੍ਰਦਾਨ ਕੀਤਾ ਗਿਆ। ਜਿਸ ਦੀ ਵੀਡਿਓ ਕਲਿੱਪ ਸਕਰੀਨ ਉੱਤੇ ਦਿਖਾਈ। ਉਨ੍ਹਾਂ ਹੋਰ ਕਿਹਾ ਕਿ ਪੰਨੂੰ ਸਾਹਿਬ ਦੇ 75ਵੇਂ ਜਨਮ–ਸਾਲ 'ਤੇ ਪ੍ਰਿੰਸੀਪਲ ਸਰਵਣ ਸਿੰਘ ਵੱਲੋਂ ਤਿਆਰ ਕੀਤਾ ਗਿਆ ਖ਼ੂਬਸੂਰਤ ਅਭਿਨੰਦਨ ਗ੍ਰੰਥ ਉਨ੍ਹਾਂ ਨੂੰ ਭੇਟ ਕੀਤਾ ਗਿਆ ਸੀ ਜਿਸ ਵਿੱਚ 50 ਤੋਂ ਉੱਪਰ ਵਿਦਵਾਨਾਂ ਦੇ ਪੰਨੂੰ ਸਾਹਿਬ ਦੇ ਸੰਘਰਸ਼ਮਈ ਜੀਵਨ ਤੇ ਪ੍ਰਾਪਤੀਆਂ ਸਬੰਧੀ ਵਿਸਤ੍ਰਿਤ ਲੇਖ ਸ਼ਾਮਲ ਹਨ। ਉਨ੍ਹਾਂ ਹੋਰ ਕਿਹਾ ਕਿ ਉਸ ਤੋਂ ਬਾਅਦ ਪੰਨੂੰ ਸਾਹਿਬ ਦੀਆਂ ਹੋਰ ਨਵੀਆਂ ਪ੍ਰਾਪਤੀਆਂ ਨੂੰ ਮੁੱਖ ਰੱਖਦਿਆਂ ਹੋਇਆਂ ਪ੍ਰਿੰਸੀਪਲ ਸਾਹਿਬ ਨੂੰ ਹੁਣ ਨਵਾਂ ਅਭਿਨੰਦਨ ਗ੍ਰੰਥ ਤਿਆਰ ਕਰਨਾ ਚਾਹੀਦਾ ਹੈ। ਇਸਦੇ ਨਾਲ ਹੀ ਉਨ੍ਹਾਂ ਆਸ ਪ੍ਰਗਟ ਕੀਤੀ ਕਿ ਪੰਨੂੰ ਸਾਹਿਬ ਏਸੇ ਤਰ੍ਹਾਂ ਆਪਣਾ 100ਵਾਂ ਜਨਮ–ਸਾਲ ਵੀ ਮਨਾਉਣਗੇ ਅਤੇ ਪ੍ਰਮਾਤਮਾ ਨੇ ਜੇਕਰ ਚਾਹਿਆ ਤਾਂ ਉਹ (ਈਸ਼ਰ ਸਿੰਘ) ਉਸ ਮਹਾਨ ਜ਼ਸ਼ਨ ਵਿੱਚ ਵੀ ਜ਼ਰੂਰ ਸ਼ਾਮਲ ਹੋਣਗੇ। ਉਪਰੰਤ, ਸਾਰਿਆਂ ਨੇ ਸੁਆਦਲੇ ਖਾਣੇ ਦਾ ਅਨੰਦ ਲਿਆ ਅਤੇ ਘਰਾਂ ਨੂੰ ਰਵਾਨਗੀ ਪਾਈ॥ ਇਸ ਦੌਰਾਨ ਮੰਚ 'ਤੇ ਬੀਬੀਆਂ ਵੱਲੋਂ ਪੰਜਾਬੀ ਗਾਣਿਆਂ ਅਤੇ ਬੋਲੀਆਂ ਉੱਪਰ ਨੱਚਣਾ ਨਿਰੰਤਰ ਜਾਰੀ ਸੀ।

# 'ਬਰਾਊਨ ਡਾਇਰੀਜ਼ ਪੰਜਾਬੀ ਸਾਹਿਤ ਸਭਾ ਟੋਰਾਂਟੋ' ਵੱਲੋਂ ਸੁਰਿੰਦਰਜੀਤ ਕੌਰ ਦੀ ਪੁਸਤਕ 'ਅੱਖੀਂ ਡਿੱਠਾ ਕਿਸਾਨ ਅੰਦੋਲਨ 2020-21' ਬਾਰੇ ਹੋਈ ਵਿਚਾਰ-ਚਰਚਾ




ਕੈਲੇਡਨ, (ਡਾ. ਝੰਡ) – ਨੌਜੁਆਨ ਕਵੀਆਂ ਦੀ ਸੱਜਰੀ ਬਣੀ ਸਾਹਿਤਕ ਸੰਸਥਾ 'ਬਰਾਊਨ ਡਾਇਰੀਜ਼ ਸਾਡੀ ਮਹਿਫ਼ਲ ਪੰਜਾਬੀ ਸਾਹਿਤ ਸਭਾ ਟੋਰਾਂਟੋ' ਦੀ ਕੈਲੇਡਨ ਵਿਖੇ ਹੋਈ ਪਲੇਠੀ ਮੀਟਿੰਗ ਵਿੱਚ ਕਵਿਤਾ ਤੇ ਵਾਰਤਕ ਲੇਖਿਕਾ ਵੱਲੋਂ ਸੁਰਿੰਦਰਜੀਤ ਕੌਰ ਦੀ ਨਵ–ਪ੍ਰਕਾਸ਼ਤ ਪੁਸਤਕ 'ਅੱਖੀ ਡਿੱਠਾ ਕਿਸਾਨ ਅੰਦੋਲਨ 2020–21' ਬਾਰੇ ਵਿਚਾਰ–ਚਰਚਾ ਕੀਤੀ ਗਈ। ਇਸ ਮੀਟਿੰਗ ਦੇ ਪ੍ਰਧਾਨਗੀ–ਮੰਡਲ ਵਿੱਚ ਭੁਪਿੰਦਰ ਦੁਲੇ, ਮਲੂਕ ਸਿੰਘ ਕਾਹਲੋਂ, ਸੁਰਿੰਦਰਜੀਤ ਕੌਰ ਅਤੇ ਸੁਖਚਰਨਜੀਤ ਗਿੱਲ ਸ਼ਾਮਲ ਸਨ। ਮੀਟਿੰਗ ਦੀ ਕਾਰਵਾਈ ਆਰੰਭ ਕਰਨ ਤੋਂ ਪਹਿਲਾਂ ਨੌਜੁਆਨ ਕਵੀਆਂ ਵੱਲੋਂ ਇਨ੍ਹਾਂ ਸੀਨੀਅਰ ਸ਼ਾਇਰਾਂ ਨੂੰ ਬੁਕੇ ਦੇ ਕੇ ਉਨ੍ਹਾਂ ਦਾ ਭਰਵਾਂ ਸੁਆਗ਼ਤ ਕੀਤਾ ਗਿਆ। ਉਪਰੰਤ, ਮੰਚ–ਸੰਚਾਲਨ ਦੀ ਕਮਾਨ ਨੌਜੁਆਨ ਸ਼ਾਇਰ ਕਰਨ ਨੇ ਸੰਭਾਲੀ ਅਤੇ ਇਕ ਹੋਰ ਨੌਜੁਆਨ ਗੁਰਦਾਸ ਥੱਬਲ ਵੱਲੋਂ ਉਸਦਾ ਸਾਥ ਬਾਖ਼ੂਬੀ ਦਿੱਤਾ ਗਿਆ। ਇਸ ਦੌਰਾਨ ਹੋਏ ਕਵੀ–ਦਰਬਾਰ ਵਿੱਚ ਨੌਜੁਆਨ ਕਵੀਆਂ ਵੱਲੋਂ ਪੇਸ਼ ਕੀਤੀਆਂ ਗਈਆਂ ਰਚਨਾਵਾਂ ਵਿੱਚ ਪੰਜਾਬੀ ਮਾਂ–ਬੋਲੀ, ਪੰਜਾਬੀ ਸਾਹਿਤ ਤੇ ਸੱਭਿਆਚਾਰ ਦੀ ਸਿਰਜਨਾ, ਪ੍ਰਫੁੱਲ਼ਤਾ ਅਤੇ ਇਸਦੇ ਮਿਆਰੀਕਰਨ ਦੀ ਭਰਪੂਰਤਾ ਦੀ ਉਜਲੀ ਸੰਭਾਵਨਾ ਨਜ਼ਰ ਆਈ। ਸੀਨੀਅਰ ਕਵੀਆਂ ਤੋਂ ਉਨ੍ਹਾਂ ਦੀਆਂ ਕਵਿਤਾਵਾਂ ਸੁਣਨ ਤੋਂ ਇਲਾਵਾ ਨੌਜੁਆਨਾਂ ਵੱਲੋਂ ਉਨ੍ਹਾਂ ਨਾਲ ਸੰਵਾਦ ਰਚਾਉਂਦਿਆਂ ਹੋਇਆਂ ਉਨ੍ਹਾਂ ਕੋਲੋਂ ਕਈ ਸੁਆਲ ਪੁੱਛੇ ਗਏ, ਜਿਨ੍ਹਾਂ ਤੇ ਤਸੱਲੀਬਖ਼ਸ਼ ਜੁਆਬ ਸੁਣਨ ਤੋਂ ਬਾਅਦ ਉਨ੍ਹਾਂ ਦੀ ਅਪਾਰ ਸਫ਼ਲਤਾ ਲਈ ਉਨ੍ਹਾਂ ਨੂੰ ਸ਼ੁਭ–ਇੱਛਾਵਾਂ ਦਿੱਤੀਆਂ ਗਈਆਂ। ਇਨ੍ਹਾਂ ਨੌਜੁਆਨ ਕਵੀਆਂ ਦੀ ਇੱਛਾ 'ਤੇ ਸੁਰਿੰਦਰਜੀਤ ਕੌਰ ਦੀ ਕਿਸਾਨ ਅੰਦੋਲਨ ਬਾਰੇ ਨਵ–ਪ੍ਰਕਾਸ਼ਿਤ ਪੁਸਤਕ 'ਅੱਖੀਂ ਡਿੱਠਾ ਕਿਸਾਨ ਅੰਦੋਲਨ 2020–21' ਬਾਰੇ ਭਰਪੂਰ ਵਿਚਾਰ–ਚਰਚਾ ਹੋਈ ਜਿਸ ਵਿੱਚ ਲੇਖਿਕਾ ਨੇ ਭਾਰਤ ਸਰਕਾਰ ਦੇ ਤਿੰਨ ਕਿਸਾਨ–ਮਾਰੂ ਕਾਲ਼ੇ ਕਾਨੂੰਨਾਂ ਦੇ ਵਿਰੁੱਧ ਕੈਨੇਡਾ ਤੋਂ ਤੋਂ ਦਿੱਲੀ ਜਾ ਕੇ ਇਸ ਦੇ ਟਿੱਕਰੀ ਬਾਰਡਰ ਉੱਪਰ ਆਪ ਕਈ ਮਹੀਨੇ ਰਹਿ ਕੇ ਕਿਸਾਨਾਂ ਤੇ ਕਿਰਤੀਆਂ ਦੀਆਂ ਮੁਸ਼ਕਲਾਂ ਨੂੰ ਖ਼ੁਦ ਅੱਖੀਂ ਵੇਖਿਆ ਤੇ ਹੱਡੀਂ ਹੰਢਾਇਆ ਅਤੇ ਨਾਲੋ–ਨਾਲ ਇਸਨੂੰ ਸੰਖੇਪ ਰੂਪ ਵਿੱਚ ਕਲਮਬੱਧ ਵੀ ਕੀਤਾ। ਤੇਰਾਂ ਮਹੀਨੇ ਚੱਲੇ ਇਸ ਅੰਦੋਲਨ ਸਮੇਂ 'ਕੋਵਿਡ–19' ਦਾ ਕਹਿਰ, ਗਰਮੀ ਦਾ ਪ੍ਰਕੋਪ, ਸਖ਼ਤ ਠੰਡ ਦੀ ਮਾਰ, ਮੀਂਹ, ਝੱਖੜ–ਝਾਂਬੇ ਤੇ ਤੂਫ਼ਾਨ, ਕਿੱਲਾਂ ਤੇ ਕੰਡਿਆਲੀਆਂ ਤਾਰਾਂ ਨਾਲ ਪੁਲਿਸ ਪ੍ਰਸ਼ਾਸਨ ਵੱਲੋਂ ਲਗਾਈਆਂ ਗਈਆਂ ਰੋਕਾਂ ਅਤੇ ਟੋਇਆਂ–ਟਿੱਬਿਆਂ ਦਾ ਇਸ ਪੁਸਤਕ ਵਿੱਚ ਬਾਖ਼ੂਬੀ ਜ਼ਿਕਰ ਕੀਤਾ ਹੈ। ਇਸ ਅੰਦੋਲਨ ਵਿੱਚ ਤਿੰਨਾਂ ਕਾਲ਼ੇ ਕਾਨੂੰਨਾਂ ਨੂੰ ਸਫ਼ਲਤਾ ਪੂਰਵਕ ਰੱਦ ਕਰਵਾਉਣ, ਕਿਸਾਨ ਆਗੂਆਂ ਵੱਲੋਂ ਸਰਕਾਰੀ ਚਾਲਾਂ ਨੂੰ ਬੇਨਕਾਬ ਕਰਨ, ਪੁਰਖ਼ਿਆਂ ਦੇ ਸੰਘਰਸ਼ਮੀ ਜੀਵਨ ਦੀ ਯਾਦ ਤਾਜ਼ਾ ਕਰਨ ਅਤੇ 700 ਤੋਂ ਉੱਪਰ ਕਿਸਾਨਾਂ ਵੱਲੋਂ ਖਿੜੇ ਮੱਥੇ ਪ੍ਰਾਪਤ ਕੀਤੀਆਂ ਗਈਆਂ ਸ਼ਹੀਦੀਆਂ ਨੂੰ ਬਹੁਤ ਹੀ ਵਧੀਆ ਤਰ੍ਹਾਂ ਦਰਸਾਇਆ ਗਿਆ ਹੈ। ਸਮਾਗ਼ਮ ਦੇ ਅਖ਼ੀਰ ਵੱਲ ਵੱਧਦਿਆਂ ਮਲੂਕ ਸਿੰਘ ਕਾਹਲੋਂ ਵੱਲੋਂ ਇਸ ਨਵ–ਗਠਿਤ ਸੰਸਥਾ 'ਬਰਾਊਨ ਡਾਇਰੀਜ਼ ਸਾਡੀ ਸਭਾ ਪੰਜਾਬੀ ਸਾਹਿਤ ਸਭਾ ਟੋਰਾਂਟੋ' ਦੇ ਸਮੂਹ ਮੈਂਬਰਾਂ ਅਤੇ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ। ਸੰਸਥਾ ਵੱਲੋਂ ਕਰਵਾਏ ਗਏ ਇਸ ਸਾਹਿਤਕ ਸਮਾਗ਼ਮ ਵਿੱਚ ਜਸਕਰਨ, ਸਰਬ ਸੰਧੂ, ਹਰਜੋਤ ਸਿੰਘ, ਗੁਰਦੀਪ ਸਿੰਘ, ਅਮਰਜੀਤ ਸਿੰਘ, ਕਿਰਨਦੀਪ ਕੌਰ, ਤਨਵੀਰ ਸਿੰਘ, ਮਨਪ੍ਰੀਤ ਸਿੰਘ, ਗੁਰਜੀਤ ਕੌਰ, ਪ੍ਰਨੀਤ ਸਿੰਘ, ਹਰਮਨ ਸਿੰਘ, ਸੁਖਮਨਦੀਪ, ਨਵਜੋਤ ਕੌਰ, ਕਰਨਪ੍ਰੀਤ ਸਿੰਘ, ਕਰਮਜੀਤ ਸਿੰਘ, ਗੁਰਵਿੰਦਰ ਸਿੰਘ, ਜਗਦੀਸ਼, ਅਸੀਮ, ਰਚਨਦੀਪ ਤੋਂ ਇਲਾਵਾ ਗੁਰਦੇਵ ਸਿੰਘ ਸੇਖੋਂ, ਧਰਮ ਸਿੰਘ ਭੰਗੂ, ਹਰਚੰਦ ਸਿੰਘ ਸੰਘਾ, ਜਸਵੀਰ ਸਿੰਘ ਤੇ ਕਈ ਹੋਰ ਸ਼ਾਮਲ ਹੋਏ।

# ਕਸੂਤੇ ਫਸੇ ਰਾਜਾ ਵੜਿੰਗ ! NCSC ਨੇ 5 ਦਿਨ 'ਚ ਗ੍ਰਿਫ਼ਤਾਰੀ ਦੇ ਦਿੱਤੇ ਹੁਕਮ



ਲੁਧਿਆਣਾ ਤੋਂ ਸੰਸਦ ਮੈਂਬਰ ਅਤੇ ਸੂਬਾ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀਆਂ ਮੁਸ਼ਕਲਾਂ ਵਧ ਗਈਆਂ ਹਨ। ਰਾਸ਼ਟਰੀ ਅਨੁਸੂਚਿਤ ਜਾਤੀ ਕਮਿਸ਼ਨ (NCSC) ਨੇ ਇੱਕ ਚੋਣ ਰੈਲੀ ਦੌਰਾਨ ਸਾਬਕਾ ਕੇਂਦਰੀ ਗ੍ਰਹਿ ਮੰਤਰੀ ਸਵਰਗੀ ਬੂਟਾ ਸਿੰਘ 'ਤੇ ਕਥਿਤ ਤੌਰ 'ਤੇ ਵਿਵਾਦਿਤ ਟਿੱਪਣੀਆਂ ਕਰਨ ਦੇ ਦੋਸ਼ ਵਿੱਚ ਉਨ੍ਹਾਂ ਦੀ ਗ੍ਰਿਫ਼ਤਾਰੀ ਦੇ ਹੁਕਮ ਦਿੱਤੇ ਹਨ। ਇਸ ਮਾਮਲੇ ਦੀ ਸੁਣਵਾਈ ਸੋਮਵਾਰ ਨੂੰ ਕਮਿਸ਼ਨ ਦੇ ਚੇਅਰਮੈਨ ਕਿਸ਼ੋਰ ਮਕਵਾਨਾ ਦੀ ਪ੍ਰਧਾਨਗੀ ਹੇਠ ਹੋਈ, ਜਿਸ ਦੌਰਾਨ ਬੂਟਾ ਸਿੰਘ ਦੇ ਪੁੱਤਰ ਸਰਬਜੋਤ ਸਿੰਘ, ਤਰਨਤਾਰਨ ਦੇ ਡੀਐਸਪੀ ਹਰਪ੍ਰੀਤ ਸਿੰਘ ਅਤੇ ਡੀਐਸਪੀ ਗੁਲਜ਼ਾਰ ਸਿੰਘ ਵੀ ਮੌਜੂਦ ਸਨ। ਕਮਿਸ਼ਨ ਨੇ ਪੁਲਿਸ ਨੂੰ ਰਾਜਾ ਵੜਿੰਗ ਸਮੇਤ ਸਾਰੇ ਦੋਸ਼ੀਆਂ ਨੂੰ ਪੰਜ ਦਿਨਾਂ ਦੇ ਅੰਦਰ ਗ੍ਰਿਫ਼ਤਾਰ ਕਰਨ ਅਤੇ ਸਟੇਟਸ ਰਿਪੋਰਟ ਪੇਸ਼ ਕਰਨ ਦੇ ਨਿਰਦੇਸ਼ ਦਿੱਤੇ। ਹਾਲਾਂਕਿ, ਰਾਜਾ ਵੜਿੰਗ ਹੁਣ ਇਸ ਮਾਮਲੇ ਵਿੱਚ ਅਦਾਲਤ ਦਾ ਦਰਵਾਜ਼ਾ ਖੜਕਾ ਸਕਦੇ ਹਨ। ਉਹ ਐਸਸੀ ਕਮਿਸ਼ਨ ਦੇ ਹੁਕਮਾਂ ਨੂੰ ਹਾਈ ਕੋਰਟ ਵਿੱਚ ਚੁਣੌਤੀ ਦੇ ਸਕਦੇ ਹਨ। ਇਸ ਤੋਂ ਬਾਅਦ, ਉਹ ਸੁਪਰੀਮ ਕੋਰਟ ਦਾ ਦਰਵਾਜ਼ਾ ਵੀ ਖੜਕਾ ਸਕਦੇ ਹਨ।

ਦੱਸ ਦੇਈਏ ਕਿ ਨਵੰਬਰ 2025 ਵਿੱਚ ਤਰਨਤਾਰਨ ਵਿਧਾਨ ਸਭਾ ਜਿਮਨੀ ਚੋਣਾਂ ਦੌਰਾਨ ਰਾਜਾ ਵੜਿੰਗ ਨੇ ਇੱਕ ਰੈਲੀ ਵਿੱਚ ਸਵਰਗੀ ਬੂਟਾ ਸਿੰਘ ਬਾਰੇ ਵਿਵਾਦਪੂਰਨ ਬਿਆਨ ਦਿੱਤਾ ਸੀ। ਬੂਟਾ ਸਿੰਘ ਦੇ ਪੁੱਤਰ ਸਰਬੋਜਤ ਸਿੰਘ ਨੇ ਦੋਸ਼ ਲਾਇਆ ਕਿ ਵੜਿੰਗ ਨੇ ਉਸ ਦੇ ਮਰਹੂਮ ਪਿਤਾ ਖ਼ਿਲਾਫ਼ ਅਪਮਾਨਜਨਕ ਤੇ ਜਾਤੀਸੂਚਕ ਭਾਸ਼ਾ ਦਾ ਇਸਤੇਮਾਲ ਕੀਤਾ, ਜਿਸ ਨਾਲ ਪੂਰੇ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਿਆ ਹੈ। ਸਰਬਜੋਤ ਸਿੰਘ ਦੀ ਸ਼ਿਕਾਇਤ ਦੇ ਆਧਾਰਤ 'ਤੇ ਰਾਜਾ ਵੜਿੰਗ ਖਿਲਾਫ SC/ST ਐਕਟ ਅਤੇ BNS ਦੀਆਂ ਧਾਰਾਵਾਂ ਤਹਿਤ FIR ਦਰਜ ਕੀਤੀ ਗਈ ਸੀ। ਕਮਿਸ਼ਨ ਨੇ ਮਾਮਲੇ ਦਾ ਨੋਟਿਸ ਲਿਆ ਅਤੇ ਪੰਜਾਬ ਪੁਲਿਸ ਨੂੰ ਹਦਾਇਤ ਕੀਤੀ ਕਿ ਉਹ ਨਿਯਮਾਂ ਮੁਤਾਬਕ ਜਾਂਚ ਪੂਰੀ ਕਰੇ ਅਤੇ ਸ਼ਿਕਾਇਤਕਰਤਾ ਸਰਬਜੋਤ ਸਿੰਘ ਨੂੰ ਧਮਕੀਆਂ ਕਾਰਨ ਐਸਸੀ/ਐਸਟੀ ਐਕਟ ਦੀ ਧਾਰਾ 15ਏ ਤਹਿਤ ਪੁਲਿਸ ਸੁਰੱਖਿਆ ਪ੍ਰਦਾਨ ਕਰੇ। 30 ਦਿਨਾਂ ਬਾਅਦ ਵੀ, ਪੰਜਾਬ ਪੁਲਿਸ ਨੇ ਨਾ ਤਾਂ ਜਾਂਚ ਪੂਰੀ ਕੀਤੀ ਅਤੇ ਨਾ ਹੀ ਕਮਿਸ਼ਨ ਨੂੰ ਐਕਸ਼ਨ ਟੇਕਨ ਰਿਪੋਰਟ (ਏਟੀਆਰ) ਸੌਂਪੀ। ਕਮਿਸ਼ਨ ਨੇ ਇਸ ਲਾਪਰਵਾਹੀ 'ਤੇ ਸਖ਼ਤ ਇਤਰਾਜ਼ ਜਤਾਇਆ।










# ਰਿਸ਼ਤਿਆਂ ਦੀ...

ਕਈ ਵਾਰ ਜ਼ਿੰਦਗੀ 'ਚ ਸਭ ਤੋਂ ਵੱਡੀ ਥਕਾਵਟ ਕੰਮਕਾਰ ਦੀ ਨਹੀਂ ਹੁੰਦੀ,ਸਗੋਂ ਉਨ੍ਹਾਂ ਲੋਕਾਂ ਦੀ ਬੇਰੁਖ਼ੀ ਦੀ ਹੁੰਦੀ ਹੈ, ਜਿਨ੍ਹਾਂ ਨੂੰ ਅਸੀਂ ਦਿਲੋਂ ਆਪਣਾ ਮੰਨ ਕੇ ਉਨ੍ਹਾਂ ਦੀ ਖ਼ੁਸ਼ੀ 'ਚ ਖ਼ੁਸ਼ ਤੇ ਗ਼ਮੀ 'ਚ ਦੁਖੀ ਹੁੰਦੇ ਹਾਂ ਪਰ ਉਨ੍ਹਾਂ ਨੂੰ ਸਾਡੀ ਭੋਰਾ ਪਰਵਾਹ ਹੀ ਨਹੀਂ ਹੁੰਦੀ। ਅਸੀਂ ਅਕਸਰ ਉਨ੍ਹਾਂ ਦੀ ਖ਼ਮੋਸ਼ੀ , ਬੇਰੁਖ਼ੀ ਜਾਂ ਅਪਸ਼ਬਦ ਭਰੀ ਬੋਲ-ਬਾਣੀ ਦੇ ਅਰਥ ਆਪਣੇ ਅੰਦਰ ਲੱਭਦੇ ਰਹਿੰਦੇ ਹਾਂ ਤੇ ਉਨ੍ਹਾਂ ਦੀ ਨਾਰਾਜ਼ਗੀ ਦੂਰ ਕਰਨ ਲਈ ਖ਼ੁਦ ਨੂੰ ਵਾਰ-ਵਾਰ ਬਦਲਣ ਦੀ ਕੋਸ਼ਿਸ਼ ਕਰਦੇ ਹਾਂ। ਇਸ ਸਾਰੀ ਕੋਸ਼ਿਸ਼ 'ਚ ਹੌਲੀ-ਹੌਲੀ ਅਸੀਂ ਆਪਣੇ ਆਪ ਤੋਂ ਹੀ ਦੂਰ ਹੁੰਦੇ ਜਾਂਦੇ ਹਾਂ।



ਅਜੀਬ ਗੱਲ ਹੈ ਕਿ ਜਿਨ੍ਹਾਂ ਦੀ ਕਦਰ ਸਾਡੇ ਦਿਲ 'ਚ ਸਭ ਤੋਂ ਵੱਧ ਹੁੰਦੀ ਹੈ, ਕਈ ਵਾਰ ਉਨ੍ਹਾਂ ਦੀ ਨਜ਼ਰ ਵਿਚ ਸਾਡੀ ਕੋਈ ਖ਼ਾਸ ਥਾਂ ਨਹੀਂ ਹੁੰਦੀ। ਫਿਰ ਵੀ ਅਸੀਂ ਉਨ੍ਹਾਂ ਦੀ ਇਕ ਨਿਗ੍ਹਾ, ਬੋਲ ਜਾਂ ਸੁਨੇਹੇ ਦੀ ਉਡੀਕ ਕਰਦੇ ਰਹਿੰਦੇ ਹਾਂ। ਉਨ੍ਹਾਂ ਦੀ ਖ਼ੁਸ਼ੀ ਨੂੰ ਆਪਣੀ ਖ਼ੁਸ਼ੀ ਤੇ ਉਨ੍ਹਾਂ ਦੀ ਬੇਰੁਖ਼ੀ ਨੂੰ ਆਪਣੀ ਕਮੀ ਸਮਝ ਲੈਂਦੇ ਹਾਂ। ਇਹੀ ਉਹ ਪਲ ਹੁੰਦਾ ਹੈ, ਜਦੋਂ ਅਸੀਂ ਆਪਣੀਆਂ ਭਾਵਨਾਵਾਂ ਦੀ ਡੋਰ ਕਿਸੇ ਹੋਰ ਦੇ ਹੱਥ ਵਿਚ ਦੇ ਦਿੰਦੇ ਹਾਂ। ਹਰ ਕਿਸੇ ਦੀ ਪਰਵਾਹ ਕਰਨਾ ਚੰਗੀ ਗੱਲ ਹੈ ਪਰ ਆਪਣੀ ਸ਼ਾਂਤੀ ਦੀ ਕੀਮਤ 'ਤੇ ਨਹੀਂ। ਕਿਸੇ ਵੀ ਰਿਸ਼ਤੇ ਨੂੰ ਇੱਜ਼ਤ, ਪਿਆਰ ਜਾਂ ਉਸ ਦੀ ਪਰਵਾਹ ਕਰਨਾ ਵਡੱਪਣ ਹੈ ਪਰ ਆਪਣੀ ਸਵੈ-ਕਦਰ ਗੁਆ ਕੇ ਨਹੀਂ। ਰਿਸ਼ਤਿਆਂ ਨੂੰ ਨਿਭਾਉਣਾ ਜ਼ਰੂਰੀ ਹੈ ਪਰ ਇਕੱਲੇ ਹੀ ਰਿਸ਼ਤਾ ਢੋਣਾ ਆਪਣੇ ਆਪ ਨਾਲ ਬੇਇਨਸਾਫ਼ੀ ਬਣ ਜਾਂਦਾ ਹੈ।

ਸਾਨੂੰ ਇਹ ਸਮਝਣ ਦੀ ਲੋੜ ਹੈ ਕਿ ਹਰ ਵਿਅਕਤੀ ਸਾਡੀ ਕਦਰ ਨਹੀਂ ਕਰੇਗਾ। ਹਰ ਕੋਈ ਸਾਡੀ ਸੱਚਾਈ ਨਹੀਂ ਸਮਝੇਗਾ। ਹਰ ਕੋਈ ਸਾਡੇ ਦਿੱਤੇ ਪਿਆਰ ਦਾ ਜਵਾਬ ਪਿਆਰ ਨਾਲ ਨਹੀਂ ਦੇਵੇਗਾ। ਇਹ ਜ਼ਰੂਰੀ ਵੀ ਨਹੀਂ ਕਿ ਕਿਸੇ ਦੀ ਬੇਕਦਰੀ ਸਾਡੀ ਕਮੀ ਹੋਵੇ ਸਗੋਂ ਕਈ ਵਾਰ ਸਾਹਮਣੇ ਵਾਲੇ ਕੋਲ ਕਦਰ ਕਰਨ ਦੀ ਸਮਰੱਥਾ ਹੀ ਨਹੀਂ ਹੁੰਦੀ। ਅਸੀਂ ਅਕਸਰ ਹੋਰਾਂ ਨੂੰ ਖ਼ੁਸ਼ ਰੱਖਣ ਦੀ ਕੋਸ਼ਿਸ਼ 'ਚ ਆਪਣੇ ਮਨ ਦੀ ਆਵਾਜ਼ ਨੂੰ ਦਬਾ ਦਿੰਦੇ ਹਾਂ। 'ਉਹ ਕੀ ਸੋਚਣਗੇ', ਦਾ ਡਰ ਸਾਨੂੰ ਖ਼ੁਦ ਤੋਂ ਦੂਰ ਕਰ ਦਿੰਦਾ ਹੈ। 'ਉਹ ਨਾਰਾਜ਼ ਨਾ ਹੋ ਜਾਣ' ਦੀ ਚਿੰਤਾ ਸਾਨੂੰ ਆਪਣੀ ਗੱਲ ਕਹਿਣ ਤੋਂ ਰੋਕਦੀ ਹੈ। 'ਕਿਤੇ ਰਿਸ਼ਤਾ ਨਾ ਟੁੱਟ ਜਾਵੇ' ਦੇ ਡਰ ਵਿਚ ਅਸੀਂ ਕਈ ਵਾਰ ਆਪਣੇ ਅੰਦਰ ਬਹੁਤ ਕੁਝ ਤੋੜ ਲੈਂਦੇ ਹਾਂ। ਪਰ ਹਰ ਰਿਸ਼ਤਾ ਬਚਾਉਣਾ ਸਾਡੀ ਜ਼ਿੰਮੇਵਾਰੀ ਨਹੀਂ ਹੁੰਦੀ। ਕੁਝ ਰਿਸ਼ਤੇ ਸਾਨੂੰ ਜੋੜਨ ਦੀ ਬਜਾਏ ਅੰਦਰੋਂ ਖ਼ਾਲੀ ਕਰਦੇ ਜਾਂਦੇ ਹਨ। ਅਜਿਹੇ ਰਿਸ਼ਤਿਆਂ ਤੋਂ ਭਾਵਨਾਤਮਿਕ ਦੂਰੀ ਬਣਾਉਣਾ ਬੇਰੁਖ਼ੀ ਨਹੀਂ ਸਗੋਂ ਆਪਣੇ ਆਪ ਦੀ ਸੰਭਾਲ ਹੈ।

ਕਈ ਵਾਰ ਸਾਨੂੰ ਆਪਣੇ ਆਪ ਨੂੰ ਇਹ ਕਹਿਣਾ ਪੈਂਦਾ ਹੈ,'ਜਿਸ ਨੂੰ ਮੇਰੀ ਕਦਰ ਨਹੀਂ, ਉਸ ਦੀ ਨਜ਼ਰ 'ਚ ਆਪਣੀ ਕਦਰ ਸਾਬਿਤ ਕਰਨ ਦੀ ਮੈਨੂੰ ਲੋੜ ਨਹੀਂ ਹੈ।' ਇਹ ਵਾਕ ਸੁਣਨ 'ਚ ਸੌਖਾ ਹੈ ਪਰ ਇਸ ਨੂੰ ਜੀਵਨ ਵਚ ਉਤਾਰਨਾ ਬਹੁਤ ਔਖਾ ਹੁੰਦਾ ਹੈ ਕਿਉਂਕਿ ਅਸੀਂ ਇਨਸਾਨ ਹਾਂ, ਸਾਨੂੰ ਪਿਆਰ 'ਚ ਸਤਿਕਾਰ ਤੇ ਆਪਣਾਪਣ ਚਾਹੀਦਾ ਹੈ ਪਰ ਇਹ ਵੀ ਸੱਚ ਹੈ ਕਿ ਜਿੱਥੇ ਇਹ ਚੀਜ਼ਾਂ ਜ਼ਬਰਦਸਤੀ ਮੰਗਣੀਆਂ ਪੈਣ, ਉੱਥੇ ਥੋੜ੍ਹਾ ਰੁਕ ਕੇ ਆਪਣੇ ਆਪ ਨੂੰ ਪੁੱਛਣਾ ਚਾਹੀਦਾ ਹੈ, 'ਕੀ ਮੈਂ ਸੱਚਮੁੱਚ ਇਸ ਰਿਸ਼ਤੇ ਵਿਚ ਖ਼ੁਸ਼ ਹਾਂ'? ਜ਼ਿੰਦਗੀ 'ਚ ਇਕ ਪੜਾਅ ਅਜਿਹਾ ਵੀ ਆਉਣਾ ਚਾਹੀਦਾ ਹੈ, ਜਦੋਂ ਅਸੀਂ ਹਰ ਕਿਸੇ ਨੂੰ ਸਮਝਾਉਣਾ ਛੱਡ ਦੇਈਏ, ਹਰ ਗ਼ਲਤਫ਼ਹਿਮੀ ਦੂਰ ਕਰਨ ਦੀ ਕੋਸ਼ਿਸ਼ ਛੱਡ ਦੇਈਏ ਤੇ ਹਰ ਬੇਰੁਖ਼ੀ ਦਾ ਜਵਾਬ ਲੱਭਣਾ ਛੱਡ ਦੇਈਏ। ਕਈ ਵਾਰ ਚੁੱਪ ਵੀ ਇਕ ਜਵਾਬ ਹੁੰਦੀ ਹੈ ਤੇ ਦੂਰੀ ਵੀ ਇਕ ਹੱਦ ਹੁੰਦੀ ਹੈ।

ਆਪਣੇ ਆਪ ਨੂੰ ਗੁਆ ਕੇ ਕਿਸੇ ਨੂੰ ਪਾਉਣਾ ਕੋਈ ਪ੍ਰਾਪਤੀ ਨਹੀਂ। ਜੇ ਕਿਸੇ ਰਿਸ਼ਤੇ ਨੂੰ ਬਚਾਉਣ ਲਈ ਸਾਨੂੰ ਆਪਣੀ ਖ਼ੁਸ਼ੀ, ਆਪਣਾ ਸਵੈ-ਮਾਣ ਤੇ ਆਪਣੀ ਮਾਨਸਿਕ ਸ਼ਾਂਤੀ ਗੁਆਉਣੀ ਪਵੇ ਤਾਂ ਫਿਰ ਉਸ ਰਿਸ਼ਤੇ ਬਾਰੇ ਸੋਚਣਾ ਜ਼ਰੂਰੀ ਬਣ ਜਾਂਦਾ ਹੈ। ਸੋ ਬੇਕਦਰੇ ਲੋਕਾਂ ਦੀ ਪਰਵਾਹ ਵਿਚ ਆਪਣਾ ਆਪ ਨਾ ਗੁਆਓ। ਜਿੱਥੇ ਤੁਹਾਡੀ ਕਦਰ ਨਹੀਂ ਹੁੰਦੀ, ਉੱਥੇ ਆਪਣੀ ਕਦਰ ਸਾਬਿਤ ਕਰਨ ਦੀ ਬਜਾਏ ਆਪਣੇ ਆਪ ਵੱਲ ਮੁੜ ਆਓ ਕਿਉਂਕਿ ਹੋਰਾਂ ਦੀ ਬੇਰੁਖ਼ੀ ਤੋਂ ਮੁਕਤ ਹੋ ਕੇ ਆਪਣੇ ਮਨ ਦੀ ਸ਼ਾਂਤੀ ਨੂੰ ਚੁਣ ਲੈਣਾ ਮਾਨਸਿਕ ਤੰਦਰੁਸਤੀ ਦਾ ਬਹੁਤ ਖ਼ੂਬਸੂਰਤ ਰੂਪ ਹੈ।

– ਪਰਮਿੰਦਰ ਕੌਰ ਕਲੇਰ

# ਸਮੇਂ ਦਾ ਪਾਬੰਦ ਵਿਅਕਤੀ...

ਬੀਤਿਆ ਹੋਇਆ ਸਮਾਂ ਤੇ ਮੂੰਹੋਂ ਨਿਕਲਿਆ ਸ਼ਬਦ ਕਦੇ ਵਾਪਸ ਨਹੀਂ ਆਉਂਦੇ। ਇਹ ਕਹਾਵਤ ਮਨੁੱਖੀ ਜੀਵਨ ਦੀ ਅਜਿਹੀ ਸੱਚਾਈ ਨੂੰ ਪ੍ਰਗਟ ਕਰਦੀ ਹੈ, ਜਿਸ ਨੂੰ ਕੋਈ ਵੀ ਝੁਠਲਾ ਨਹੀਂ ਸਕਦਾ। ਮਨੁੱਖ ਧਨ-ਦੌਲਤ ਗੁਆ ਕੇ ਮੁੜ ਕਮਾ ਸਕਦਾ ਹੈ, ਸਿਹਤ ਵੀ ਇਲਾਜ ਨਾਲ ਸੁਧਰ ਸਕਦੀ ਹੈ ਪਰ ਲੰਘਿਆ ਹੋਇਆ ਸਮਾਂ ਕਦੇ ਵੀ ਵਾਪਸ ਨਹੀਂ ਆਉਂਦਾ। ਇਸ ਲਈ ਸਮਾਂ ਜੀਵਨ ਦੀ ਸਭ ਤੋਂ ਕੀਮਤੀ ਪੂੰਜੀ ਹੈ। ਜੋ ਵਿਅਕਤੀ ਸਮੇਂ ਦੀ ਕਦਰ ਕਰਨਾ ਸਿੱਖ ਲੈਂਦਾ ਹੈ, ਉਹ ਆਪਣੇ ਜੀਵਨ ਨੂੰ ਸਫ਼ਲਤਾ, ਅਨੁਸ਼ਾਸਨ ਤੇ ਸੰਤੁਸ਼ਟੀ ਨਾਲ ਭਰ ਲੈਂਦਾ ਹੈ।



ਅੱਜ ਦਾ ਯੁੱਗ ਤਕਨਾਲੋਜੀ ਤੇ ਸਖ਼ਤ ਮੁਕਾਬਲੇ ਦਾ ਯੁੱਗ ਹੈ। ਹਰ ਦਿਨ ਨਵੀਆਂ ਚੁਣੌਤੀਆਂ ਤੇ ਨਵੇਂ ਮੌਕੇ ਸਾਹਮਣੇ ਆ ਰਹੇ ਹਨ। ਅਜਿਹੇ ਸਮੇਂ 'ਚ ਉਹੀ ਵਿਅਕਤੀ ਅੱਗੇ ਵਧਦਾ ਹੈ, ਜੋ ਆਪਣੇ ਸਮੇਂ ਦੀ ਯੋਜਨਾਬੱਧ ਵਰਤੋਂ ਕਰਦਾ ਹੈ। ਸਮੇਂ ਦੀ ਪਾਬੰਦੀ ਕੇਵਲ ਘੜੀ ਦੇਖ ਕੇ ਚੱਲਣ ਦਾ ਨਾਂ ਨਹੀਂ ਸਗੋਂ ਇਹ ਅਜਿਹੀ ਜੀਵਨਸ਼ੈਲੀ ਹੈ, ਜੋ ਮਨੁੱਖ ਨੂੰ ਜ਼ਿੰਮੇਵਾਰ, ਭਰੋਸੇਯੋਗ ਤੇ ਕਰਮਸ਼ੀਲ ਬਣਾਉਂਦੀ ਹੈ। ਹਰ ਮਨੁੱਖ ਨੂੰ ਦਿਨ ਦੇ ਚੌਵੀ ਘੰਟੇ ਹੀ ਮਿਲਦੇ ਹਨ। ਕੁਦਰਤ ਨੇ ਇਸ 'ਚ ਕਦੇ ਭੇਦਭਾਵ ਨਹੀਂ ਕੀਤਾ। ਫ਼ਰਕ ਸਿਰਫ਼ ਇਸ ਗੱਲ ਦਾ ਹੁੰਦਾ ਹੈ ਕਿ ਕੋਈ ਇਨ੍ਹਾਂ ਘੰਟਿਆਂ ਨੂੰ ਸਿਰਜਣਾਤਮਕ ਕੰਮਾਂ, ਸਿੱਖਿਆ, ਮਿਹਨਤ ਤੇ ਸਮਾਜ ਸੇਵਾ 'ਚ ਲਗਾਉਂਦਾ ਹੈ, ਜਦੋਂਕਿ ਕੋਈ ਆਲਸ, ਟਾਲ-ਮਟੋਲ ਤੇ ਬੇਲੋੜੇ ਮਨੋਰੰਜਨ ਵਿਚ ਗੁਆ ਦਿੰਦਾ ਹੈ। ਸਮੇਂ ਦੀ ਸਹੀ ਵਰਤੋਂ ਕਰਨ ਵਾਲੇ ਲੋਕ ਹੀ ਆਪਣੇ ਸੁਪਨਿਆਂ ਨੂੰ ਹਕੀਕਤ ਦਾ ਰੂਪ ਦਿੰਦੇ ਹਨ।

ਸਮੇਂ ਦੀ ਪਾਬੰਦੀ ਮਨੁੱਖ ਦੇ ਚਰਿੱਤਰ ਦਾ ਦਰਪਣ ਹੈ। ਸਮੇਂ ਦਾ ਪਾਬੰਦ ਵਿਅਕਤੀ ਆਪਣੇ ਵਾਅਦਿਆਂ ਦਾ ਪੱਕਾ, ਦੂਜਿਆਂ ਦੇ ਸਮੇਂ ਦਾ ਸਤਿਕਾਰ ਕਰਨ ਵਾਲਾ ਤੇ ਆਪਣੇ ਫ਼ਰਜ਼ਾਂ ਪ੍ਰਤੀ ਇਮਾਨਦਾਰ ਹੁੰਦਾ ਹੈ। ਸਮਾਜ 'ਚ ਅਜਿਹੇ ਲੋਕਾਂ ਉੱਤੇ ਭਰੋਸਾ ਕੀਤਾ ਜਾਂਦਾ ਹੈ ਤੇ ਉਹ ਆਪਣੇ ਆਚਰਨ ਰਾਹੀਂ ਦੂਜਿਆਂ ਲਈ ਪ੍ਰੇਰਣਾ ਬਣਦੇ ਹਨ। ਸਕੂਲੀ ਜੀਵਨ ਵਿੱਚ ਸਮੇਂ ਦੀ ਪਾਬੰਦੀ ਦਾ ਵਿਸ਼ੇਸ਼ ਮਹੱਤਵ ਹੈ। ਜਿਹੜੇ ਵਿਦਿਆਰਥੀ ਸਮੇਂ ਸਿਰ ਸਕੂਲ ਪਹੁੰਚਦੇ ਹਨ, ਨਿਯਮਿਤ ਪੜ੍ਹਾਈ ਕਰਦੇ ਹਨ ਤੇ ਆਪਣੇ ਕੰਮ ਨਿਰਧਾਰਿਤ ਸਮੇਂ ਵਿਚ ਪੂਰੇ ਕਰਦੇ ਹਨ, ਉਹ ਭਵਿੱਖ 'ਚ ਵੀ ਸਫਲਤਾ ਹਾਸਲ ਕਰਦੇ ਹਨ। ਅਧਿਆਪਕ ਵੀ ਇਸ ਸੰਸਕਾਰ ਦੇ ਮੁੱਖ ਵਾਹਕ ਹਨ। ਉਨ੍ਹਾਂ ਦਾ ਸਮੇਂ ਸਿਰ ਕਲਾਸ ਵਿਚ ਪਹੁੰਚਣਾ ਤੇ ਅਨੁਸ਼ਾਸਿਤ ਢੰਗ ਨਾਲ ਪੜ੍ਹਾਉਣਾ ਵਿਦਿਆਰਥੀਆਂ ਲਈ ਜੀਵੰਤ ਸਿੱਖਿਆ ਬਣ ਜਾਂਦਾ ਹੈ। ਸਮੇਂ ਦੀ ਪਾਬੰਦੀ ਵਿਕਸਿਤ ਕਰਨ ਲਈ ਸਾਨੂੰ ਆਪਣੇ ਦਿਨ ਦੀ ਯੋਜਨਾ ਬਣਾਉਣੀ ਚਾਹੀਦੀ ਹੈ, ਕੰਮਾਂ ਨੂੰ ਤਰਜੀਹ ਦੇਣੀ ਚਾਹੀਦੀ ਹੈ, ਟਾਲ-ਮਟੋਲ ਤੋਂ ਬਚਣਾ ਚਾਹੀਦਾ ਹੈ ਤੇ ਹਰ ਦਿਨ ਦੇ ਅੰਤ 'ਤੇ ਆਪਣੇ ਕੰਮਾਂ ਦੀ ਸਮੀਖਿਆ ਕਰਨੀ ਚਾਹੀਦੀ ਹੈ। ਛੋਟੀਆਂ-ਛੋਟੀਆਂ ਚੰਗੀਆਂ ਆਦਤਾਂ ਹੀ ਵੱਡੀਆਂ ਕਾਮਯਾਬੀਆਂ ਦਾ ਆਧਾਰ ਬਣਦੀਆਂ ਹਨ।

ਸਮੇਂ ਦੀ ਪਾਬੰਦੀ ਕੋਈ ਸਧਾਰਨ ਆਦਤ ਨਹੀਂ ਸਗੋਂ ਸਫਲਤਾ ਦਾ ਮੂਲ ਮੰਤਰ, ਚੰਗੇ ਚਰਿੱਤਰ ਦੀ ਪਛਾਣ ਤੇ ਵਿਕਸਤ ਰਾਸ਼ਟਰ ਦੀ ਨੀਂਹ ਹੈ। ਆਓ ਅਸੀਂ ਅੱਜ ਤੋਂ ਹੀ ਇਹ ਸੰਕਲਪ ਕਰੀਏ ਕਿ ਸਮੇਂ ਦਾ ਸਤਿਕਾਰ ਕਰਾਂਗੇ, ਹਰ ਕੰਮ ਸਮੇਂ ਸਿਰ ਕਰਾਂਗੇ ਤੇ ਆਪਣੇ ਜੀਵਨ ਨੂੰ ਅਨੁਸ਼ਾਸਨ, ਮਿਹਨਤ ਅਤੇ ਇਮਾਨਦਾਰੀ ਨਾਲ ਸਜਾਵਾਂਗੇ ਕਿਉਂਕਿ ਸਮਾਂ ਹੀ ਉਹ ਅਨਮੋਲ ਪੂੰਜੀ ਹੈ, ਜੋ ਸਾਡੀ ਕਿਸਮਤ ਵੀ ਲਿਖਦੀ ਹੈ ਤੇ ਸਾਡੀ ਪਛਾਣ ਵੀ ਬਣਾਉਂਦੀ ਹੈ। ਜੋ ਮਨੁੱਖ ਸਮੇਂ ਦੀ ਕਦਰ ਕਰਦਾ ਹੈ, ਸਮਾਂ ਉਸ ਨੂੰ ਅਜਿਹੀ ਪਛਾਣ ਦਿੰਦਾ ਹੈ, ਜਿਸ ਨੂੰ ਦੁਨੀਆ ਸਾਲਾਂ ਤੱਕ ਯਾਦ ਰੱਖਦੀ ਹੈ।

ਸਿਮਰਨਜੀਤ ਕੌਰ

## ਨਵੀਂ ਖੋਜ 'ਚ ਖ਼ੁਲਾਸਾ:
# ਸਾਹਾਂ 'ਚ ਹੁੰਦੇ ਬਾਰੀਕ ਬਦਲਾਅ 'ਤੇ ਵੀ ਨਜ਼ਰ ਰੱਖਦੈ ਦਿਮਾਗ਼



ਇਕ ਅਧਿਐਨ 'ਚ ਪਾਇਆ ਗਿਆ ਹੈ ਕਿ ਹਰ ਸਾਹ, ਦਿਮਾਗ਼ 'ਚ ਸੋਚਣ-ਸਮਝਣ, ਭਾਵਨਾਵਾਂ ਤੇ ਯਾਦਦਾਸ਼ਤ ਨਾਲ ਜੁੜੀ ਨਿਊਰਲ ਐਕਟੀਵਿਟੀ (ਦਿਮਾਗ਼ੀ ਹਲਚਲ) ਦੀ ਤਰਤੀਬ ਨਾਲ ਡੂੰਘਾਈ ਨਾਲ ਜੁੜਿਆ ਹੁੰਦਾ ਹੈ। ਇਸ ਨਾਲ ਪਤਾ ਲੱਗਦਾ ਹੈ ਕਿ ਦਿਮਾਗ਼ ਸਾਹਾਂ ਵਿਚਾਲੇ ਬਾਰੀਕ ਤਬਦੀਲੀਆਂ 'ਤੇ ਨਜ਼ਰ ਰੱਖਦਾ ਹੈ। ਸਾਹ ਲੈਣ ਦੇ ਤਰੀਕੇ 'ਚ ਬਦਲਾਅ, ਜਿਵੇਂ ਕਿ ਲੰਬਾ ਸਾਹ ਅੰਦਰ ਲੈਣਾ ਜਾਂ ਬਾਹਰ ਛੱਡਣਾ, ਨਿਊਰਲ ਐਕਟੀਵਿਟੀ ਦੀ ਤਰਤੀਬ 'ਚ ਵੀ ਦਿਖਾਈ ਦਿੰਦੇ ਹਨ। ਇਸ ਨਾਲ ਸਾਹ ਲੈਣ ਤੇ ਦਿਮਾਗ਼ ਵਿਚਾਲੇ ਪ੍ਰਤੀ ਮਿੰਟ ਸਾਹਾਂ ਦੀ ਗਿਣਤੀ ਜਿਵੇਂ ਕਿ ਰਵਾਇਤੀ ਤਰੀਕਿਆਂ ਦੇ ਮੁਕਾਬਲੇ ਕਿਤੇ ਵੱਧ ਸਟੀਕ ਸਬੰਧ ਦਾ ਪਤਾ ਲੱਗਦਾ ਹੈ।

ਯੂਨੀਵਰਸਿਟੀ ਆਫ ਕੈਲੀਫੋਰਨੀਆ ਸੈਨਾ ਡਿਆਗੋ ਦੇ ਕਾਗਨਿਟਿਵ ਸਾਇੰਸ ਡਿਪਾਰਟਮੈਂਟ ਦੀ ਖੋਜੀ ਈਨਾ ਕੋਸਿਕ ਰੋਜ਼ ਨੇ ਕਿਹਾ ਕਿ ਹਰ ਸਾਹ ਵੱਖਰਾ ਹੁੰਦਾ ਹੈ। ਤੁਸੀਂ ਕੁਝ ਸਕਿੰਟਾਂ ਲਈ ਆਪਣ ਸਾਹ ਰੋਕ ਸਕਦੇ ਹੋ, ਬਹੁਤ ਡੂੰਘਾ ਸਾਹ ਲੈ ਸਕਦੇ ਹੋ ਜਾਂ ਹਲਕਾ ਸਾਹ ਛੱਡ ਸਕਦੇ ਹੋ। ਅਸੀਂ ਇਹ ਦਿਖਾ ਰਹੇ ਹਾਂ ਕਿ ਹਰ ਸਾਹ ਦੇ ਆਕਾਰ 'ਜਚ ਹੋਣ ਵਾਲੇ ਇਹ ਅੰਤਰ ਦਿਮਾਗ਼ ਦੀ ਐਕਟੀਵਿਟੀ ਦੇ ਆਕਾਰ 'ਚ ਵੀ ਦਿਖਾਈ ਦਿੰਦੇ ਹਨ। ਦਿ ਜਰਨਲ ਆਫ ਨਿਊਰੋਸਾਇੰਸ 'ਚ ਪ੍ਰਕਾਸ਼ਿਤ ਸੋਧ 'ਚ ਹਰ ਸਾਹ ਨੂੰ ਇਕ ਲਹਿਰ ਵਰਗੀ ਤਰਤੀਬ ਦੇ ਤੌਰ 'ਤੇ ਦਿਖਾਇਆ ਗਿਆ ਹੈ, ਜਿਸ ਵਿਚ ਉਤਰਾਅ-ਚੜ੍ਹਾਅ ਵਿਅਕਤੀ ਦੇ ਸਾਹ ਅੰਦਰ ਲੈਣ ਤੇ ਬਾਹਰ ਛੱਡਣ ਦੌਰਾਨ ਹਵਾ ਦੇ ਵਹਾਅ 'ਚ ਹੋਣ ਵਾਲੀਆਂ ਤਬਦੀਲੀਆਂ ਨੂੰ ਦਿਖਾਉਂਦੇ ਹਨ। ਹਰ ਸਾਹ ਦੀ ਲਹਿਰ ਦੇ ਆਕਾਰ ਦੀ ਬਰਾਬਰੀ ਦਿਮਾਗ਼ 'ਚ ਹੋਣ ਵਾਲੀ ਇਲੈਕਟ੍ਰਾਨਿਕ ਐਕਟੀਵਿਟੀ ਦੇ ਸਬੰਧਤ ਪੈਟਰਨ ਨਾਲ ਕੀਤੀ ਗਈ। ਖੋਜੀ ਨੇ ਕਿਹਾ ਕਿ ਸਾਹ ਲੈਣ ਦੀ ਦਰ ਮਾਪਣ ਦੇ ਸਾਧਾਰਣ ਤਰੀਕੇ ਦੇ ਉਲਟ, ਇਹ ਤਰੀਕਾ ਇਕ ਸਾਹ ਤੋਂ ਦੂਜੇ ਸਾਹ ਵਿਚਾਲੇ ਸਮਾਂ, ਮਾਤਰਾ ਤੇ ਆਕਾਰ 'ਚ ਹੋਣ ਵਾਲੇ ਬਾਰੀਕ ਅੰਤਰ ਨੂੰ ਵੀ ਫੜਦਾ ਹੈ।

# ਗਰਭਧਾਰਣ ਤੋਂ ਪਹਿਲਾਂ ਵਿਟਾਮਿਨ B-12 ਦਾ ਉੱਚ ਪੱਧਰ ਬੱਚਿਆਂ 'ਚ ਜਨਮਜਾਤ ਨੁਕਸ ਦੇ ਖ਼ਤਰੇ ਨੂੰ ਘਟਾ ਸਕਦੈ



ਇਕ ਅਧਿਐਨ ਤੋਂ ਪਤਾ ਲੱਗਾ ਹੈ ਕਿ ਗਰਭਧਾਰਣ ਤੋਂ ਪਹਿਲਾਂ ਮਾਤਾ-ਪਿਤਾ ਵਿਚ ਵਿਟਾਮਿਨ ਬੀ-12 ਦਾ ਉੱਚ ਪੱਧਰ ਅਤੇ ਗਰਭਧਾਰਣ ਤੋਂ ਬਾਅਦ ਮਾਂਵਾਂ ਵਿਚ ਸ਼ੁੱਧ ਖ਼ੂਨ ਕੋਸ਼ਿਕਾ ਫੋਲੇਟ ਦੀ ਉੱਚ ਮਾਤਰਾ ਜਨਮ ਦੇ ਸਮੇਂ ਹੋਣ ਵਾਲੀਆਂ ਕਮੀਆਂ ਦੇ ਖਤਰੇ ਨੂੰ ਘਟਾ ਸਕਦੀ ਹੈ। ਜੀਵਿਤ ਬੱਚਿਆਂ ਦੇ ਜਨਮ, ਮ੍ਰਿਤ ਜਨਮ ਅਤੇ ਭਰੂਣ ਦੀ ਅਸਾਮਾਨਤਾਵਾਂ ਕਾਰਨ ਖਤਮ ਹੋਈਆਂ ਗਰਭਧਾਰਣ ਦੀਆਂ ਸਥਿਤੀਆਂ ਵਿਚ ਜਨਮਜਾਤ ਦੋਸ਼ਾਂ ਦੀ ਪਛਾਣ ਕੀਤੀ ਗਈ। ਇਹ ਨਤੀਜੇ ਗਰਭਧਾਰਣ ਦੇ ਆਸ-ਪਾਸ ਮਾਤਾ-ਪਿਤਾ ਦੋਵਾਂ ਦੇ ਪੋਸ਼ਣ ਦੇ ਮਹੱਤਵ ਦਾ ਸਮਰਥਨ ਕਰਦੇ ਹਨ। ਇਸ ਤੋਂ ਪਹਿਲਾਂ ਜ਼ਿਆਦਾਤਰ ਅਧਿਐਨ ਮਾਂਵਾਂ 'ਤੇ ਕੇਂਦਰਿਤ ਰਹੇ ਹਨ।

ਇਸ ਅਧਿਐਨ ਦਾ ਨਤੀਜਾ 'ਐਨਾਲਸ ਆਫ ਇੰਟਰਨਲ ਮੈਡੀਸਿਨ' ਜਰਨਲ ਵਿਚ ਪ੍ਰਕਾਸ਼ਿਤ ਕੀਤਾ ਗਿਆ ਹੈ। ਅਧਿਐਨ ਟੀਮ ਵਿਚ ਸ਼ਾਮਲ ਚੀਨ ਦੀ ਫੁਦਾਨ ਯੂਨੀਵਰਸਿਟੀ ਦੇ ਚਿਲਡ੍ਰਨ ਹਸਪਤਾਲ ਦੇ ਖੋਜਕਰਤਾਵਾਂ ਨੇ ਸ਼ੰਘਾਈ ਪ੍ਰੀਕਾਂਸੈਪਸ਼ਨ ਕੋਹੋਰਟ ਦੀ ਵਰਤੋਂ ਕਰਦਿਆਂ 3,032 ਜੋੜਿਆਂ ਦਾ ਅਧਿਐਨ ਕੀਤਾ। ਇਨ੍ਹਾਂ ਜੋੜਿਆਂ ਨੇ ਗਰਭਧਾਰਣ ਤੋਂ ਚਾਰ ਮਹੀਨੇ ਪਹਿਲਾਂ ਖ਼ੂਨ ਦੇ ਨਮੂਨੇ ਦਿੱਤੇ ਅਤੇ 17,765 ਮਹਿਲਾਵਾਂ ਦਾ ਟੈਸਟ ਕੀਤਾ ਗਿਆ ਜੋ ਚਾਰ ਮਹੀਨੇ ਦੀ ਗਰਭਾਵਸਥਾ ਜਾਂ ਉਸ ਤੋਂ ਪਹਿਲਾਂ ਦੇ ਸਨ। ਵਿਟਾਮਿਨ ਬੀ-12 ਅਤੇ ਫੋਲੇਟ ਦੇ ਪੱਧਰਾਂ ਨੂੰ ਮਾਪਿਆ ਗਿਆ ਅਤੇ ਜਨਮਜਾਤ ਦੋਸ਼ਾਂ ਨਾਲ ਉਨ੍ਹਾਂ ਦੇ ਸੰਬੰਧ ਦੀ ਜਾਂਚ ਕੀਤੀ ਗਈ।

ਖੋਜਕਰਤਾਵਾਂ ਨੇ ਦੇਖਿਆ ਕਿ ਗਰਭਧਾਰਣ ਤੋਂ ਪਹਿਲਾਂ ਮਾਤਾ-ਪਿਤਾ ਲਈ ਵਿਟਾਮਿਨ ਬੀ-12 ਦੇ ਪੱਧਰਾਂ ਵਿਚ ਵਾਧੇ ਨਾਲ ਜਨਮਜਾਤ ਦੋਸ਼ਾਂ ਦਾ ਖ਼ਤਰਾ ਘਟਿਆ। ਇਸ ਦੇ ਨਾਲ, ਗਰਭਧਾਰਣ ਦੇ ਬਾਅਦ ਮਾਂਵਾਂ ਦੇ ਸ਼ੁੱਧ ਖ਼ੂਨ ਕਣਕਾਂ ਫੋਲੇਟ ਅਤੇ ਵਿਟਾਮਿਨ ਬੀ-12 ਦੇ ਉੱਚ ਪੱਧਰ ਆਮ ਤੌਰ 'ਤੇ ਜਨਮਜਾਤ ਦੋਸ਼ਾਂ ਦੇ ਘੱਟ ਖਤਰੇ ਨਾਲ ਜੁੜੇ ਹੋਏ ਸਨ। ਖੋਜਕਰਤਾਵਾਂ ਨੇ ਕਿਹਾ ਕਿ ਵਿਟਾਮਿਨ ਬੀ-12 ਦਾ ਮੈਟਾਬੋਲਿਜ਼ਮ ਵਿਚ ਮਹੱਤਵਪੂਰਨ ਭੂਮਿਕਾ ਹੁੰਦੀ ਹੈ, ਅਤੇ ਯੋਗਤਮ ਸਤਰ ਜਨਮਜਾਤ ਦੋਸ਼ਾਂ ਦੇ ਖਤਰੇ ਨੂੰ ਵੀ ਘਟਾ ਸਕਦੇ ਹਨ। ਟੀਮ ਨੇ ਇਹ ਵੀ ਜੋੜਿਆ ਕਿ ਕਿਸੇ ਵੀ ਵਿਟਾਮਿਨ ਸਪਲੀਮੈਂਟੇਸ਼ਨ ਦੀ ਸਮੀਖਿਆ ਇਕ ਡਾਕਟਰ ਨਾਲ ਕਰਨਾ ਮਹੱਤਵਪੂਰਨ ਹੈ।












# ਰਾਸ਼ੀਫਲ



**ਮੇਸ਼ –** ਬੁੱਧਵਾਰ, 2 ਸਤੰਬਰ, 2026 ਨੂੰ, ਮੇਖ ਰਾਸ਼ੀ ਦਾ ਚੰਦਰਮਾ ਤੁਹਾਡੇ ਪਹਿਲੇ ਘਰ ਵਿੱਚ ਹੋਵੇਗਾ। ਅੱਜ ਤੁਹਾਡੇ ਲਈ ਇੱਕ ਸ਼ੁਭ ਦਿਨ ਹੈ। ਤੁਸੀਂ ਪਰਿਵਾਰ ਅਤੇ ਨਜ਼ਦੀਕੀ ਦੋਸਤਾਂ ਨਾਲ ਇੱਕ ਖਾਸ ਸਮਾਗਮ ਵਿੱਚ ਸ਼ਾਮਲ ਹੋ ਸਕਦੇ ਹੋ। ਤੁਸੀਂ ਉਤਸ਼ਾਹ ਨਾਲ ਇੱਕ ਨਵਾਂ ਪ੍ਰੋਜੈਕਟ ਸ਼ੁਰੂ ਕਰੋਗੇ। ਧਿਆਨ ਰੱਖੋ ਕਿ ਜ਼ਿਆਦਾ ਉਤਸ਼ਾਹ ਨੂੰ ਨੁਕਸਾਨ ਨਾ ਹੋਣ ਦਿਓ। ਤੁਹਾਨੂੰ ਆਪਣੀ ਸਰੀਰਕ ਅਤੇ ਮਾਨਸਿਕ ਸਿਹਤ ਦਾ ਧਿਆਨ ਰੱਖਣ ਦੀ ਜ਼ਰੂਰਤ ਹੈ। ਅੱਜ ਵਿੱਤੀ ਲਾਭ ਦੀ ਸੰਭਾਵਨਾ ਹੈ। ਕੰਮ 'ਤੇ ਤੁਹਾਡੇ ਕੰਮ ਆਸਾਨੀ ਨਾਲ ਪੂਰੇ ਹੋ ਜਾਣਗੇ। ਤੁਸੀਂ ਆਪਣੇ ਸਹਿ-ਕਰਮਚਾਰੀਆਂ ਦੇ ਸਮਰਥਨ ਨਾਲ ਪ੍ਰੇਰਿਤ ਰਹੋਗੇ।

**ਟੌਰਸ –** ਬੁੱਧਵਾਰ, 2 ਸਤੰਬਰ, 2026 ਨੂੰ, ਮੇਸ਼ ਰਾਸ਼ੀ ਦਾ ਚੰਦਰਮਾ ਤੁਹਾਡੇ ਬਾਰ੍ਹਵੇਂ ਘਰ ਵਿੱਚ ਹੋਵੇਗਾ। ਅੱਜ ਤੁਸੀਂ ਸਰੀਰਕ ਅਤੇ ਮਾਨਸਿਕ ਤੌਰ 'ਤੇ ਚਿੰਤਤ ਹੋਵੋਗੇ। ਮਾਨਸਿਕ ਤਣਾਅ ਇਸ ਚਿੰਤਾ ਦਾ ਕਾਰਨ ਹੋਵੇਗਾ। ਤੁਸੀਂ ਥਕਾਵਟ ਮਹਿਸੂਸ ਕਰ ਸਕਦੇ ਹੋ। ਪਰਿਵਾਰਕ ਮੈਂਬਰਾਂ ਨਾਲ ਮਤਭੇਦ ਸੰਭਵ ਹਨ, ਜਿਸ ਨਾਲ ਘਰ ਦਾ ਮਾਹੌਲ ਵਿਗੜ ਸਕਦਾ ਹੈ। ਤੁਹਾਡੇ ਦੁਆਰਾ ਲਗਾਈ ਗਈ ਘੱਟ ਸਫਲਤਾ ਚਿੰਤਾ ਦਾ ਕਾਰਨ ਬਣ ਸਕਦੀ ਹੈ। ਜਲਦਬਾਜ਼ੀ ਵਿੱਚ ਫੈਸਲੇ ਲੈਣ ਤੋਂ ਬਚੋ। ਕਿਸੇ ਚੀਜ਼ ਵਿੱਚ ਜਲਦਬਾਜ਼ੀ ਕਰਨ ਨਾਲ ਤੁਹਾਨੂੰ ਨੁਕਸਾਨ ਹੋ ਸਕਦਾ ਹੈ।

**ਮਿਥੁਨ –** ਬੁੱਧਵਾਰ, 2 ਸਤੰਬਰ, 2026 ਨੂੰ, ਮੇਸ਼ ਰਾਸ਼ੀ ਦਾ ਚੰਦਰਮਾ ਤੁਹਾਡੇ ਗਿਆਰ੍ਹਵੇਂ ਘਰ ਵਿੱਚ ਹੋਵੇਗਾ। ਇਹ ਦਿਨ ਕਾਰੋਬਾਰੀਆਂ ਲਈ ਸ਼ੁਭ ਹੈ। ਕਾਰੋਬਾਰ ਅਤੇ ਆਮਦਨ ਵਿੱਚ ਵਾਧਾ ਹੋਵੇਗਾ। ਤੁਹਾਨੂੰ ਦੋਸਤਾਂ ਤੋਂ ਲਾਭ ਹੋਵੇਗਾ। ਨੌਕਰੀ ਕਰਨ ਵਾਲਿਆਂ ਲਈ ਦਿਨ ਅਨੁਕੂਲ ਹੈ। ਤੁਹਾਡੇ ਉੱਚ ਅਧਿਕਾਰੀ ਤੁਹਾਡੇ ਕੰਮ ਤੋਂ ਖੁਸ਼ ਹੋਣਗੇ। ਤਰੱਕੀ ਵੀ ਸੰਭਵ ਹੈ। ਵਿਆਹ ਦੀ ਇੱਛਾ ਰੱਖਣ ਵਾਲਿਆਂ ਨੂੰ ਆਪਣਾ ਰਿਸ਼ਤਾ ਪੱਕਾ ਮਿਲ ਸਕਦਾ ਹੈ। ਤੁਹਾਨੂੰ ਆਪਣੀ ਪਤਨੀ ਅਤੇ ਪੁੱਤਰ ਤੋਂ ਚੰਗੀ ਖ਼ਬਰ ਮਿਲੇਗੀ। ਤੁਹਾਡੇ ਜੀਵਨ ਸਾਥੀ ਨਾਲ ਪੁਰਾਣਾ ਵਿਵਾਦ ਵੀ ਹੱਲ ਹੋ ਜਾਵੇਗਾ। ਤੁਹਾਡੀ ਸਿਹਤ ਚੰਗੀ ਰਹੇਗੀ।

**ਕਰਕ–** ਬੁੱਧਵਾਰ, 2 ਸਤੰਬਰ, 2026 ਨੂੰ, ਮੇਸ਼ ਰਾਸ਼ੀ ਦਾ ਚੰਦਰਮਾ ਤੁਹਾਡੇ ਦਸਵੇਂ ਘਰ ਵਿੱਚ ਹੋਵੇਗਾ। ਅੱਜ ਤੁਹਾਡੇ ਲਈ ਇੱਕ ਸ਼ੁਭ ਦਿਨ ਹੈ। ਤੁਹਾਡੇ ਉੱਚ ਅਧਿਕਾਰੀ ਤੁਹਾਡੇ ਸਾਥੀਆਂ ਤੋਂ ਖੁਸ਼ ਹੋਣਗੇ। ਕਾਰੋਬਾਰ ਵੀ ਖੁਸ਼ਹਾਲ ਹੋਵੇਗਾ। ਘਰ ਦਾ ਮਾਹੌਲ ਸਕਾਰਾਤਮਕ ਰਹੇਗਾ। ਤੁਸੀਂ ਆਪਣੇ ਘਰ ਨੂੰ ਸਜਾ ਕੇ ਇਸਨੂੰ ਸੁੰਦਰ ਬਣਾ ਸਕੋਗੇ। ਤੁਹਾਨੂੰ ਆਪਣੀ ਮਾਂ ਤੋਂ ਵੀ ਲਾਭ ਹੋਵੇਗਾ। ਤੁਸੀਂ ਸਰੀਰਕ ਤੌਰ 'ਤੇ ਸਿਹਤਮੰਦ ਅਤੇ ਮਾਨਸਿਕ ਤੌਰ 'ਤੇ ਖੁਸ਼ ਰਹੋਗੇ। ਤੁਹਾਡੀ ਦੌਲਤ ਅਤੇ ਪ੍ਰਤਿਸ਼ਠਾ ਵਧੇਗੀ। ਤੁਸੀਂ ਆਪਣੇ ਬੱਚੇ ਦੀ ਤਰੱਕੀ ਦੀਆਂ ਖ਼ਬਰਾਂ ਸੁਣ ਕੇ ਖੁਸ਼ ਹੋਵੋਗੇ। ਇਹ ਸਮਾਂ ਸਿਹਤ ਦੇ ਦ੍ਰਿਸ਼ਟੀਕੋਣ ਤੋਂ ਲਾਭਦਾਇਕ ਹੈ।

**ਸਿੰਘ –** ਬੁੱਧਵਾਰ, 2 ਸਤੰਬਰ, 2026 ਨੂੰ, ਮੇਸ਼ ਰਾਸ਼ੀ ਦਾ ਚੰਦਰਮਾ ਤੁਹਾਡੇ ਨੌਵੇਂ ਘਰ ਵਿੱਚ ਹੋਵੇਗਾ। ਅੱਜ ਦਾ ਦਿਨ ਦਰਮਿਆਨੀ ਫਲਦਾਇਕ ਹੈ। ਤੁਸੀਂ ਧਾਰਮਿਕ ਅਤੇ ਸ਼ੁਭ ਕਾਰਜਾਂ ਵਿੱਚ ਹਿੱਸਾ ਲੈ ਸਕਦੇ ਹੋ। ਤੁਹਾਡਾ ਵਿਵਹਾਰ ਨਿਆਂਪੂਰਨ ਰਹੇਗਾ। ਧਾਰਮਿਕ ਯਾਤਰਾ ਦੀ ਯੋਜਨਾ ਬਣਾਈ ਜਾਵੇਗੀ। ਤੁਹਾਡੀ ਸਿਹਤ ਵਿੱਚ ਉਤਰਾਅ-ਚੜ੍ਹਾਅ ਆਵੇਗਾ। ਤੁਹਾਨੂੰ ਪੇਟ ਦਰਦ ਹੋ ਸਕਦਾ ਹੈ। ਤੁਹਾਨੂੰ ਵਿਦੇਸ਼ਾਂ ਵਿੱਚ ਰਹਿਣ ਵਾਲੇ ਰਿਸ਼ਤੇਦਾਰਾਂ ਤੋਂ ਖ਼ਬਰਾਂ ਮਿਲਣਗੀਆਂ। ਆਪਣੇ ਉੱਚ ਅਧਿਕਾਰੀਆਂ ਨਾਲ ਧਿਆਨ ਨਾਲ ਗੱਲ ਕਰੋ। ਤੁਹਾਡੀ ਨੌਕਰੀ ਅਤੇ ਕਾਰੋਬਾਰ ਵਿੱਚ ਸਮੱਸਿਆਵਾਂ ਆਉਣਗੀਆਂ। ਅੱਜ ਕਾਰੋਬਾਰ ਦੇ ਵਿਸਥਾਰ ਨਾਲ ਸਬੰਧਤ ਕਿਸੇ ਵੀ ਕੰਮ ਤੋਂ ਬਚੋ। ਤੁਸੀਂ ਆਪਣੇ ਬੱਚਿਆਂ ਬਾਰੇ ਚਿੰਤਤ ਹੋਵੋਗੇ। ਆਲਸ ਅਤੇ ਥਕਾਵਟ ਦੇ ਕਾਰਨ, ਤੁਸੀਂ ਅੱਜ ਆਰਾਮ ਕਰਨਾ ਪਸੰਦ ਕਰੋਗੇ।

**ਕੰਨਿਆ –** ਬੁੱਧਵਾਰ, 2 ਸਤੰਬਰ, 2026 ਨੂੰ, ਮੇਸ਼ ਰਾਸ਼ੀ ਦਾ ਚੰਦਰਮਾ ਤੁਹਾਡੇ ਅੱਠਵੇਂ ਘਰ ਵਿੱਚ ਹੋਵੇਗਾ। ਆਪਣੀ ਬੋਲੀ 'ਤੇ ਕਾਬੂ ਰੱਖੋ ਅਤੇ ਕੋਈ ਵੀ ਨਵਾਂ ਕੰਮ ਸ਼ੁਰੂ ਕਰਨ ਤੋਂ ਬਚੋ। ਗੁੱਸਾ ਅਤੇ ਜਨੂੰਨ ਨੁਕਸਾਨ ਦਾ ਕਾਰਨ ਬਣ ਸਕਦਾ ਹੈ। ਪਰਿਵਾਰ ਅਤੇ ਦੋਸਤਾਂ ਨਾਲ ਵਿਵਾਦ ਵੀ ਸੰਭਵ ਹੈ। ਵਪਾਰਕ ਸਾਂਝੇਦਾਰੀ ਵਿੱਚ ਸਾਵਧਾਨ ਰਹੋ। ਜੇ ਸੰਭਵ ਹੋਵੇ, ਤਾਂ ਅੱਜ ਯਾਤਰਾ ਕਰਨ ਤੋਂ ਬਚੋ। ਆਪਣੀਆਂ ਖਾਣ-ਪੀਣ ਦੀਆਂ ਆਦਤਾਂ 'ਤੇ ਕਾਬੂ ਰੱਖੋ। ਤੁਹਾਡੇ ਪ੍ਰੇਮ ਜੀਵਨ ਵਿੱਚ ਸਫਲਤਾ ਬਣੀ ਰਹੇਗੀ। ਤੁਹਾਨੂੰ ਅੱਜ ਨਕਾਰਾਤਮਕ ਵਿਚਾਰਾਂ ਤੋਂ ਦੂਰ ਰਹਿਣ ਦੀ ਸਲਾਹ ਦਿੱਤੀ ਜਾਂਦੀ ਹੈ। ਵਿਦਿਆਰਥੀ ਧਿਆਨ ਕੇਂਦਰਿਤ ਨਹੀਂ ਕਰ ਸਕਣਗੇ, ਜਿਸ ਕਾਰਨ ਉਨ੍ਹਾਂ ਦੀ ਪੜ੍ਹਾਈ ਵਿੱਚ ਸਮੱਸਿਆਵਾਂ ਆਉਣਗੀਆਂ।

**ਤੁਲਾ –** ਬੁੱਧਵਾਰ, 2 ਸਤੰਬਰ, 2026 ਨੂੰ, ਮੇਸ਼ ਰਾਸ਼ੀ ਦਾ ਚੰਦਰਮਾ ਤੁਹਾਡੇ ਸੱਤਵੇਂ ਘਰ ਵਿੱਚ ਹੋਵੇਗਾ। ਤੁਸੀਂ ਅੱਜ ਖਾਸ ਤੌਰ 'ਤੇ ਸੰਸਾਰਿਕ ਜੀਵਨ ਦਾ ਆਨੰਦ ਮਾਣ ਸਕਦੇ ਹੋ। ਤੁਸੀਂ ਪਰਿਵਾਰ ਨਾਲ ਸਮਾਜਿਕ ਕੰਮ ਲਈ ਬਾਹਰ ਜਾ ਸਕਦੇ ਹੋ। ਇੱਕ ਛੋਟੀ ਯਾਤਰਾ ਦੀ ਯੋਜਨਾ ਬਣਾਈ ਜਾ ਸਕਦੀ ਹੈ। ਤੁਸੀਂ ਆਪਣੇ ਕਾਰੋਬਾਰ ਦਾ ਵਿਸਤਾਰ ਕਰ ਸਕਦੇ ਹੋ। ਤੁਹਾਨੂੰ ਸਮਾਜਿਕ ਖੇਤਰ ਵਿੱਚ ਸਫਲਤਾ ਅਤੇ ਪ੍ਰਸਿੱਧੀ ਦੀ ਸੰਭਾਵਨਾ ਹੈ। ਅਚਾਨਕ ਵਿੱਤੀ ਲਾਭ ਦੀ ਵੀ ਸੰਭਾਵਨਾ ਹੈ। ਤੁਸੀਂ ਅੱਜ ਆਪਣਾ ਕੰਮ ਸਮੇਂ ਸਿਰ ਪੂਰਾ ਕਰ ਸਕੋਗੇ। ਨੌਕਰੀ ਕਰਨ ਵਾਲਿਆਂ ਨੂੰ ਲਾਭ ਹੋ ਸਕਦਾ ਹੈ। ਤੁਹਾਡੀ ਪ੍ਰੇਮ ਜ਼ਿੰਦਗੀ ਵਿੱਚ ਸੰਤੁਸ਼ਟੀ ਰਹੇਗੀ।

**ਸਕਾਰਪੀਓ –** ਬੁੱਧਵਾਰ, 2 ਸਤੰਬਰ, 2026 ਨੂੰ, ਮੇਸ਼ ਰਾਸ਼ੀ ਦਾ ਚੰਦਰਮਾ ਤੁਹਾਡੇ ਛੇਵੇਂ ਘਰ ਵਿੱਚ ਹੋਵੇਗਾ। ਪਰਿਵਾਰਕ ਮਾਹੌਲ ਖੁਸ਼ੀ ਅਤੇ ਖੁਸ਼ੀ ਨਾਲ ਭਰਿਆ ਰਹੇਗਾ। ਤੁਹਾਡਾ ਮਨ ਉਤਸ਼ਾਹ ਨਾਲ ਭਰਿਆ ਰਹੇਗਾ। ਵਿਰੋਧੀ ਅਤੇ ਦੁਸ਼ਮਣ ਆਪਣੇ ਯਤਨਾਂ ਵਿੱਚ ਅਸਫਲ ਰਹਿਣਗੇ। ਤੁਹਾਨੂੰ ਕੰਮ 'ਤੇ ਸਾਥੀਆਂ ਤੋਂ ਸਮਰਥਨ ਮਿਲੇਗਾ। ਤੁਹਾਡੇ ਕਾਰੋਬਾਰ ਵਿੱਚ ਨਵੇਂ ਗਾਹਕ ਖੁਸ਼ੀ ਲਿਆ ਸਕਦੇ ਹਨ। ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣ ਦੀਆਂ ਯੋਜਨਾਵਾਂ 'ਤੇ ਉਤਸ਼ਾਹ ਨਾਲ ਕੰਮ ਕਰੋਗੇ। ਤੁਸੀਂ ਅੱਜ ਰੋਮਾਂਟਿਕ ਰਹੋਗੇ। ਵਿੱਤੀ ਲਾਭ ਦੇ ਸੰਕੇਤ ਹਨ। ਅਧੂਰੇ ਕੰਮ ਪੂਰੇ ਹੋਣਗੇ।

**ਧਨੁ–** ਬੁੱਧਵਾਰ, 2 ਸਤੰਬਰ, 2026 ਨੂੰ, ਮੇਸ਼ ਰਾਸ਼ੀ ਦਾ ਚੰਦਰਮਾ ਤੁਹਾਡੇ ਪੰਜਵੇਂ ਘਰ ਵਿੱਚ ਹੋਵੇਗਾ। ਤੁਹਾਡੇ ਬੱਚੇ ਦੀ ਸਿਹਤ ਅਤੇ ਪੜ੍ਹਾਈ ਬਾਰੇ ਚਿੰਤਾਵਾਂ ਤੁਹਾਨੂੰ ਧਿਆਨ ਗੁਆ ਦੇਣਗੀਆਂ। ਪੇਟ ਨਾਲ ਸਬੰਧਤ ਬਿਮਾਰੀਆਂ ਤੁਹਾਨੂੰ ਪਰੇਸ਼ਾਨ ਕਰਨਗੀਆਂ। ਕੰਮ ਵਿੱਚ ਅਸਫਲਤਾ ਨਿਰਾਸ਼ਾ ਦਾ ਕਾਰਨ ਬਣੇਗੀ। ਆਪਣੇ ਗੁੱਸੇ 'ਤੇ ਕਾਬੂ ਰੱਖੋ। ਤੁਹਾਨੂੰ ਸਾਹਿਤ, ਲਿਖਣ ਅਤੇ ਕਲਾ ਵਿੱਚ ਡੂੰਘੀ ਦਿਲਚਸਪੀ ਹੋਵੇਗੀ। ਅਜ਼ੀਜ਼ਾਂ ਨਾਲ ਮੁਲਾਕਾਤਾਂ ਅੱਜ ਦਿਲਚਸਪ ਹੋਣਗੀਆਂ। ਤੁਹਾਡਾ ਆਪਣੇ ਜੀਵਨ ਸਾਥੀ ਨਾਲ ਚੰਗਾ ਸਮਾਂ ਬਿਤਾਇਆ ਜਾਵੇਗਾ। ਬਹਿਸ ਅਤੇ ਚਰਚਾਵਾਂ ਤੋਂ ਬਚੋ। ਨਾਲ ਹੀ, ਆਪਣੇ ਕਾਰੋਬਾਰੀ ਸਾਥੀ ਦੇ ਇਨਪੁਟ ਵੱਲ ਧਿਆਨ ਦਿਓ। ਤੁਹਾਨੂੰ ਸਮੇਂ ਸਿਰ ਕੰਮ ਪੂਰੇ ਕਰਨ ਲਈ ਵਾਧੂ ਮਿਹਨਤ ਕਰਨੀ ਪਵੇਗੀ।

**ਮਕਰ–** ਬੁੱਧਵਾਰ, 2 ਸਤੰਬਰ, 2026 ਨੂੰ, ਮੇਸ਼ ਰਾਸ਼ੀ ਦਾ ਚੰਦਰਮਾ ਤੁਹਾਡੇ ਚੌਥੇ ਘਰ ਵਿੱਚ ਹੋਵੇਗਾ। ਅੱਜ ਤੁਹਾਡੇ ਲਈ ਇੱਕ ਮੱਧਮ ਫਲਦਾਇਕ ਦਿਨ ਹੋਵੇਗਾ। ਤੁਸੀਂ ਸਰੀਰਕ ਅਤੇ ਮਾਨਸਿਕ ਤੌਰ 'ਤੇ ਮੁਸ਼ਕਲਾਂ ਦਾ ਅਨੁਭਵ ਕਰੋਗੇ। ਘਰ ਵਿੱਚ ਪਰਿਵਾਰਕ ਮੈਂਬਰਾਂ ਨਾਲ ਝਗੜੇ ਅਸ਼ਾਂਤੀ ਦਾ ਕਾਰਨ ਬਣ ਸਕਦੇ ਹਨ। ਤੁਸੀਂ ਸਮੇਂ ਸਿਰ ਖਾਣਾ ਨਹੀਂ ਖਾ ਸਕੋਗੇ। ਤੁਸੀਂ ਨੀਂਦ ਨਾ ਆਉਣ ਦੀ ਸਮੱਸਿਆ ਤੋਂ ਪਰੇਸ਼ਾਨ ਹੋਵੋਗੇ। ਪਾਣੀ ਦੇ ਸਰੋਤਾਂ ਤੋਂ ਦੂਰ ਰਹੋ। ਵਿੱਤੀ ਨੁਕਸਾਨ ਅਤੇ ਬਦਨਾਮੀ ਦੀ ਸੰਭਾਵਨਾ ਹੈ। ਦੁਪਹਿਰ ਨੂੰ ਸਮਾਂ ਬਦਲ ਜਾਵੇਗਾ, ਅਤੇ ਤੁਸੀਂ ਆਪਣੇ ਪਰਿਵਾਰ ਨਾਲ ਬਾਹਰ ਜਾਣ ਦੀ ਯੋਜਨਾ ਬਣਾ ਸਕਦੇ ਹੋ।

**ਕੁੰਭ –** ਬੁੱਧਵਾਰ, 2 ਸਤੰਬਰ, 2026 ਨੂੰ, ਮੇਸ਼ ਰਾਸ਼ੀ ਵਿੱਚ ਚੰਦਰਮਾ ਤੁਹਾਡੇ ਤੀਜੇ ਘਰ ਵਿੱਚ ਹੋਵੇਗਾ। ਤੁਸੀਂ ਰਾਹਤ ਮਹਿਸੂਸ ਕਰੋਗੇ, ਚਿੰਤਾਵਾਂ ਤੋਂ ਮੁਕਤ ਹੋਵੋਗੇ। ਤੁਹਾਡਾ ਉਤਸ਼ਾਹ ਵੀ ਵਧੇਗਾ। ਤੁਸੀਂ ਬਜ਼ੁਰਗਾਂ ਅਤੇ ਦੋਸਤਾਂ ਤੋਂ ਲਾਭ ਦੀ ਉਮੀਦ ਕਰ ਸਕਦੇ ਹੋ। ਤੁਸੀਂ ਦੋਸਤਾਂ ਅਤੇ ਰਿਸ਼ਤੇਦਾਰਾਂ ਨਾਲ ਖੁਸ਼ਹਾਲ ਸਮਾਂ ਬਿਤਾਓਗੇ। ਤੁਹਾਨੂੰ ਅਜ਼ੀਜ਼ਾਂ ਦਾ ਸਮਰਥਨ ਮਿਲੇਗਾ। ਤੁਸੀਂ ਆਪਣੇ ਵਿਆਹੁਤਾ ਜੀਵਨ ਵਿੱਚ ਵਧੀ ਹੋਈ ਨੇੜਤਾ ਦਾ ਅਨੁਭਵ ਕਰੋਗੇ। ਤੁਹਾਨੂੰ ਵਿੱਤੀ ਲਾਭ ਅਤੇ ਪ੍ਰਤਿਸ਼ਠਾ ਮਿਲੇਗੀ। ਸਿਹਤ ਦੇ ਦ੍ਰਿਸ਼ਟੀਕੋਣ ਤੋਂ ਅੱਜ ਦਾ ਦਿਨ ਮੱਧਮ ਫਲਦਾਇਕ ਹੈ। ਵਿਦਿਆਰਥੀਆਂ ਦਾ ਅੱਜ ਸਮਾਂ ਚੰਗਾ ਰਹੇਗਾ।

**ਮੀਨ –** ਬੁੱਧਵਾਰ, 2 ਸਤੰਬਰ, 2026 ਨੂੰ, ਮੇਸ਼ ਰਾਸ਼ੀ ਵਿੱਚ ਚੰਦਰਮਾ ਤੁਹਾਡੇ ਦੂਜੇ ਘਰ ਵਿੱਚ ਹੋਵੇਗਾ। ਤੁਹਾਨੂੰ ਅੱਜ ਆਪਣੀ ਬੋਲੀ 'ਤੇ ਕਾਬੂ ਰੱਖਣ ਦੀ ਜ਼ਰੂਰਤ ਹੈ। ਗੁੱਸੇ ਕਾਰਨ ਕਿਸੇ ਨਾਲ ਮਤਭੇਦ ਹੋਣ ਦੀ ਸੰਭਾਵਨਾ ਹੈ। ਤੁਹਾਨੂੰ ਵਿਗਾੜ ਬੇਚੈਨੀ ਦਾ ਅਨੁਭਵ ਹੋ ਸਕਦਾ ਹੈ। ਆਪਣੀ ਸਿਹਤ ਦਾ ਧਿਆਨ ਰੱਖੋ। ਪਰਿਵਾਰਕ ਮੈਂਬਰ ਘਰ ਵਿੱਚ ਦੁਸ਼ਮਣੀ ਵਾਲਾ ਮਾਹੌਲ ਬਣਾ ਸਕਦੇ ਹਨ। ਪੈਸਾ ਗਲਤ ਥਾਵਾਂ 'ਤੇ ਖਰਚ ਹੋ ਸਕਦਾ ਹੈ। ਨਕਾਰਾਤਮਕ ਵਿਚਾਰਾਂ ਨੂੰ ਆਪਣੇ ਮਨ 'ਤੇ ਹਾਵੀ ਨਾ ਹੋਣ ਦਿਓ। ਆਪਣੀਆਂ ਖਾਣ-ਪੀਣ ਦੀਆਂ ਆਦਤਾਂ ਵਿੱਚ ਸੰਜਮ ਰੱਖੋ। ਆਮ ਤੌਰ 'ਤੇ, ਅੱਜ ਸਾਵਧਾਨੀ ਨਾਲ ਅੱਗੇ ਵਧਣ ਦਾ ਦਿਨ ਹੈ।

# ਪਤਨੀ ਵੱਲੋਂ ਪਤੀ ਨੂੰ ਦਿੱਤਾ ਧੋਖਾ...

ਤਲਾਕ ਤੋਂ ਇੱਕ ਮਹੀਨੇ ਬਾਅਦ ਇੱਕ ਅਜਿਹੀ ਖ਼ਬਰ ਮਿਲੀ, ਜਿਸ ਨੇ ਮੇਰੇ ਪੈਰਾਂ ਹੇਠੋਂ ਜ਼ਮੀਨ ਹੀ ਖਿਸਕਾ ਦਿੱਤੀ। ਪਤਾ ਲੱਗਿਆ ਕਿ ਕਿਰਨ ਨੇ ਵਿਚੋਲਣ ਕਰਤਾਰੋ ਦੇ ਮੁੰਡੇ ਸੰਦੀਪ ਨਾਲ ਵਿਆਹ ਕਰਵਾ ਲਿਆ ਹੈ।

ਇਹ ਖ਼ਬਰ ਸੁਣ ਕੇ ਮੇਰੀ ਹੈਰਾਨੀ ਦੀ ਹੱਦ ਨਹੀਂ ਰਹੀ।

"ਇਹ ਕਿਵੇਂ ਹੋ ਸਕਦਾ ਹੈ?" ਮੈਂ ਆਪਣੇ ਆਪ ਨੂੰ ਹੀ ਪੁੱਛਿਆ।

ਪਰ ਜਿਵੇਂ-ਜਿਵੇਂ ਇਸ ਕਹਾਣੀ ਦੀਆਂ ਪਰਤਾਂ ਖੁੱਲ੍ਹਦੀਆਂ ਗਈਆਂ, ਮੈਨੂੰ ਅਹਿਸਾਸ ਹੋਇਆ ਕਿ ਇਸ ਪਿੱਛੇ ਦੀਆਂ ਤੰਦਾਂ ਅਸਲ ਵਿੱਚ ਵਿਚੋਲਣ ਦੇ ਘਰੋਂ ਹੀ ਬੁਣੀਆਂ ਗਈਆਂ ਸਨ।

ਮੇਰੇ ਨਾਨਕਿਆਂ ਤੋਂ ਇੱਕ ਮੇਰਾ ਬਹੁਤ ਖ਼ਾਸ ਮਿੱਤਰ ਸੀ—ਰਣਧੀਰ, ਜੋ ਇਨ੍ਹਾਂ ਦਿਨੀਂ ਕੈਨੇਡਾ ਵਿੱਚ ਰਹਿੰਦਾ ਸੀ। ਜਦੋਂ ਉਸਨੂੰ ਮੇਰੇ ਤਲਾਕ ਬਾਰੇ ਪਤਾ ਲੱਗਿਆ ਤਾਂ ਉਸਦਾ ਮੈਨੂੰ ਫੋਨ ਆਇਆ।

"ਹਾਂ ਰਵਿੰਦਰ, ਕੀ ਹੋਇਆ? ਤੇਰੇ ਤਲਾਕ ਬਾਰੇ ਸੁਣਿਆ ਹੈ। ਇਹ ਸਭ ਕਿਵੇਂ ਹੋ ਗਿਆ?" ਉਸਨੇ ਚਿੰਤਤ ਆਵਾਜ਼ ਵਿੱਚ ਪੁੱਛਿਆ।

ਮੈਂ ਕੁਝ ਪਲ ਚੁੱਪ ਰਿਹਾ। ਫਿਰ ਦਿਲ ਵਿੱਚ ਦਬਿਆ ਸਾਰਾ ਦਰਦ ਉਸਦੇ ਸਾਹਮਣੇ ਖੋਲ੍ਹ ਦਿੱਤਾ।

"ਰਣਧੀਰ, ਮੈਂ ਅੱਜ ਤੱਕ ਨਹੀਂ ਸਮਝ ਸਕਿਆ ਕਿ ਮੇਰੇ ਨਾਲ ਇਹ ਸਭ ਕਿਉਂ ਹੋਇਆ। ਮੈਂ ਆਪਣੀ ਤਰਫ਼ੋਂ ਇਸ ਰਿਸ਼ਤੇ ਨੂੰ ਬਚਾਉਣ ਦੀ ਪੂਰੀ ਕੋਸ਼ਿਸ਼ ਕੀਤੀ। ਪਰ ਇੱਕ ਤੋਂ ਬਾਅਦ ਇੱਕ ਅਜਿਹੀਆਂ ਘਟਨਾਵਾਂ ਹੁੰਦੀਆਂ ਗਈਆਂ ਕਿ ਸਭ ਕੁਝ ਮੇਰੇ ਹੱਥੋਂ ਨਿਕਲ ਗਿਆ।"

ਮੈਂ ਉਸਨੂੰ ਆਪਣੀ ਜ਼ਿੰਦਗੀ ਦੀ ਸਾਰੀ ਕਹਾਣੀ ਦੱਸੀ। ਰਣਧੀਰ ਬੜਾ ਤੇਜ਼-ਤਰਾਰ ਬੰਦਾ ਸੀ ਅਤੇ ਉਸਦੇ ਲਿੰਕ ਵੀ ਬਹੁਤ ਸਨ। ਉਸਨੇ ਮੇਰੀ ਸਾਰੀ ਗੱਲ ਬੜੇ ਧਿਆਨ ਨਾਲ ਸੁਣੀ।

ਫਿਰ ਉਸਨੇ ਕਿਹਾ,

"ਤੂੰ ਚਿੰਤਾ ਨਾ ਕਰ। ਮੈਨੂੰ ਕੁਝ ਦਿਨ ਦਾ ਸਮਾਂ ਦੇ। ਮੈਂ ਇਸ ਕਹਾਣੀ ਦੀ ਜੜ੍ਹ ਤੱਕ ਪਹੁੰਚ ਕੇ ਤੈਨੂੰ ਸਾਰੀ ਗੱਲ ਦੱਸਾਂਗਾ।"

"ਪਰ ਹੁਣ ਪਤਾ ਲਾ ਕੇ ਕੀ ਹੋਣਾ?" ਮੈਂ ਥੱਕੀ ਹੋਈ ਆਵਾਜ਼ ਵਿੱਚ ਕਿਹਾ।

"ਕਈ ਵਾਰ ਸੱਚ ਦਾ ਪਤਾ ਹੋਣਾ ਵੀ ਜ਼ਰੂਰੀ ਹੁੰਦਾ ਹੈ, ਰਵਿੰਦਰ। ਘੱਟੋ-ਘੱਟ ਤੈਨੂੰ ਇਹ ਤਾਂ ਪਤਾ ਲੱਗੇਗਾ ਕਿ ਤੇਰੇ ਨਾਲ ਹੋਇਆ ਕੀ ਹੈ।"

ਉਸ ਦੀ ਗੱਲ ਵਿੱਚ ਅਜਿਹਾ ਭਰੋਸਾ ਸੀ ਕਿ ਮੈਂ ਉਡੀਕ ਕਰਨ ਲੱਗ ਪਿਆ।

ਦਰਅਸਲ, ਵਿਚੋਲਣ ਕਰਤਾਰੋ ਮੇਰੇ ਨਾਨਕੀ ਪਰਿਵਾਰ ਦੇ ਸ਼ਰੀਕੇ ਵਿੱਚੋਂ ਸੀ। ਇੰਜ ਕਹਿ ਲਓ ਕਿ ਉਹ ਦੂਰ ਦੀ ਮਾਮੀ ਲੱਗਦੀ ਸੀ। ਮੇਰੇ ਨਾਨੇ ਅਤੇ ਮਾਮਿਆਂ ਦੀ ਸ਼ਹਿਰ ਦੇ ਨਾਲ ਲੱਗਦੀਆਂ ਦੋ ਕਨਾਲਾਂ ਜ਼ਮੀਨ ਜਿੱਥੋਂ ਚੜ੍ਹਦੇ ਪਾਸੇ ਦੇ ਦਸ ਮਰਲੇ ਮੇਰੇ ਨਾਮ ਕਰਵਾ ਦਿੱਤੇ ਗਏ ਸਨ।

ਉਸ ਵੇਲੇ ਸਾਡੇ ਘਰ ਦੀ ਆਰਥਿਕ ਹਾਲਤ ਬਹੁਤ ਚੰਗੀ ਨਹੀਂ ਸੀ ਅਤੇ ਖੇਤੀਬਾੜੀ ਵਿੱਚ ਵੀ ਘਾਟਾ ਚੱਲ ਰਿਹਾ ਸੀ। ਇਸ ਲਈ ਮੇਰੇ ਨਾਨੇ ਅਤੇ ਮਾਮਿਆਂ ਨੇ ਮੇਰੇ ਪੰਦਰਵੇਂ ਜਨਮਦਿਨ 'ਤੇ ਉਹ ਜ਼ਮੀਨ ਮੇਰੇ ਨਾਮ ਕਰਵਾ ਦਿੱਤੀ ਸੀ।

"ਮੁੰਡੇ ਦੇ ਭਵਿੱਖ ਲਈ ਕੁਝ ਤਾਂ ਹੋਣਾ ਚਾਹੀਦਾ," ਮੇਰੇ ਨਾਨੇ ਨੇ ਉਸ ਵੇਲੇ ਕਿਹਾ ਸੀ।

ਮਾਮੇ ਨੇ ਵੀ ਸਹਿਮਤੀ ਦਿੱਤੀ, "ਅੱਜ ਹਾਲਾਤ ਚੰਗੇ ਨਹੀਂ, ਪਰ ਕੱਲ੍ਹ ਇਹ ਜ਼ਮੀਨ ਇਸਦੇ ਕੰਮ ਜ਼ਰੂਰ ਆਵੇਗੀ।"

ਬਾਅਦ ਵਿੱਚ ਉਸ ਜ਼ਮੀਨ ਵਿੱਚ ਅਸੀਂ ਦੋ ਸ਼ੋਰੂਮ ਅਤੇ ਦੋ ਦੁਕਾਨਾਂ ਕੱਢ ਕੇ ਕਿਰਾਏ 'ਤੇ ਦੇ ਦਿੱਤੀਆਂ।

ਚੜ੍ਹਦੇ ਪਾਸੇ ਸਾਡੇ ਨਾਲ ਹੀ ਬੰਤੇ—ਜੋ ਕਰਤਾਰੋ ਦਾ ਪਤੀ ਅਤੇ ਸੰਦੀਪ ਦਾ ਪਿਤਾ ਸੀ—ਹੋਰਾਂ ਦੀਆਂ ਵੀ ਦੋ ਕਨਾਲਾਂ ਜ਼ਮੀਨ ਸੀ। ਉਨ੍ਹਾਂ ਨੇ ਉਸ ਵਿੱਚੋਂ ਬਹੁਤੀ ਜ਼ਮੀਨ ਪਹਿਲਾਂ ਹੀ ਵੇਚ ਦਿੱਤੀ ਸੀ ਤੇ ਕੁਝ ਹਿੱਸਾ ਬਾਕੀ ਸੀ।

ਪਰ ਜਦੋਂ ਜ਼ਮੀਨ ਦੀ ਮਿਣਤੀ ਕਰਵਾਈ ਗਈ ਤਾਂ ਪਤਾ ਲੱਗਿਆ ਕਿ ਉਨ੍ਹਾਂ ਦੇ ਕਬਜ਼ੇ ਹੇਠ ਸਾਡੇ ਵੱਲੋਂ ਪੰਜ ਮਰਲੇ ਜ਼ਮੀਨ ਵੱਧ ਆ ਰਹੀ ਸੀ।

"ਇਹ ਗੱਲ ਮੈਨੂੰ ਮਨਜ਼ੂਰ ਨਹੀਂ," ਬੰਤੇ ਨੇ ਮਿਣਤੀ ਤੋਂ ਬਾਅਦ ਕਿਹਾ। "ਇਹ ਜ਼ਮੀਨ ਸਾਡੇ ਕਬਜ਼ੇ ਵਿੱਚ ਸਾਲਾਂ ਤੋਂ ਹੈ।"

"ਕਬਜ਼ਾ ਹੋਣ ਨਾਲ ਜ਼ਮੀਨ ਤੁਹਾਡੀ ਨਹੀਂ ਹੋ ਜਾਂਦੀ," ਸਾਡੇ ਵੱਲੋਂ ਜਵਾਬ ਦਿੱਤਾ ਗਿਆ। "ਮਿਣਤੀ ਮੁਤਾਬਕ ਇਹ ਪੰਜ ਮਰਲੇ ਸਾਡੇ ਹਨ।"

"ਮਿਣਤੀ ਫਿਰ ਕਰਵਾ ਲਓ," ਬੰਤੇ ਨੇ ਗੁੱਸੇ ਨਾਲ ਕਿਹਾ।

ਮਿਣਤੀ ਕਈ ਵਾਰ ਕਰਵਾਈ ਗਈ, ਪਰ ਹਰ ਵਾਰ ਉਹ ਪੰਜ ਮਰਲੇ ਉਨ੍ਹਾਂ ਕੋਲ ਵੱਧ ਨਿਕਲਦੇ ਰਹੇ।

ਕਿਉਂਕਿ ਉਹ ਜ਼ਮੀਨ ਸ਼ਹਿਰ ਵਿੱਚ ਸੀ, ਇਸ ਲਈ ਉਹ ਇਸਨੂੰ ਸਹਿਜੇ ਛੱਡਣ ਲਈ ਰਾਜ਼ੀ ਨਹੀਂ ਹੋਏ। ਗੱਲ ਇੰਨੀ ਵਧੀ ਕਿ ਪੰਚਾਇਤਾਂ ਹੋਈਆਂ, ਲੜਾਈ-ਝਗੜੇ ਹੋਏ, ਮਾਰਕੁੱਟ ਅਤੇ ਗਾਲ੍ਹ ਤੱਕ ਗੱਲ ਪਹੁੰਚ ਗਈ।

ਆਖ਼ਰਕਾਰ ਮਾਮਲਾ ਅਦਾਲਤ ਵਿੱਚ ਗਿਆ ਅਤੇ ਕੁਝ ਸਮੇਂ ਬਾਅਦ ਕੋਰਟ ਨੇ ਫੈਸਲਾ ਸਾਡੇ ਹੱਕ ਵਿੱਚ ਦੇ ਦਿੱਤਾ। ਕਬਜ਼ਾ ਛੁਡਵਾਉਣ ਲਈ ਵੀ ਸਾਨੂੰ ਪੁਲਿਸ ਦੀ ਮਦਦ ਲੈਣੀ ਪਈ।

ਉਸ ਘਟਨਾ ਤੋਂ ਬਾਅਦ ਸਾਡੀ ਉਨ੍ਹਾਂ ਨਾਲ ਬੋਲਚਾਲ ਬਿਲਕੁਲ ਬੰਦ ਹੋ ਗਈ।

ਤਕਰੀਬਨ ਚਾਰ-ਪੰਜ ਸਾਲ ਤੱਕ ਨਾ ਸਾਡਾ ਉਨ੍ਹਾਂ ਦੇ ਘਰ ਆਉਣਾ-ਜਾਣਾ ਰਿਹਾ, ਨਾ ਉਨ੍ਹਾਂ ਦਾ ਸਾਡੇ ਘਰ। ਵਿਆਹ-ਸ਼ਾਦੀਆਂ ਅਤੇ ਹੋਰ ਸਮਾਗਮਾਂ ਵਿੱਚ ਵੀ ਮਿਲਣਾ-ਗਿਲਣਾ ਬਿਲਕੁਲ ਬੰਦ ਹੋ ਗਿਆ।

ਸੰਦੀਪ ਮੇਰਾ ਹਮਉਮਰ ਹੀ ਸੀ, ਪਰ ਉਸ ਲੜਾਈ ਤੋਂ ਬਾਅਦ ਅਸੀਂ ਦੋਵੇਂ ਇੱਕ-ਦੂਜੇ ਨਾਲ ਬੋਲਣੇ ਤੱਕ ਨਹੀਂ ਸੀ।

ਫਿਰ ਪੰਜ-ਛੇ ਸਾਲ ਪਹਿਲਾਂ ਸੰਦੀਪ ਦੇ ਬਾਪੂ ਬੰਤੇ ਦੀ ਮੌਤ ਹੋ ਗਈ।

"ਜੋ ਹੋਇਆ, ਉਹ ਹੋਇਆ," ਮੇਰੇ ਨਾਨੇ ਨੇ ਕਿਹਾ, "ਦੁੱਖ ਦੀ ਘੜੀ ਵਿੱਚ ਪੁਰਾਣੀਆਂ ਗੱਲਾਂ ਨਹੀਂ ਵੇਖੀਆਂ ਜਾਂਦੀਆਂ। ਸਾਨੂੰ ਅਫ਼ਸੋਸ ਕਰਨ ਜਾਣਾ ਚਾਹੀਦਾ ਹੈ।"

ਸਾਡਾ ਨਾਨਕੀ ਪਰਿਵਾਰ ਉਨ੍ਹਾਂ ਦੇ ਘਰ ਅਫ਼ਸੋਸ ਕਰਨ ਗਿਆ। ਉੱਥੋਂ ਹੌਲੀ-ਹੌਲੀ ਦੁਬਾਰਾ ਗੱਲਬਾਤ ਸ਼ੁਰੂ ਹੋ ਗਈ। ਸਮੇਂ ਨਾਲ ਦੋਵੇਂ ਪਰਿਵਾਰਾਂ ਨੇ ਗਿਲੇ-ਸ਼ਿਕਵੇ ਭੁਲਾ ਦਿੱਤੇ ਅਤੇ ਫਿਰ ਇੱਕ-ਦੂਜੇ ਦੇ ਵਿਆਹਾਂ-ਸ਼ਾਦੀਆਂ ਵਿੱਚ ਵਰਤਣਾ ਵੀ ਸ਼ੁਰੂ ਕਰ ਦਿੱਤਾ।

ਮੇਰੀ ਮੰਮੀ ਜਦੋਂ ਵੀ ਨਾਨਕਿਆਂ ਜਾਂਦੀ ਤਾਂ ਅਕਸਰ ਕਰਤਾਰੋ ਨੂੰ ਮਿਲ ਕੇ ਆਉਂਦੀ। ਕਰਤਾਰੋ ਵੀ ਹੁਣ ਮੇਰੀ ਮੰਮੀ ਨਾਲ ਬੜੇ ਪਿਆਰ ਅਤੇ ਸਤਿਕਾਰ ਨਾਲ ਪੇਸ਼ ਆਉਂਦੀ।

"ਭੈਣੇ, ਪੁਰਾਣੀਆਂ ਗੱਲਾਂ ਛੱਡੋ," ਕਰਤਾਰੋ ਮੇਰੀ ਮੰਮੀ ਨੂੰ ਕਹਿੰਦੀ। "ਜ਼ਿੰਦਗੀ ਦਾ ਕੀ ਭਰੋਸਾ? ਰਿਸ਼ਤੇ ਹੀ ਤਾਂ ਅਸਲੀ ਪੂੰਜੀ ਹੁੰਦੇ ਨੇ।"

ਮੰਮੀ ਵੀ ਉਸਦੀਆਂ ਗੱਲਾਂ ਸੁਣ ਕੇ ਭਾਵੁਕ ਹੋ ਜਾਂਦੀ।

"ਹਾਂ ਭੈਣੇ, ਬਹੁਤ ਕੁਝ ਵੇਖ ਲਿਆ। ਹੁਣ ਬੱਚਿਆਂ ਕਰਕੇ ਹੀ ਰਿਸ਼ਤੇ ਬਣੇ ਰਹਿਣ ਤਾਂ ਚੰਗਾ ਹੈ।"

ਬਾਹਰੋਂ ਤਾਂ ਸਭ ਕੁਝ ਪਹਿਲਾਂ ਵਾਂਗ ਹੀ ਲੱਗਦਾ ਸੀ।

ਪਰ ਸੰਦੀਪ ਦੇ ਮਨ ਵਿੱਚ ਇੱਕ ਅਜੀਬ ਜਿਹੀ ਦੂਰੀ ਅਤੇ ਨਫ਼ਰਤ ਹਮੇਸ਼ਾ ਮਹਿਸੂਸ ਹੁੰਦੀ ਰਹੀ।

ਇੱਕ ਦਿਨ ਮੇਰੀ ਮੰਮੀ ਨੇ ਕਰਤਾਰੋ ਨੂੰ ਕਿਹਾ,

"ਭੈਣੇ, ਮੇਰੀ ਸਿਹਤ ਠੀਕ ਨਹੀਂ ਰਹਿੰਦੀ। ਮੁੰਡੇ ਦੀ ਵੀ ਉਮਰ ਲੰਘਦੀ ਜਾ ਰਹੀ ਹੈ। ਜੇ ਕੋਈ ਚੰਗਾ ਰਿਸ਼ਤਾ ਹੋਵੇ ਤਾਂ ਦੱਸੀਂ।"

ਕਰਤਾਰੋ ਨੇ ਬੜੇ ਆਪਣੇਪਣ ਨਾਲ ਕਿਹਾ,

"ਤੂੰ ਚਿੰਤਾ ਕਿਉਂ ਕਰਦੀ ਏਂ? ਮੈਂ ਹਾਂ ਨਾ। ਕੋਈ ਚੰਗਾ ਘਰ ਹੋਇਆ ਤਾਂ ਸਭ ਤੋਂ ਪਹਿਲਾਂ ਤੈਨੂੰ ਹੀ ਦੱਸਾਂਗੀ।"

ਮੰਮੀ ਉਸਦੇ ਇਸ ਜਵਾਬ ਤੋਂ ਬੜੀ ਸੰਤੁਸ਼ਟ ਹੋ ਗਈ।

"ਮੈਨੂੰ ਤੇਰੇ 'ਤੇ ਭਰੋਸਾ ਹੈ," ਮੰਮੀ ਨੇ ਕਿਹਾ।

ਪਰ ਕਿਸਨੂੰ ਪਤਾ ਸੀ ਕਿ ਇਸ ਗੱਲ ਤੋਂ ਹਫ਼ਤਾ ਕੁ ਬਾਅਦ ਹੀ ਜਿਸ ਰਿਸ਼ਤੇ ਦੀ ਗੱਲ ਚੱਲਣੀ ਸੀ, ਉਸਦੇ ਪਿੱਛੇ ਕਿਹੜੀ ਕਹਾਣੀ ਲੁਕੀ ਹੋਈ ਸੀ।

ਫਿਰ ਇੱਕ ਦਿਨ ਰਣਧੀਰ ਦਾ ਮੈਨੂੰ ਫੋਨ ਆਇਆ।

ਉਸਦੀ ਆਵਾਜ਼ ਕੁਝ ਗੰਭੀਰ ਸੀ।

"ਰਵਿੰਦਰ, ਤੂੰ ਗੱਲ ਕਰਨ ਲਈ ਇਕੱਲਾ ਏਂ?"

ਮੇਰਾ ਦਿਲ ਧੜਕਣ ਲੱਗ ਪਿਆ।

"ਹਾਂ, ਦੱਸ ਕੀ ਗੱਲ ਹੈ?"

"ਜੋ ਮੈਂ ਤੈਨੂੰ ਦੱਸਣ ਲੱਗਾ ਹਾਂ, ਉਹ ਸੁਣ ਕੇ ਤੈਨੂੰ ਝਟਕਾ ਲੱਗੇਗਾ। ਇਸ ਲਈ ਆਪਣੇ ਆਪ ਨੂੰ ਸੰਭਾਲ ਕੇ ਰੱਖੀਂ।"

"ਸਿੱਧੀ ਗੱਲ ਕਰ, ਰਣਧੀਰ। ਕੀ ਪਤਾ ਲੱਗਿਆ ਹੈ?"

ਕੁਝ ਪਲ ਉਹ ਚੁੱਪ ਰਿਹਾ।

ਫਿਰ ਉਸਨੇ ਕਿਹਾ,

"ਸੰਦੀਪ ਅਤੇ ਕਿਰਨਦੀਪ ਦੀ ਪ੍ਰੇਮ ਕਹਾਣੀ ਦੇ ਚਰਚੇ ਉਧਰ ਵਾਲੇ ਸਾਰੇ ਇਲਾਕੇ ਵਿੱਚ ਹਨ। ਇਹ ਕੋਈ ਨਵੀਂ ਗੱਲ ਨਹੀਂ। ਦੋਵੇਂ ਕਾਫ਼ੀ ਸਮੇਂ ਤੋਂ ਇੱਕ-ਦੂਜੇ ਨੂੰ ਮਿਲਦੇ ਰਹੇ ਹਨ। ਇਨ੍ਹਾਂ ਦੋਵਾਂ ਦੇ ਵਿਆਹ ਦੀਆਂ ਗੱਲਾਂ ਪਹਿਲਾਂ ਵੀ ਚੱਲ ਰਹੀਆਂ ਸਨ ਅਤੇ ਦੋਵੇਂ ਪਰਿਵਾਰ ਇਸ ਲਈ ਰਾਜ਼ੀ ਸਨ।"

ਮੇਰੇ ਹੱਥੋਂ ਫੋਨ ਲਗਭਗ ਛੁੱਟ ਗਿਆ।

"ਕੀ?" ਮੇਰੇ ਮੂੰਹੋਂ ਸਿਰਫ਼ ਇਹੀ ਨਿਕਲਿਆ।

ਰਣਧੀਰ ਨੇ ਕਿਹਾ,

"ਹੋਰ ਵੀ ਸੁਣ।"

ਮੇਰੀ ਸਾਹ ਰੁਕ ਜਿਹੀ ਗਈ।

"ਤੇਰੀ ਗੱਡੀ ਉੱਤੇ ਜਿਸ ਦਿਨ ਹਮਲਾ ਹੋਇਆ ਸੀ, ਉਸ ਦੇ ਪਿੱਛੇ ਵੀ ਸੰਦੀਪ ਦਾ ਹੱਥ ਦੱਸਿਆ ਜਾ ਰਿਹਾ ਹੈ। ਕਿਰਨ ਨੂੰ ਇਸ ਬਾਰੇ ਪਹਿਲਾਂ ਤੋਂ ਜਾਣਕਾਰੀ ਸੀ।"

ਮੈਂ ਕੁਝ ਬੋਲ ਨਹੀਂ ਸਕਿਆ।

"ਤੇ ਉਸ ਦਿਨ?" ਮੈਂ ਕੰਬਦੀ ਆਵਾਜ਼ ਵਿੱਚ ਪੁੱਛਿਆ।

ਰਣਧੀਰ ਨੇ ਜਵਾਬ ਦਿੱਤਾ,

"ਉਸ ਦਿਨ ਕਿਰਨ ਆਪਣੀ ਸਹੇਲੀ ਨਾਲ ਨਹੀਂ, ਸੰਦੀਪ ਨੂੰ ਮਿਲਣ ਲਈ ਹੀ ਸ਼ਹਿਰ ਦੇ ਇੱਕ ਹੋਟਲ ਵਿੱਚ ਗਈ ਸੀ।"

ਮੇਰੇ ਪੈਰਾਂ ਹੇਠੋਂ ਜਿਵੇਂ ਜ਼ਮੀਨ ਖਿਸਕ ਗਈ।

ਮੈਂ ਕਾਫ਼ੀ ਦੇਰ ਤੱਕ ਚੁੱਪ ਰਿਹਾ।

"ਰਣਧੀਰ... ਕੀ ਇਹ ਸਭ ਸੱਚ ਹੈ?"

ਉਸਨੇ ਕਿਹਾ,

"ਮੈਂ ਬਿਨਾਂ ਪੱਕੀ ਜਾਣਕਾਰੀ ਦੇ ਤੈਨੂੰ ਇਹ ਗੱਲ ਨਹੀਂ ਦੱਸਦਾ।"

ਜਿਨ੍ਹਾਂ ਘਟਨਾਵਾਂ ਨੂੰ ਮੈਂ ਇੱਕ-ਇੱਕ ਕਰਕੇ ਬਦਕਿਸਮਤੀ, ਇਤਫ਼ਾਕ ਜਾਂ ਕਿਸਮਤ ਦਾ ਖੇਡ ਸਮਝਦਾ ਰਿਹਾ, ਉਹ ਹੁਣ ਇੱਕ-ਦੂਜੇ ਨਾਲ ਜੁੜਦੀਆਂ ਜਾ ਰਹੀਆਂ ਸਨ।

ਸੰਦੀਪ ਦੇ ਦਿਲ ਵਿੱਚ ਜ਼ਮੀਨ ਵਾਲੀ ਪੁਰਾਣੀ ਖਾਰ ਉਸੇ ਤਰ੍ਹਾਂ ਬਰਕਰਾਰ ਸੀ। ਉਸਦੀ ਮਾਂ ਕਰਤਾਰੋ ਨੇ ਵੀ ਉਸਦਾ ਪੂਰਾ ਸਾਥ ਦਿੱਤਾ।

ਉਹ ਮਿਲਣ ਵੇਲੇ ਸਾਡੇ ਨਾਲ ਉਪਰੋਂ-ਉਪਰੋਂ ਮਿੱਠੇ ਬਣ ਕੇ ਮਿਲਦੇ ਰਹੇ, ਪਰ ਅੰਦਰੋਂ ਉਹ ਸਾਡੇ ਪ੍ਰਤੀ ਕੀ ਸੋਚਦੇ ਸਨ, ਹੁਣ ਇਹ ਗੱਲ ਮੇਰੇ ਸਾਹਮਣੇ ਸਾਫ਼ ਹੋਣ ਲੱਗੀ ਸੀ।

ਮੈਨੂੰ ਉਹ ਦਿਨ ਯਾਦ ਆਉਣ ਲੱਗੇ ਜਦੋਂ ਕਰਤਾਰੋ ਮੰਮੀ ਨਾਲ ਬੜੇ ਪਿਆਰ ਨਾਲ ਗੱਲਾਂ ਕਰਦੀ ਸੀ।

"ਭੈਣੇ, ਰਿਸ਼ਤਾ ਬੜਾ ਚੰਗਾ ਹੈ। ਕੁੜੀ ਵੀ ਸੁਲਝੀ ਹੋਈ ਹੈ, ਪਰਿਵਾਰ ਵੀ ਚੰਗਾ ਹੈ।"

ਮੰਮੀ ਉਸਦੀਆਂ ਗੱਲਾਂ 'ਤੇ ਵਿਸ਼ਵਾਸ ਕਰ ਲੈਂਦੀ।

ਹੁਣ ਮੇਰੇ ਲਈ ਸਭ ਕੁਝ ਹੌਲੀ-ਹੌਲੀ ਸਾਫ਼ ਹੋ ਰਿਹਾ ਸੀ।

ਮੰਗਣਾ, ਵਿਆਹ ਅਤੇ ਉਸ ਤੋਂ ਬਾਅਦ ਹੋਈਆਂ ਘਟਨਾਵਾਂ—ਸਭ ਕੁਝ ਇੱਕ ਗਿਣੀ-ਮਿਥੀ ਯੋਜਨਾ ਦਾ ਹਿੱਸਾ ਜਾਪਣ ਲੱਗਾ।

ਕਿਰਨ ਦੇ ਪਰਿਵਾਰ ਨੂੰ ਬੇਚਾਰਾ ਬਣਾ ਕੇ ਪੇਸ਼ ਕਰਨਾ...

ਵਿਆਹ ਉੱਤੇ ਸਾਡਾ ਖਰਚ ਕਰਵਾਉਣਾ...

ਦਾਜ ਨਾ ਲੈਣ ਦਾ ਪ੍ਰਭਾਵ ਬਣਾਉਣਾ...

ਮਹਿਲਾ ਕਮਿਸ਼ਨ ਵਿੱਚ ਸ਼ਿਕਾਇਤ ਕਰਨਾ...

ਕੋਰਟ-ਕਚਹਿਰੀ ਵਿੱਚ ਵਕੀਲਾਂ ਨੂੰ ਖੜ੍ਹਾ ਕਰਨਾ...

ਮੁਆਵਜ਼ੇ ਦੀ ਮੰਗ ਕਰਨੀ...

ਮੇਰੇ ਲਈ ਹੁਣ ਇਹ ਸਭ ਇੱਕ ਵੱਖਰੀ ਨਜ਼ਰ ਨਾਲ ਦੇਖਣ ਵਾਲੀਆਂ ਗੱਲਾਂ ਸਨ।

ਇਸ ਸਾਰੀ ਕਹਾਣੀ ਦਾ ਸੂਤਰਧਾਰ ਸੰਦੀਪ ਸੀ, ਜਿਸਨੇ ਹਰ ਇੱਕ ਪਾਤਰ ਨੂੰ ਬੜੀ ਬਰੀਕੀ ਨਾਲ ਇਸ ਕਹਾਣੀ ਵਿੱਚ ਬੁਣਿਆ ਹੋਇਆ ਸੀ।

ਕੁਝ ਦਿਨਾਂ ਬਾਅਦ ਮੈਂ ਆਪਣੇ ਨਾਨਕੀ ਪਰਿਵਾਰ ਨੂੰ ਇਕੱਠਾ ਕੀਤਾ।

ਸਾਰੇ ਬੈਠੇ ਹੋਏ ਸਨ, ਪਰ ਮੈਂ ਕੁਝ ਪਲਾਂ ਤੱਕ ਬੋਲ ਨਹੀਂ ਸਕਿਆ।

ਫਿਰ ਮੈਂ ਕਿਹਾ,

"ਅੱਜ ਮੈਂ ਤੁਹਾਨੂੰ ਕੁਝ ਅਜਿਹਾ ਦੱਸਣ ਲੱਗਾ ਹਾਂ, ਜੋ ਸੁਣ ਕੇ ਸ਼ਾਇਦ ਤੁਹਾਨੂੰ ਵੀ ਯਕੀਨ ਨਾ ਆਵੇ।"

ਸਾਰੇ ਮੇਰੇ ਵੱਲ ਦੇਖਣ ਲੱਗੇ।

ਮੈਂ ਇੱਕ-ਇੱਕ ਕਰਕੇ ਸਾਰੀ ਗੱਲ ਦੱਸਣੀ ਸ਼ੁਰੂ ਕੀਤੀ।

ਜਦੋਂ ਮੈਂ ਆਪਣੀ ਗੱਲ ਪੂਰੀ ਕੀਤੀ ਤਾਂ ਕਮਰੇ ਵਿੱਚ ਚੁੱਪ ਪਸਰ ਗਈ।

ਮੰਮੀ ਦੀਆਂ ਅੱਖਾਂ ਭਰ ਆਈਆਂ।

ਉਸਨੇ ਹੌਲੀ ਜਿਹੀ ਆਵਾਜ਼ ਵਿੱਚ ਕਿਹਾ,

"ਮੈਂ ਤਾਂ ਕਰਤਾਰੋ ਨੂੰ ਆਪਣੀ ਭੈਣ ਸਮਝਦੀ ਰਹੀ। ਮੈਂ ਉਸਦੇ ਘਰ ਬੈਠ ਕੇ ਕਿੰਨੀ ਵਾਰ ਆਪਣਾ ਦੁੱਖ ਸੁਣਾਇਆ। ਉਸਨੇ ਤਾਂ ਮੇਰੇ ਸਾਹਮਣੇ ਤੇਰੇ ਲਈ ਕਿੰਨੀ ਵਾਰ ਫ਼ਿਕਰ ਦਿਖਾਈ ਸੀ।"

ਨਾਨੇ ਦੇ ਪਰਿਵਾਰ ਵਿੱਚੋਂ ਇੱਕ ਵੱਡੇ ਨੇ ਗੰਭੀਰ ਆਵਾਜ਼ ਵਿੱਚ ਕਿਹਾ,

"ਅਸੀਂ ਜਿਨ੍ਹਾਂ ਨੂੰ ਪੁਰਾਣੇ ਗਿਲੇ-ਸ਼ਿਕਵੇ ਭੁਲਾ ਕੇ ਮੁੜ ਆਪਣਾ ਬਣਾਇਆ, ਜੇ ਉਹ ਸੱਚਮੁੱਚ ਸਾਡੇ ਬਾਰੇ ਇਹ ਸਭ ਸੋਚਦੇ ਰਹੇ ਹਨ ਤਾਂ ਇਹ ਬਹੁਤ ਦੁੱਖ ਦੀ ਗੱਲ ਹੈ।"

ਮੇਰੇ ਮਨ ਵਿੱਚ ਬਦਲੇ ਦਾ ਗੁੱਸਾ ਉੱਠਿਆ।

ਮੈਂ ਕਿਹਾ,

"ਪਹਿਲਾਂ ਤਾਂ ਮੇਰਾ ਮਨ ਕਰਦਾ ਸੀ ਕਿ ਇਨ੍ਹਾਂ ਨੂੰ ਕੋਈ ਠੋਸ ਤੇ ਕਰਾਰਾ ਜਵਾਬ ਦਿਆਂ। ਇਨ੍ਹਾਂ ਨੂੰ ਵੀ ਪਤਾ ਲੱਗੇ ਕਿ ਕਿਸੇ ਦੀ ਜ਼ਿੰਦਗੀ ਨਾਲ ਖੇਡਣ ਦਾ ਕੀ ਅਰਥ ਹੁੰਦਾ ਹੈ।"

ਪਰ ਫਿਰ ਕੁਝ ਪਲ ਬਾਅਦ ਮੈਂ ਚੁੱਪ ਹੋ ਗਿਆ।

"ਪਰ ਫਿਰ ਮੈਂ ਗੱਲ ਹੋਰ ਵੀ ਹੈ," ਮੈਂ ਕਿਹਾ। "ਜੇ ਅਸੀਂ ਹੁਣ ਵੀ ਇਨ੍ਹਾਂ ਨਾਲ ਲੜਦੇ ਰਹੇ ਤਾਂ ਸਾਡੀ ਜ਼ਿੰਦਗੀ ਵਿੱਚੋਂ ਇਹ ਕਹਾਣੀ ਕਦੇ ਖ਼ਤਮ ਨਹੀਂ ਹੋਵੇਗੀ।"

ਕਮਰੇ ਵਿੱਚ ਬੈਠੇ ਇੱਕ ਬਜ਼ੁਰਗ ਨੇ ਕਿਹਾ,

"ਪੁੱਤਰ, ਹਰ ਜਵਾਬ ਲੜ ਕੇ ਨਹੀਂ ਦਿੱਤਾ ਜਾਂਦਾ। ਕੁਝ ਲੋਕਾਂ ਨੂੰ ਆਪਣੀ ਜ਼ਿੰਦਗੀ ਵਿੱਚੋਂ ਕੱਢ ਦੇਣਾ ਹੀ ਸਭ ਤੋਂ ਵੱਡਾ ਜਵਾਬ ਹੁੰਦਾ ਹੈ।"

ਉਸ ਪਲ ਮੈਨੂੰ ਜਿਵੇਂ ਆਪਣਾ ਜਵਾਬ ਮਿਲ ਗਿਆ।

ਅਸੀਂ ਫ਼ੈਸਲਾ ਕਰ ਲਿਆ ਕਿ ਹੁਣ ਕੋਈ ਹੋਰ ਕਲੇਸ਼ ਨਹੀਂ ਵਧਾਉਣਾ।

ਨਾ ਕੋਈ ਸਫ਼ਾਈ ਮੰਗਣੀ ਹੈ, ਨਾ ਕੋਈ ਨਵਾਂ ਝਗੜਾ ਖੜ੍ਹਾ ਕਰਨਾ ਹੈ।

ਅਸੀਂ ਸਿਰਫ਼ ਉਨ੍ਹਾਂ ਨਾਲ ਆਪਣੇ ਸਾਰੇ ਰਿਸ਼ਤੇ ਖ਼ਤਮ ਕਰਨੇ ਹਨ।

ਅਸੀਂ ਉਨ੍ਹਾਂ ਦਾ ਆਪਣੀ ਜ਼ਿੰਦਗੀ ਵਿੱਚੋਂ ਪੰਨਾ ਸਦਾ ਲਈ ਪਾੜ ਦਿੱਤਾ।

ਉਸ ਤੋਂ ਬਾਅਦ ਨਾ ਕੋਈ ਸਫ਼ਾਈ ਮੰਗੀ, ਨਾ ਕੋਈ ਹਿਸਾਬ।

ਨਾ ਕੋਈ ਝਗੜਾ ਕੀਤਾ, ਨਾ ਕੋਈ ਬਦਲਾ ਲਿਆ।

ਸਿਰਫ਼ ਇੱਕ ਰਿਸ਼ਤਾ ਸੀ ਜੋ ਧੋਖੇ ਦੀ ਨੀਂਹ ਉੱਤੇ ਖੜ੍ਹਾ ਸੀ।

ਅਤੇ ਅਸੀਂ ਉਸਨੂੰ ਆਪਣੇ ਦਿਲਾਂ ਵਿੱਚੋਂ ਵੀ ਉਸੇ ਤਰ੍ਹਾਂ ਢਾਹ ਦਿੱਤਾ।

ਉਸ ਦਿਨ ਮੈਨੂੰ ਅਹਿਸਾਸ ਹੋਇਆ ਕਿ ਜ਼ਿੰਦਗੀ ਵਿੱਚ ਸਭ ਤੋਂ ਵੱਡਾ ਦਰਦ ਦੁਸ਼ਮਣ ਤੋਂ ਮਿਲਿਆ ਜ਼ਖ਼ਮ ਨਹੀਂ ਹੁੰਦਾ।

ਸਭ ਤੋਂ ਡੂੰਘਾ ਜ਼ਖ਼ਮ ਉਹ ਲੋਕ ਦਿੰਦੇ ਹਨ—

ਜਿਨ੍ਹਾਂ ਨੂੰ ਅਸੀਂ ਆਪਣਾ ਸਮਝ ਬੈਠੇ ਹੁੰਦੇ ਹਾਂ।

**ਰਵਿੰਦਰ ਲਾਲਪੁਰੀ**




# ਸੰਸਕਾਰ

ਰਾਤ ਦੀ ਰੋਟੀ ਬਣਾਉਂਦਿਆਂ ਮਨਪ੍ਰੀਤ ਕੁੱਝ ਘਬਰਾਹਟ ਜਿਹੀ ਮਹਿਸੂਸ ਕਰ ਰਹੀ ਸੀ। ਫਿਰ ਵੀ ਸਾਰੀ ਰੋਟੀ ਬਣਾ ਕੇ ਸਭ ਨੂੰ ਖੁਆ ਕੇ ਹੀ ਵਿਚਾਰੀ ਨੂੰ ਵਿਹਲ ਮਿਲੀ। ਇੱਕ ਤਾਂ ਪਿਛਲੀ ਰਾਤ ਉਸਦੇ ਛੇ ਕੁ ਮਹੀਨਿਆਂ ਦੇ ਮੁੰਡੇ ਨੇ ਉਸਨੂੰ ਸੌਣ ਨਹੀਂ ਦਿੱਤਾ ਉਹ ਬਿਮਾਰ ਸੀ ਦੂਜਾ ਅੱਜ ਘਰ ਨਨਾਣ ਮਿਲਣ ਆਈ ਸੀ ਤਾਂ ਸਾਰਾ ਦਿਨ ਉਸਦੀ ਆਓ ਭਗਤ ਵਿੱਚ ਲੰਘ ਗਿਆ। ਡਿੱਗਦੀ ਢਹਿੰਦੀ ਨੇ ਸੱਸ-ਸਹੁਰੇ ਤੇ ਦਾਦੀ ਸੱਸ ਨੂੰ ਰੋਟੀ ਖੁਆ ਦਿੱਤੀ ਪਰ ਆਪ ਖਾਣ ਦੀ ਹਿੰਮਤ ਨਹੀਂ ਪਈ। ਸਿਰ ਦਰਦ ਨਾਲ ਫਟ ਰਿਹਾ ਸੀ। ਉਹ ਦਵਾਈ ਲੈਕੇ ਆਪਣੇ ਕਮਰੇ ਵਿੱਚ ਚਲੀ ਗਈ ਸੋਚਿਆ ਬਿੰਦ ਝੱਟ ਆਰਾਮ ਕਰਕੇ ਬਾਕੀ ਦਾ ਕੰਮ ਨਿਬੇੜ ਲਵਾਂਗੀ। ਉਹਦਾ ਮੁੰਡਾ ਵੀ ਸੁੱਤਾ ਪਿਆ ਸੀ। ਪਤੀ ਦੇਵ ਤਾਂ ਹਾਲੇ ਦੇਰ ਰਾਤ ਘਰ ਵਾਪਿਸ ਪਰਤੇਗਾ। ਉਹਦੀ ਪਈ ਦੀ ਅੱਖ ਲੱਗ ਗਈ ਟਾਇਮ ਦਾ ਪਤਾ ਨਹੀਂ ਲੱਗਿਆ। ਘੰਟੇ ਕੁ ਬਾਅਦ ਉਹਦੀ ਸੱਸ ਆ ਗਈ।

"ਕੁੜੇ ਕਿਵੇਂ ਲੰਬੀਆਂ ਤਾਣ ਸੁੱਤੀ ਪਈ ਏਂ....ਰਸੋਈ 'ਚ ਗੰਦੇ ਭਾਂਡਿਆਂ ਦਾ ਪਿਆ ਮਾਂਜਣ ਆਲਾ....ਮਗਰ ਤੇਰੇ ਪਿਓ ਦਾ ਕੋਈ ਨੌਕਰ ਰੱਖਿਆ....ਕੌਣ ਮਾਂਜੂ?...ਬੀਬੀ ਦੁੱਧ ਉਡੀਕਦੀ ਬੈਠੀ, ਇੱਥੇ ਮਹਾਂਰਾਣੀ ਨੂੰ ਨੀਂਦ ਚੜ੍ਹੀ ਪਈ....ਮੈਨੂੰ ਦੱਸ ਤਾਂ ਦਿੰਦੀ ਸੀ ਲੱਗੀ ਏ...ਮੈਂ ਹੀ ਘੁੱਟ ਦੁੱਧ ਤੱਤਾ ਕਰ ਲੈਂਦੀ...." ਉਹਦੀ ਕੋਈ ਗੱਲ ਸੁਣੇ ਬਗੈਰ ਉਹ ਕਿੰਨਾ ਚਿਰ ਆਂਗ ਉਗਲਦੀ ਰਹੀ।

"ਮੰਮੀ ਮੇਰਾ ਸਿਰ ਦੁਖਦਾ ਸੀ ਦਵਾਈ ਲਈ ਸੀ....ਪਤਾ ਨਹੀਂ ਕਦੋਂ ਨੀਂਦ ਆ ਗਈ...ਮੈਂ ਵੀ ਇਨਸਾਨ ਹਾਂ ਕੋਈ ਮਸ਼ੀਨ ਤਾਂ ਨਹੀਂ ...ਮੈਂ ਰਾਤ ਵੀ ਨਹੀਂ ਸੁੱਤੀ ਦਿਨੇ ਵੀ ਬੈਠਣਾ ਤੱਕ ਨਸੀਬ ਨਹੀਂ ਹੋਇਆ....ਫਿਰ ਕੀ ਹੋ....."ਮਨਪ੍ਰੀਤ ਦੀ ਗੱਲ ਹਾਲੇ ਵਿੱਚੇ ਹੀ ਸੀ ਕਿ ਉਹ ਭੜਕ ਪਈ...."ਵੇ ਮੈਂ ਕਦ ਕਿਹਾ ਤੂੰ ਪਸ਼ੂ ਏਂ...?....ਰਾਤੀਂ ਕੀ ਕਰਦਾ ਕੱਤਦੀ ਸੀ ਤੇ ਦਿਨੇ ਕਿਹੜੇ ਗੱਡੇ ਮੂਹਰੇ ਜੁਤੀ ਰਹੀ....ਦੋ ਟੈਮ ਦਾ ਲੰਗਰ ਹੀ ਲਾਹਿਆ ਹੋਰ ਕੀ ਕੀਤਾ ....ਸਭ ਕਰਦੀਆਂ ਤੂੰ ਕੁੱਝ ਵੱਖਰਾ ਕੀਤਾ?....ਕਿਵੇਂ ਮੂਹਰਿਓਂ ਜ਼ਬਾਨ ਲੜਾਉਂਦੀ ਏ....ਆਹੀ ਸਿਖਾਇਆ ਤੇਰੀ ਮਾਂ ਨੇ?...ਆਹੀ ਸੰਸਕਾਰ ਦੇਕੇ ਤੋਰਿਆ ਬੀ ਆਪਣੀ ਸੱਸ ਦੇ ਸਿਰ ਚੜ੍ਹਕੇ ਬੋਲੀਂ?"

ਉਹ ਕੁੱਝ ਕਹਿਣ ਹੀ ਲੱਗੀ ਸੀ ਕਿ ਬਾਹਰ ਜ਼ੋਰ ਦੀ ਖੜਕ ਦੀ ਆਵਾਜ਼ ਆਈ ਤੇ ਉਹ ਦੋਵੇਂ ਭੱਜ ਕੇ ਬਾਹਰ ਆ ਗਈਆਂ। ਬਾਹਰ ਆ ਕੇ ਦੇਖਿਆ ਕਿ ਜਗਰਾਜ ਮਨਪ੍ਰੀਤ ਦਾ ਪਤੀ ਸ਼ਰਾਬ ਦਾ ਰੱਜਿਆ ਬੀਬੀ ਦੇ ਮੰਜੇ 'ਚ ਵੱਜ ਕੇ ਡਿੱਗ ਪਿਆ ਸੀ ਤੇ ਹੁਣ ਛੁੱਲਾਂ ਦੀ ਵਰਖਾ ਕਰ ਰਿਹਾ ਸੀ...." ਥੋੜੀ ਮਾਂ ...ਥੋੜੀ ਭੈਣ...ਉਹ ਆਹ ਬੁੜ੍ਹੀ ਦਾ ਮੰਜਾ ਹੈ ਹੋਰ ਕਿਤੇ ਡਾਹ ਦਿਆ ਕਰੇ ਵਿਚਾਲੇ ਰਸ ਕੇ ਪੈ ਜਾਂਦੀ ਏ...ਉਹ ਭੈਣ......ਮੇਰੀ ਲੱਤ ਟੁੱਟ ਜਾਣੀ ਸੀ।"

ਉਹਦੀ ਸੱਸ ਭੱਜ ਕੇ ਗਈ...."ਵੇ ਪੁੱਤ ਨਾ ਵੇ ਨਾ ...ਲੱਤ ਕਾਹਨੂੰ ਟੁੱਟੇ ਮੇਰੇ ਪੁੱਤ ਦੀ.....ਤੂੰ ਬੇਬੀ ਪੀ ਲਿਆ ਕਰ ...ਨਾਲੇ ਇੰਨਾ ਕੁਵੇਲਾ ਕਿਉਂ ਕਰਦਾ ਟਾਇਮ ਨਾਲ ਘਰੇ ਆ ਜਿਆ ਕਰ"ਉਹ ਉਹਦੀ ਬਾਂਹ ਫੜ ਕੇ ਮਲਣ ਲੱਗ ਪਈ।

"ਉਏ ਭੈਣ...ਮੈਂ ਥੋੜਾ ਗੁਲਾਮ ਆ...? ਜਦੋਂ ਮਰਜ਼ੀ ਆਵਾਂ...ਸਾਲੇ ਹੋਏ..." ਜਗਰਾਜ ਆਪਣੀ ਮਾਂ ਦੇ ਗਲ ਪੈ ਗਿਆ।

"ਉਹ ਤੂੰ ਟਿਕਜੇ ਕਿ ਟਿਕਾਵਾਂ ਮੈਂ ?ਕਿਵੇਂ ਅੱਧੀ ਰਾਤ ਨੂੰ ਖੌਰੂ ਪਾਇਆ" ਜਗਰਾਜ ਦਾ ਪਿਉ ਅੰਦਰੋਂ ਉੱਠਕੇ ਆ ਗਿਆ।

"ਮੈਂ ਨਹੀਂ ਟਿਕਦਾ ਤੂੰ ਕਰਲਾ ਕੀ ਕਰਨਾ..."

ਜਗਰਾਜ ਆਪਣੇ ਪਿਓ ਮੂਹਰੇ ਤਣ ਕੇ ਖੜ ਗਿਆ। ਉਹਦਾ ਪਿਓ ਉਹਦੇ ਵੱਲ ਨੂੰ ਹੋਣ ਹੀ ਲੱਗਿਆ ਸੀ ਕਿ ਉਹਦੀ ਮਾਂ ਵਿਚਾਲੇ ਆ ਗਈ।"

ਹੁਣ ਤੁਸੀਂ ਰਹਿਣ ਦੋ ਇਹ ਤਾਂ ਰੱਜਿਆ ਹੋਇਆ ਤੁਸੀਂ ਅੰਦਰ ਚੱਲੋ..."ਉਹ ਉਸਨੂੰ ਬੁੜ ਬੁੜ ਕਰਦੇ ਨੂੰ ਅੰਦਰ ਖਿੱਚ ਕੇ ਲੈ ਗਈ। ਫਿਰ ਉਹ ਮਨਪ੍ਰੀਤ ਨੂੰ ਕਹਿਣ ਲੱਗੀ "ਕੁੜੇ ਰੋਟੀ ਖਵਾਦੀਂ ਮੁੰਡੇ ਨੂੰ " ਮਨਪ੍ਰੀਤ ਉਹਨੂੰ ਡਿੱਗਦੇ ਢਹਿੰਦੇ ਨੂੰ ਅੰਦਰ ਲੈ ਗਈ ਤੇ ਰੋਟੀ ਪਾਉਣ ਲੱਗ ਪਈ। ਉਹਦਾ ਮੁੰਡਾ ਵੀ ਉੱਠਕੇ ਰੋਣ ਲੱਗ ਪਿਆ ਉਹਨੂੰ ਉਵੇਂ ਮੰਜੇ ਲਵਾ ਉਹਨੇ ਰੋਟੀ ਪਰੋਸੀ। ਜਗਰਾਜ ਨਾਲੇ ਰੋਟੀ ਖਾਈ ਗਿਆ ਨਾਲੇ ਗਾਲਾਂ ਕੱਢੀ ਗਿਆ। ਉਹਦਾ ਜੀਅ ਕੀਤਾ ਕਿ ਆਪਣੀ ਸੱਸ ਨੂੰ ਜਾਕੇ ਪੁੱਛੇ ਕਿ ਉਹਨੂੰ ਤਾਂ ਉਹਦੀ ਮਾਂ ਨੇ ਘਟੀਆ ਸੰਸਕਾਰ ਦਿੱਤੇ ਪਰ ਉਹਦੇ ਪੁੱਤ ਨੂੰ ਇੰਨੇ ਚੰਗੇ ਸੰਸਕਾਰ ਕਿਸਨੇ ਦਿੱਤੇ?

...ਪਰ ਉਹ ਅਜਿਹਾ ਕਰ ਨਹੀਂ ਸਕੀ ਸ਼ਾਇਦ ਉਹਦੀ ਮਾਂ ਦੇ ਦਿੱਤੇ ਘਟੀਆ ਸੰਸਕਾਰਾਂ ਨੇ ਉਸਨੂੰ ਚੁੱਪ ਕਰਵਾ ਦਿੱਤਾ...।

**ਦੀਪ ਕਮਲ**









ਪੰਜਾਬ ਸਟਾਰ
www.punjabstar.com

# ਜੀਜਾ ਜੁੜ ਜਾ ਮੰਜੀ ਦੇ ਨਾਲ...

ਵਿਆਹ ਮੁੰਡੇ ਦਾ ਹੋਵੇ ਜਾਂ ਕੁੜੀ ਦਾ, ਪਰ ਵਿਆਹ ਵਿੱਚ ਪਰਿਵਾਰ, ਸ਼ਰੀਕਾ ਕਬੀਲਾ, ਰਿਸ਼ਤੇਦਾਰ ਅਤੇ ਦੋਸਤ ਮਿੱਤਰ ਸਭ ਰੁੱਝ ਜਾਂਦੇ ਹਨ। ਇਹ ਸਬੰਧ ਅਜਿਹੇ ਹੁੰਦੇ ਹਨ ਜਿਨ੍ਹਾਂ ਤੋਂ ਬਿਨਾਂ ਵਿਆਹ ਵਰਗਾ ਕਾਰਜ ਸਫਲ ਨਹੀਂ ਮੰਨਿਆ ਜਾਂਦਾ। ਕੰਮ ਕਰਨ ਵਾਲਿਆਂ ਦੀ ਕਮੀ ਨਹੀਂ ਹੁੰਦੀ, ਪਰ ਇਨ੍ਹਾਂ ਸਬੰਧੀਆਂ ਨੂੰ ਕੰਮਾਂ ਦੀ ਜ਼ਿੰਮੇਵਾਰੀ ਸੌਂਪਣਾ ਇਸ ਗੱਲ ਦਾ ਪ੍ਰਤੀਕ ਹੈ ਕਿ ਉਹ ਵਿਆਹ ਵਿੱਚ ਹਿੱਸਾ ਲੈਣ ਵਾਲੇ ਵਿਸ਼ੇਸ਼ ਵਿਅਕਤੀ ਹਨ। ਇਸ ਲਈ ਸਾਰੇ ਰਲ਼ ਮਿਲ਼ ਕੇ ਕੰਮ ਕਰਦੇ ਹਨ। ਸ਼ਰੀਕੇ ਕਬੀਲੇ ਨੂੰ ਵੱਖਰਾ ਚਾਅ ਚੜ੍ਹਿਆ ਹੋਇਆ ਹੁੰਦਾ ਹੈ। ਆਂਢੀਆਂ ਗੁਆਂਢੀਆਂ ਨੂੰ ਵੱਖਰਾ ਚਾਅ। ਰਿਸ਼ਤੇਦਾਰਾਂ ਦੀ ਆਪਣੀ ਅੱਡ ਖ਼ੁਸ਼ੀ।

ਕੋਈ ਨਵੇਂ ਕੱਪੜੇ ਲਿਆਉਂਦਾ ਹੈ ਅਤੇ ਕੋਈ ਨਵੀਆਂ ਜੁੱਤੀਆਂ। ਲਾੜੇ ਅਤੇ ਲਾੜੀ ਦੀ ਦੋਵੇਂ ਪਾਸਿਓਂ ਚਾਂਦੀ। ਦੋਵਾਂ ਨੂੰ ਘਰਦਿਆਂ ਤੋਂ ਵੀ ਕੱਪੜੇ, ਜੁੱਤੇ ਅਤੇ ਗਹਿਣੇ ਅਤੇ ਸਹੁਰਿਆਂ ਵੱਲੋਂ ਵੀ। ਦੋਵਾਂ ਦੇ ਨਾਨਕਿਆਂ ਵੱਲੋਂ ਵੀ ਇਹ ਸਮਾਨ ਅਤੇ ਭੂਆ ਵੱਲੋਂ ਵੀ। ਬਾਕੀ ਰਿਸ਼ਤੇਦਾਰ ਵੀ ਕੱਪੜਾ ਲੀੜਾ ਲਿਆਉਂਦੇ ਹਨ। ਇਨ੍ਹਾਂ ਸਾਰਿਆਂ ਦਾ ਆਪਣਾ ਆਪਣਾ ਹੱਕ ਲੈਣ ਅਤੇ ਦੇਣ ਦਾ ਹੁੰਦਾ ਹੈ। ਜ਼ਿਆਦਾ ਦੂਰ ਦੇ ਰਿਸ਼ਤੇਦਾਰ ਪੈਸੇ ਵੀ ਦਿੰਦੇ ਹਨ। ਇਸ ਸਭ ਕੁਝ ਨੂੰ ਦਿਖਾਉਣ ਲਈ ਵਿਹੜੇ ਵਿੱਚ ਮੰਜਾ ਡਾਹ ਕੇ ਵਿਖਾਲਾ ਪਾਇਆ ਜਾਂਦਾ ਹੈ। ਇਸ ਨੂੰ ਦਿਖਾਉਣ ਲਈ ਘਰ ਵਿੱਚ ਕੰਮ ਕਰਦੇ ਲਾਗੀ ਨੂੰ ਸਭ ਘਰਾਂ ਵਿੱਚ ਸੱਦਾ ਦੇਣ ਲਈ ਭੇਜਿਆ ਜਾਂਦਾ ਹੈ। ਨਾਨਕਿਆਂ ਦਾ ਤਾਂ ਵਿਆਹ ਹੀ ਅੱਧਾ ਮੰਨਿਆ ਜਾਂਦਾ ਹੈ। ਆਪਣੇ ਆਪਣੇ ਕੱਪੜੇ ਤੇ ਗਹਿਣੇ ਦਿਖਾਉਣ ਲਈ ਜ਼ਿੰਮੇਵਾਰ ਔਰਤਾਂ ਥਾਲੀ ਵਿੱਚ ਗਹਿਣੇ ਲੈ ਕੇ ਬੈਠਦੀਆਂ ਹਨ ਅਤੇ ਵਿਖਾਲੇ ਬਾਰੇ ਜਾਣਕਾਰੀ ਦਿੰਦੀਆਂ ਹਨ। ਦਿੱਤੇ ਜਾਣ ਵਾਲੇ ਸੂਟਾਂ ਨੂੰ ਮੋਮੀ ਕਾਗਜ਼ ਦੇ ਲਿਫ਼ਾਫ਼ਿਆਂ ਵਿੱਚ ਪਾਇਆ ਜਾਂਦਾ ਹੈ ਅਤੇ ਇਨ੍ਹਾਂ ਸੂਟਾਂ ਵਿੱਚ ਪਰਚੀਆਂ ਲਿਖ ਕੇ ਪਾਈਆਂ ਹੁੰਦੀਆਂ ਹਨ ਜਿਵੇਂ ਮਾਂ ਦਾ ਸੂਟ, ਭੈਣ ਦਾ ਸੂਟ, ਭੂਆ ਅਤੇ ਦਾਦੀ-ਮਾਸੀ ਅਤੇ ਹੋਰਾਂ ਦੇ ਸੂਟਾਂ ਤੋਂ ਬਿਨਾਂ ਲਾਗੀਆ ਦੇ ਸੂਟ। ਲਾੜੇ ਅਤੇ ਲਾੜੀ ਦੇ ਲਈ ਸੂਟ, ਗਹਿਣੇ ਅਤੇ ਜੁੱਤੀਆਂ ਆਦਿ ਵੀ। ਇਸ ਤਰ੍ਹਾਂ ਇਹ ਰਿਵਾਜ ਆਪਸੀ ਰਿਸ਼ਤਿਆਂ ਵੱਲ ਸੰਕੇਤ ਕਰਦੇ ਹਨ। ਇਨ੍ਹਾਂ ਰਿਸ਼ਤਿਆਂ ਨੂੰ ਨਿਭਾਉਣਾ ਸਭ ਆਪਣੀ ਜ਼ਿੰਮੇਵਾਰੀ ਸਮਝਦੇ ਹਨ।

ਇਨ੍ਹਾਂ ਦੇ ਨਾਲ ਹੀ ਗੀਤਾਂ ਅਤੇ ਸਿੱਠਣੀਆਂ ਦੇ ਨਾਲ ਨਾਲ ਇੱਕ ਦੂਜੇ ਨੂੰ ਮਖੌਲ ਕਰਨ ਅਤੇ ਹੱਸਣ ਖੇਡਣ ਦਾ ਸਿਲਸਿਲਾ ਇਸ ਲਈ ਸ਼ੁਰੂ ਕੀਤਾ ਜਾਂਦਾ ਹੈ ਕਿ ਸਾਰੇ ਪਾਸੇ ਖ਼ੁਸ਼ੀਆਂ ਹੀ ਖ਼ੁਸ਼ੀਆਂ ਨਜ਼ਰ ਆਉਣ। ਸਿੱਠਣੀਆਂ ਵਿੱਚ ਨਾਨਕੀਆਂ, ਦਾਦਕੀਆਂ, ਵਿਚੋਲਾ, ਲਾਗੀ, ਜਾਨੀ, ਮੁੰਡੇ ਦਾ ਪਿਓ, ਮੁੰਡੇ ਦੀ ਮਾਂ, ਭੈਣ, ਭੂਆ, ਮੁੰਡੇ ਦੀਆਂ ਸਾਲੀਆਂ ਅਤੇ ਘਰ ਦੇ ਵੱਡੇ ਪ੍ਰਾਹੁਣਿਆਂ ਉੱਤੇ ਸਭਨਾਂ 'ਤੇ ਬਾਣ ਚਲਾਏ ਜਾਂਦੇ ਹਨ ਅਤੇ ਉਨ੍ਹਾਂ ਨੂੰ ਵਿੰਨ੍ਹਿਆ ਜਾਂਦਾ ਹੈ। ਸਭ ਤੋਂ ਵੱਧ ਮਹੱਤਵਪੂਰਨ ਸ਼ਖ਼ਸੀਅਤ ਲਾੜਾ ਹੈ ਜਿਸ ਨੂੰ ਉਸ ਦੀਆਂ ਸਾਲੀਆਂ ਵੱਲੋਂ



ਸਿੱਠਣੀਆਂ ਦਿੱਤੀਆਂ ਜਾਂਦੀਆਂ ਹਨ। ਭਾਵੇਂ ਕੁੜੀ ਦੇ ਵਿਆਹ ਵਿੱਚ ਵੈਰਾਗਮਈ ਗੀਤ ਗਾਏ ਜਾਂਦੇ ਹਨ, ਪਰ ਇਸ ਦੇ ਨਾਲ ਨਾਲ ਲਾੜੇ ਨੂੰ ਸੁੱਕਾ ਨਹੀਂ ਛੱਡਦੀਆਂ।

ਸਾਡੇ ਸੱਭਿਆਚਾਰ ਮੁਤਾਬਿਕ ਬਰਾਤ ਚੜ੍ਹਨ ਤੋਂ ਪਹਿਲਾਂ ਲਾੜਾ ਜੰਡੀ ਵੱਢਦਾ ਹੈ ਤਾਂ ਉਸ ਸਮੇਂ ਭਰਜਾਈ ਹੀ ਸਿੱਠਣੀ ਨਾਲ ਉਸ ਦਾ ਸਵਾਗਤ ਕਰਦੀ ਹੈ ਭਾਵ ਉਸ ਨੂੰ ਵਿਅੰਗ ਕਸਦੀ ਹੈ;

ਜੰਡੀ ਦੇ ਚੁਫ਼ੇਰੇ ਲਾੜਾ ਘੁੰਮਿਆ
ਤੇਰੇ ਗਲ਼ ਵਿੱਚ ਪੈ ਗਈ ਬੇੜ
ਵੇ ਅਕਲ ਦਿਆ ਸੁੰਨਿਆ।

ਇਹ ਸਿੱਠਣੀ ਉਦੋਂ ਦਿੱਤੀ ਜਾਂਦੀ ਹੈ ਜਦੋਂ ਲਾੜਾ ਸੱਤ ਵਾਰ ਜੰਡੀ ਦੁਆਲੇ ਚੱਕਰ ਕੱਟਦਾ ਹੈ ਅਤੇ ਸੱਤ ਵਾਰ ਹੀ ਜੰਡੀ 'ਤੇ ਸਫਾਜੰਗ (ਤਲਵਾਰ) ਨਾਲ ਟੱਕ ਲਾਉਂਦਾ ਹੈ। ਜਦੋਂ ਲਾੜਾ ਬਰਾਤ ਨਾਲ ਢੁੱਕਦਾ ਹੈ ਤਾਂ ਹਿੰਦੂ ਰੀਤੀ ਰਿਵਾਜਾਂ ਅਨੁਸਾਰ ਫੇਰਿਆਂ ਦੀ ਰਸਮ ਬੇਦੀ (ਕੇਲਿਆਂ ਦੇ ਦਰਖੱਤ ਨੂੰ ਵੱਢ ਕੇ ਉਸ ਨੂੰ ਚਾਰੇ ਪਾਸੇ ਲਾਉਣਾ) ਦੇ ਵਿਚਕਾਰ ਹੁੰਦੀ ਹੈ। ਇਸ ਰਸਮ ਨੂੰ ਨਿਭਾਉਣ ਸਮੇਂ ਲਾੜੇ ਅਤੇ ਲਾੜੀ ਦੋਵਾਂ ਨੂੰ ਹੀ ਨੀਵੇਂ ਹੋ ਕੇ ਤੁਰਨਾ ਪੈਂਦਾ ਹੈ। ਫੇਰਿਆਂ ਦੇ ਸਮੇਂ ਵੀ ਲਾੜੇ ਨੂੰ ਸਿੱਠਣੀਆਂ ਦੇਣ ਦਾ ਕੰਮ ਸ਼ੁਰੂ ਹੋ ਜਾਂਦਾ ਹੈ;

ਬੇਦੀ ਲੰਮੀ ਐ ਬਥੇਰੀ ਵੇ
ਕੋਢਾ ਕੋਢਾ ਕਿਉਂ ਵੇ ਫਿਰੇਂ?
ਘਰ ਭੈਣ ਵਛੇਰੀ ਵੇ
ਕੋਢਾ ਕੋਢਾ ਕਿਉਂ ਵੇ ਫਿਰੇਂ।
ਬੇਦੀ ਲੰਮੀ ਐ ਬਥੇਰੀ ਵੇ
ਕੋਢਾ ਕੋਢਾ ਕਿਉਂ ਵੇ ਫਿਰੇਂ?
ਘਰ ਬੇਬੇ ਵਛੇਰੀ ਵੇ
ਕੋਢਾ ਕੋਢਾ ਕਿਉਂ ਵੇ ਫਿਰੇਂ?

ਇਸ ਤਰ੍ਹਾਂ ਲਾੜੇ ਦੀ ਭੈਣ, ਮਾਂ ਅਤੇ ਭੂਆ ਨਾਲ ਜੋੜ ਕੇ ਅਜਿਹੀਆਂ ਸਿੱਠਣੀਆਂ ਦਿੱਤੀਆਂ ਜਾਂਦੀਆਂ ਹਨ। ਸਿੱਠਣੀਆਂ ਦੇਣ ਵੇਲੇ ਸ਼ਬਦਾਂ ਦੀ ਚੋਣ ਬੜੇ ਹੀ ਸੁਚੱਜੇ ਢੰਗ ਨਾਲ ਕੀਤੀ ਜਾਂਦੀ ਹੈ। ਸ਼ਬਦਾਂ ਦਾ ਆਪਸੀ ਮੇਲ ਬਣਾ ਕੇ ਹੀ ਸਿੱਠਣੀ ਜੋੜੀ ਜਾਂਦੀ ਹੈ। ਮਾਂ, ਭੈਣ ਅਤੇ ਭੂਆ ਨਾਲ ਸਬੰਧ ਜੋੜ ਕੇ ਗੀਤ ਗਾਉਣ ਦਾ ਮੁੱਖ ਮੰਤਵ ਉਨ੍ਹਾਂ ਨੂੰ ਕੱਚਾ ਕਰਨਾ ਜਾਂ ਬੇਸ਼ਰਮ ਕਰਨਾ ਹੁੰਦਾ ਹੈ। ਲਾੜੇ ਦੇ ਇਨ੍ਹਾਂ ਪ੍ਰਮੁੱਖ ਰਿਸ਼ਤਿਆਂ ਨੂੰ ਜਾਣ ਬੁੱਝ ਕੇ ਉਲਟੀਆਂ ਗੱਲਾਂ ਕਹਿ ਕੇ ਉਨ੍ਹਾਂ ਨੂੰ ਖਿਝਾਉਣਾ ਹੈ;

ਲਾੜੇ ਦੀ ਭੈਣ ਕਿੱਲਾ ਪੁਟਾ ਗਈ
ਸੰਗਲ ਤੁੜਾ ਗਈ
ਕੱਟੇ ਨੇ ਮਾਰੀ ਵਗ੍ਹਾ ਕੇ
ਨੀਂ ਮੇਰੀ ਡੀਓ ਡੀਓ।
ਸੁਣ ਵੇ ਭਾਈ ਕੱਟੇ ਵਾਲਿਆ
ਕੱਟੇ ਨੂੰ ਰੱਖ ਸਮਝਾ ਕੇ
ਵੇ ਮੇਰੀ ਡੀਓ ਡੀਓ।

ਮੇਲਣਾਂ ਕੋਲ ਸ਼ਬਦਾਂ ਦੀ ਕਮੀ ਨਹੀਂ। ਉਨ੍ਹਾਂ ਕੋਲ ਤਾਂ ਸ਼ਬਦਾਂ ਦਾ ਭੰਡਾਰ ਹੈ। ਉਨ੍ਹਾਂ ਨੂੰ ਤੁਕਬੰਦੀ ਦੇ ਨਾਲ ਨਾਲ ਸੁਰ ਤੇ ਲੈਅ ਦਾ ਵੀ ਗਿਆਨ ਹੈ। ਉਨ੍ਹਾਂ ਦੇ ਇਹ ਗੀਤ ਹਾਸੇ ਠੱਠੇ ਦੇ ਨਾਲ ਨਾਲ ਕੰਨਾਂ ਵਿੱਚ ਰਸ ਵੀ ਘੋਲਦੇ ਹਨ। ਸੁਣਨ ਵਾਲਿਆਂ ਦੇ ਦਿਲਾਂ ਨੂੰ ਛੂੰਹਦੇ ਹਨ। ਵਿਆਹ ਵਿੱਚ ਲਾਵਾਂ ਮਹੱਤਵਪੂਰਨ ਰੀਤ ਹੈ। ਫੇਰਿਆਂ ਵੇਲੇ ਲਾੜੇ ਅਤੇ ਲਾੜੀ ਦੋਵਾਂ ਦਾ ਆਪਸ ਵਿੱਚ ਸਿਰ ਜੋੜਿਆ ਜਾਂਦਾ ਰਿਹਾ ਹੈ। ਜੇਕਰ ਕੋਈ ਕਿਸੇ ਦੇ ਰਿਸ਼ਤੇ ਨੂੰ ਭਾਨੀ ਮਾਰਦਾ ਹੋਵੇ ਤਾਂ ਉਸ ਦੀ ਨਿੰਦਾ ਇਹ ਕਹਿ ਕੇ ਕੀਤੀ ਜਾਂਦੀ ਹੈ ਕਿ 'ਦੋ ਸਿਰ ਜੁੜਦਿਆਂ ਨੂੰ, ਚੰਦਰਾ ਭਾਨੀ ਮਾਰੇ।'

ਇਸ ਲਈ ਅਜਿਹੇ ਮੌਕੇ ਜਦੋਂ ਦੋਵਾਂ ਦੇ ਸਿਰ ਨਾਲ ਸਿਰ ਜੋੜਨ ਦਾ ਵੇਲਾ ਆਉਂਦਾ ਹੈ ਤਾਂ ਸਾਲੀਆਂ ਨਾ ਤਾਂ ਆਪ ਨਿਚਲੀਆਂ ਬੈਠਦੀਆਂ ਹਨ ਅਤੇ ਨਾ ਹੀ ਉਨ੍ਹਾਂ ਦੀ ਜ਼ੁਬਾਨ। ਉਹ ਮੌਕਾ ਤਾੜ ਕੇ ਇੰਜ ਸਿੱਠਣੀ ਦਿੰਦੀਆਂ ਹਨ;

ਸਾਡੀ ਬੀਬੀ ਦੇ ਸਿਰ ਨਾਲ ਸਿਰ ਨਾ ਜੋੜਿਓ ਜੀ
ਏਸ ਲਾੜੇ ਦੇ ਜੂੰਆਂ।

ਉੱਖਲੀ ਇੱਕ ਅਜਿਹਾ ਸਾਧਨ ਹੈ ਜਿਸ ਵਿੱਚ ਬਾਜਰੇ ਦੀ ਖਿਚੜੀ ਕੁੱਟੀ ਜਾਂਦੀ ਹੈ, ਦੁਧਾਰੂ ਪਸ਼ੂਆਂ ਲਈ ਛੋਲਿਆਂ ਦੀਆਂ ਬੱਕਲੀਆਂ ਕੁੱਟੀਆਂ ਜਾਂਦੀਆਂ ਹਨ। ਜੌਆਂ ਦੀ ਘਾਠ ਕੁੱਟੀ ਜਾਂਦੀ ਹੈ। ਪਹਿਲੇ ਸਮਿਆਂ ਵਿੱਚ ਮੈਦਾ ਬਣਾਉਣ ਲਈ ਵੀ ਕਣਕ ਨੂੰ ਪਾਣੀ ਪਾ ਕੇ ਉਸ ਨੂੰ ਚੰਗੀ ਤਰ੍ਹਾਂ ਕੁੱਟ ਕੇ ਉਸ ਦਾ ਛਿਲਕਾ ਉਤਾਰ ਕੇ ਮੈਦਾ ਵੀ ਬਣਾਇਆ ਜਾਂਦਾ ਸੀ। ਛੋਲੇ ਉਬਾਲ ਕੇ ਉਨ੍ਹਾਂ ਦੀਆਂ ਬੱਕਲੀਆਂ ਨੂੰ ਤੂੜੀ ਵਿੱਚ ਮਿਲਾ ਕੇ ਕੁੱਟਿਆ ਜਾਂਦਾ ਸੀ। ਘਰੇਲੂ ਵਰਤੋਂ ਵਿੱਚ ਆਉਣ ਵਾਲੀਆਂ ਇਨ੍ਹਾਂ ਚੀਜ਼ਾਂ ਤੋਂ ਔਰਤਾਂ ਵਾਕਿਫ਼ ਹੁੰਦੀਆਂ ਸਨ। ਇਸ ਲਈ ਇਨ੍ਹਾਂ ਵਸਤਾਂ ਦੇ ਨਾਵਾਂ ਅਤੇ ਵਰਤੋਂ ਬਾਰੇ ਜਾਣਕਾਰੀ ਹੋਣ ਕਾਰਨ ਇਨ੍ਹਾਂ ਨੇ ਇਨ੍ਹਾਂ ਲੋਕ ਗੀਤਾਂ ਵਿੱਚ ਇਨ੍ਹਾਂ ਦੀ ਭਰਪੂਰ ਵਰਤੋਂ ਕੀਤੀ ਹੈ। ਲਾੜੇ ਨੂੰ ਸਿੱਠਣੀਆਂ ਦੇਣ ਵੇਲੇ ਉੱਖਲੀ ਦੇ ਭਾਗ ਵੀ ਖੁੱਲ੍ਹ ਗਏ;

ਟੁੱਟ ਗਈ ਉੱਖਲੀ, ਖ਼ਰਾਬ ਹੋ ਗਏ ਦਾਣੇ
ਉਹਦੇ ਰੋਂਦੇ ਨਿੱਕੇ ਨਿਆਣੇ
ਨੀਂ ਗ਼ਰੀਬ ਦਾ, ਗ਼ਰੀਬ ਦਾ ਬਚੜਾ
ਬਿਰਾ ਦਾਰੀਏ, ਨੀਂ ਗ਼ਰੀਬ ਦਾ।

ਇੱਥੇ ਹੀ ਬਸ ਨਹੀਂ। ਜੀਜੇ ਨੂੰ ਸਿੱਠਣ ਲਈ ਉਨ੍ਹਾਂ ਕੋਲ ਅਨੇਕਾਂ ਹੋਰ ਵੀ ਪ੍ਰਤੀਕ ਹਨ ਜਿਨ੍ਹਾਂ ਰਾਹੀਂ ਉਹ ਹੋਰ ਵੀ ਵਧੀਆ ਸ਼ਬਦਾਂ ਵਿੱਚ ਆਪਣੀ ਕਲਾ ਦੇ ਜੌਹਰ ਦਿਖਾਉਂਦੀਆਂ ਹਨ। ਉਹ ਆਪਣੇ ਅਤੇ ਦੂਜਿਆਂ ਦੇ ਮਨੋਰੰਜਨ ਦੇ ਨਾਲ ਨਾਲ ਜੀਜੇ ਦੀ ਸਹਿਣਸ਼ੀਲਤਾ ਵੀ ਪਕੇਰੀ ਕਰਦੀਆਂ ਹਨ। ਸਿੱਠਣੀਆਂ ਦੇਣ ਵਾਲੀਆਂ ਦਾ ਮੰਤਵ ਲਾੜੇ ਦੀ ਭੈਣ, ਮਾਂ ਅਤੇ ਭੂਆ ਨੂੰ ਗੀਤਾਂ ਰਾਹੀਂ ਭੰਡਣਾ ਹੀ ਹੈ। ਉਹ ਉਨ੍ਹਾਂ ਦਾ ਸਬੰਧ ਕਿਸੇ ਨਾਲ ਵੀ ਜੋੜ ਸਕਦੀਆਂ ਹਨ।

ਨਿੱਕੀਏ ਕੋਠੜੀਏ, ਤੈਂ ਵਿੱਚ ਮੇਰਾ ਆਟਾ
ਲਾੜੇ ਦੀ ਮਾਂ ਉੱਧਲ ਚੱਲੀ
ਲੈ ਕੇ ਧੌਲਾ ਝਾਟਾ।
ਨੀਂ ਨਿੱਕੀਏ ਕੋਠੜੀਏ ਤੈਂ ਵਿੱਚ ਮੇਰਾ ਆਟਾ।

ਲਾੜੇ ਦੇ ਨਜ਼ਦੀਕੀ ਸਬੰਧ ਮਾਂ, ਭੈਣ ਅਤੇ ਭੂਆ ਨਾਲ ਹੀ ਹੁੰਦੇ ਹਨ ਕਿਉਂਕਿ ਵਿਆਹ ਵਿੱਚ ਵੀ ਇਨ੍ਹਾਂ ਦੀ ਪ੍ਰਧਾਨਗੀ ਹੁੰਦਾ ਹੈ ਅਤੇ ਮੁੰਡੇ ਦੇ ਸਹੁਰਿਆਂ ਵੱਲੋਂ ਸਭ ਵੱਧ ਮਾਣ ਇਨ੍ਹਾਂ ਦਾ ਹੀ ਕੀਤਾ ਜਾਂਦਾ ਹੈ। ਸੋ ਸਿੱਠਣੀਆਂ ਦੇ ਗੱਫ਼ੇ ਵੀ ਇਨ੍ਹਾਂ ਨੂੰ ਹੀ ਮਿਲਦੇ ਹਨ। ਮੇਲਣਾਂ ਸਿੱਠਣੀਆਂ ਦੇਣ ਵਿੱਚ ਆਪਣੇ ਵੱਲੋਂ ਕੋਈ ਕਸਰ ਬਾਕੀ ਨਹੀਂ ਛੱਡਣੀ ਚਾਹੁੰਦੀਆਂ। ਇੱਕ ਤਾਂ ਉਹ ਆਪਣੀ ਕਲਾ ਦਾ ਪ੍ਰਦਰਸ਼ਨ ਕਰਦੀਆਂ ਹਨ ਅਤੇ ਦੂਜੇ ਪਾਸੇ ਉਹ ਆਪਣਾ ਮਨੋਰੰਜਨ ਕਰਦੀਆਂ ਹਨ।

ਸਿੱਠਣੀਆਂ ਦੇਣ ਵਾਲੀਆਂ ਹਾਜ਼ਰ ਜਵਾਬ ਹੁੰਦੀਆਂ ਹਨ। ਉਹ ਤੁਰੰਤ ਨਵਾਂ ਗੀਤ ਜੋੜਨ ਦੇ ਸਮਰੱਥ ਹੁੰਦੀਆਂ ਹਨ। ਜੋ ਚੀਜ਼ ਉਨ੍ਹਾਂ ਦੇ ਸਾਹਮਣੇ ਹੋਵੇ ਉਹ ਉਸ ਨੂੰ ਹੀ ਗੀਤਾਂ ਵਿੱਚ ਫਿੱਟ ਕਰ ਲੈਂਦੀਆਂ ਹਨ। ਘਰ ਵਿੱਚ ਮੰਜੇ ਆਰਾਮ ਕਰਨ ਦਾ ਸਾਧਨ ਹਨ, ਪਰ ਮੇਲਣਾਂ ਅਜਿਹੀਆਂ ਵਸਤਾਂ ਨੂੰ ਵੀ ਆਪਣੀ ਕਲਾ ਦਾ ਸ਼ਿੰਗਾਰ ਬਣਾ ਲੈਂਦੀਆਂ ਹਨ। ਉਦਾਹਰਣ ਦੇ ਤੌਰ 'ਤੇ ਦੇਖੋ;

ਜੀਜਾ ਜੁੜ ਜਾ ਮੰਜੀ ਦੇ ਨਾਲ
ਮੰਜੀ ਤੇਰੀ ਕੀ ਲੱਗਦੀ?
ਕਿਵੇਂ ਜੁੜ ਜਾ ਮੰਜੀ ਦੇ ਨਾਲ
ਮੰਜੀ ਮੇਰੀ ਮਾਂ ਲੱਗਦੀ।

ਲਾਵਾਂ ਹੋਣ ਤੋਂ ਬਾਅਦ ਲਾੜੇ ਨੂੰ ਅੰਦਰ ਲਿਆਂਦਾ ਜਾਂਦਾ ਹੈ। ਉਸ ਸਮੇਂ ਕੁਝ ਰੀਤਾਂ ਪੂਰੀਆਂ ਕੀਤੀਆਂ ਜਾਂਦੀਆਂ ਹਨ। ਅਜਿਹੀਆਂ ਰੀਤਾਂ ਪੂਰੀਆਂ ਕਰਨ ਵੇਲੇ ਵੀ ਸਿੱਠਣੀਆਂ ਦਿੱਤੀਆਂ ਜਾਂਦੀਆਂ ਹਨ। ਜਦੋਂ ਲਾੜੇ ਨੂੰ ਮੱਠੀਆਂ ਖੁਆਈਆਂ ਜਾਂਦੀਆਂ ਹਨ ਉਦੋਂ ਇਸ ਤਰ੍ਹਾਂ ਸਿੱਠਣੀ ਦਿੰਦੀਆਂ ਹਨ;

ਚੱਬ ਚੱਬ ਵੇ ਲਾੜਿਆ ਮੱਠੜੀ
ਵੇ ਤੇਰੀ ਮਾਂ ਵਿਕੇਂਦੀ ਹੱਟੜੀ।
ਚੱਬ ਚੱਬ ਵੇ ਲਾੜਿਆ ਮੱਠੜੀ
ਵੇ ਤੇਰੀ ਭੈਣ ਵਿਕੇਂਦੀ ਹੱਟੜੀ।
ਚੱਬ ਚੱਬ ਵੇ ਲਾੜਿਆ ਮੱਠੜੀ
ਵੇ ਤੇਰੀ ਭੂਆ ਵਿਕੇਂਦੀ ਹੱਟੜੀ।

ਇਸ ਤਰ੍ਹਾਂ ਬਾਕੀ ਰੀਤੀ ਰਿਵਾਜ ਨਿਭਾਉਣ ਵੇਲੇ ਵੀ ਲਾੜੇ ਨੂੰ ਸਿੱਠਣੀਆਂ ਦਿੱਤੀਆਂ ਜਾਂਦੀਆਂ ਹਨ। ਇਹ ਲੋਕ ਗੀਤਾਂ ਦੀ ਸਾਡੇ ਸਭਿਆਚਾਰ ਵਿੱਚ ਮਹੱਤਵਪੂਰਨ ਭੂਮਿਕਾ ਹੈ ਕਿਉਂਕਿ ਇਨ੍ਹਾਂ ਨਾਲ ਖ਼ੁਸ਼ੀ ਵਿੱਚ ਹੋਰ ਵਾਧਾ ਹੁੰਦਾ ਹੈ।

ਜੋਗਿੰਦਰ ਕੌਰ ਅਗਨੀਹੋਤਰੀ
ਸੰਪਰਕ: 94178-40323

# ਮਾਂ ਬੋਲੀ ਪੰਜਾਬੀ

ਮਾਂ ਬੋਲੀ ਪੰਜਾਬੀ ਮੇਰੀ, ਰੂਹ ਦੀ ਪਾਵਨ ਰਾਗਣੀ,
ਇਸ ਦੇ ਅੱਖਰ ਅੰਮ੍ਰਿਤ ਵਰਗੇ, ਇਸ ਦੀ ਬਾਣੀ ਚਾਨਣੀ।

ਗੁਰੂਆਂ ਦੀ ਬਖ਼ਸ਼ੀ ਦਾਤ ਇਹ, ਸੱਚ-ਧਰਮ ਦੀ ਪਹਿਚਾਣ,
ਪਿਆਰ, ਦਇਆ ਤੇ ਨਿਮਰਤਾ ਦਾ, ਸਦੀਆਂ ਤੋਂ ਹੈ ਇਹ ਵਰਦਾਨ।

ਮਾਂ ਦੀ ਲੋਰੀ ਦੀ ਮਿੱਠੀ ਮਹਿਕ, ਪਿਉ ਦੇ ਬਚਨਾਂ ਦਾ ਸਾਰ,
ਇਸ ਦੀ ਗੋਦ ਵਿੱਚ ਪਲਦਾ ਰਹਿੰਦਾ, ਜੀਵਨ ਦਾ ਸੁੱਚਾ ਸੰਸਕਾਰ।

ਵਾਰਿਸ ਸ਼ਾਹ ਦੀ ਰੂਹ ਦੀ ਧੜਕਣ, ਬੁੱਲ੍ਹੇ ਸ਼ਾਹ ਦੀ ਸੁਰਮਈ ਤਾਨ,
ਬਾਬੇ ਨਾਨਕ ਦੀ ਪਾਵਨ ਬਾਣੀ, ਇਸ ਦੀ ਸਭ ਤੋਂ ਵੱਡੀ ਸ਼ਾਨ।

ਖੇਤਾਂ ਦੀ ਹਰਿਆਵਲੀ ਬੋਲੇ, ਵਗਦੇ ਦਰਿਆ ਗਾਉਣ ਗੀਤ,
ਪੰਜਾਬੀ ਦੀ ਮਿੱਠੀ ਬੋਲੀ ਨਾਲ, ਹਰ ਦਿਲ ਬਣ ਜਾਵੇ ਪ੍ਰੀਤ।
ਆਓ ਇਸ ਦਾ ਮਾਣ ਵਧਾਈਏ, ਹਰ ਸਾਹ ਵਿੱਚ ਇਸ ਨੂੰ ਵਸਾਈਏ,
ਦੁਨੀਆ ਦੇ ਹਰ ਕੋਨੇ ਅੰਦਰ, ਪੰਜਾਬੀ ਦਾ ਦੀਵਾ ਜਗਾਈਏ।

ਜੀਉਂਦੀ ਰਹੇ ਸਦਾ ਪੰਜਾਬੀ, ਗੂੰਜੇ ਇਸ ਦੀ ਮਿੱਠੀ ਬੋਲ,
ਮਾਂ ਬੋਲੀ ਦਾ ਮਾਣ ਵਧਾਉਣਾ, ਸਾਡਾ ਪਹਿਲਾ ਤੇ ਪਾਵਨ ਮੋਲ।

ਸਤਵਿੰਦਰ ਕੌਰ,
80581-00147

# ਰੈਪਰ ਬਾਦਸ਼ਾਹ ਨੇ ਆਪਣੀ ਦੂਜੀ ਪਤਨੀ ਤੋਂ ਵੀ ਲਿਆ ਤਲਾਕ



ਚੰਡੀਗੜ੍ਹ : ਰੈਪਰ ਬਾਦਸ਼ਾਹ ਅਤੇ ਪੰਜਾਬੀ ਅਦਾਕਾਰਾ ਈਸ਼ਾ ਰਿਖੀ ਆਪਣੇ ਵਿਆਹ ਦੇ ਸਿਰਫ਼ ਪੰਜ ਮਹੀਨੇ ਬਾਅਦ ਵੱਖ ਹੋ ਗਏ ਹਨ। ਰੈਪਰ ਬਾਦਸ਼ਾਹ ਨੇ ਆਪਣੀ ਦੂਜੀ ਪਤਨੀ ਤੋਂ ਤਲਾਕ ਲੈਣ ਦਾ ਐਲਾਨ ਕਰ ਦਿੱਤਾ ਹੈ। ਸੋਮਵਾਰ ਨੂੰ ਦੋਵਾਂ ਨੇ ਸੋਸ਼ਲ ਮੀਡੀਆ 'ਤੇ ਇੱਕ ਸਾਂਝਾ ਬਿਆਨ ਜਾਰੀ ਕਰਕੇ ਆਪਣੇ ਤਲਾਕ ਦੀ ਪੁਸ਼ਟੀ ਕਰ ਦਿੱਤੀ ਹੈ।

ਜ਼ਿਕਰਯੋਗ ਹੈ ਕਿ ਪਿਛਲੇ ਕੁਝ ਮਹੀਨਿਆਂ ਤੋਂ ਸੋਸ਼ਲ ਮੀਡੀਆ 'ਤੇ ਦੋਵਾਂ ਬਾਰੇ ਕਾਫ਼ੀ ਚਰਚਾ ਹੋ ਰਹੀ ਹੈ ਅਤੇ ਹੁਣ ਆਖਰਕਾਰ ਦੋਵਾਂ ਨੇ ਇਨ੍ਹਾਂ ਖ਼ਬਰਾਂ ਦੀ ਪੁਸ਼ਟੀ ਕਰ ਦਿੱਤੀ ਹੈ। ਬਾਦਸ਼ਾਹ ਅਤੇ ਈਸ਼ਾ ਨੇ ਸੋਮਵਾਰ ਰਾਤ ਨੂੰ ਆਪਣੀਆਂ-ਆਪਣੀਆਂ ਇੰਸਟਾਗ੍ਰਾਮ ਪੋਸਟਾਂ ਵਿੱਚ ਸਪੱਸ਼ਟ ਕੀਤਾ ਕਿ ਉਨ੍ਹਾਂ ਨੇ ਆਪਸੀ ਸਹਿਮਤੀ ਨਾਲ ਵੱਖ ਹੋਣ ਦਾ ਫੈਸਲਾ ਕੀਤਾ ਹੈ।

ਉਨ੍ਹਾਂ ਨੇ ਪੋਸਟ ਵਿਚ ਕਿਹਾ ਕਿ ਮੈਂ ਅਤੇ ਈਸ਼ਾ ਰਿਖੀ ਨੇ ਆਪਸੀ ਸਹਿਮਤੀ ਨਾਲ ਆਪਣੇ ਰਸਤੇ ਵੱਖ ਕਰਨ ਅਤੇ ਜ਼ਿੰਦਗੀ ਵਿਚ ਅਗੇ ਵੱਧਣ ਦਾ ਫੈਸਲਾ ਲਿਆ ਹੈ। ਇਹ ਫੈਸਲਾ ਅਸੀਂ ਆਪਸੀ ਸੂਝ-ਬੂਝ ਅਤੇ ਸਤਿਕਾਰ ਨਾਲ ਲਿਆ ਗਿਆ ਹੈ। ਅਸੀਂ ਇਸ ਮੁਸ਼ਕਲ ਸਮੇਂ ਵਿਚ ਤੁਹਾਡੇ ਸਾਰਿਆਂ ਤੋਂ ਸਾਡੀ ਪ੍ਰਾਈਵੇਸੀ ਦਾ ਸਨਮਾਨ ਕਰਨ ਦੀ ਅਪੀਲ ਕਰਦੇ ਹਾਂ। ਇਸ ਪੂਰੇ ਮਾਮਲੇ 'ਤੇ ਇਹ ਸਾਡਾ ਇਕਲੌਤਾ ਅਤੇ ਆਖਰੀ ਬਿਆਨ ਹੋਵੇਗਾ। ਅਸੀਂ ਦਿਲੋਂ ਬੇਨਤੀ ਕਰਦੇ ਹਾਂ ਕਿ ਸਾਡੇ ਰਿਸ਼ਤੇ ਬਾਰੇ ਕੋਈ ਵੀ ਮਨਘੜਤ ਕਹਾਣੀਆਂ ਜਾਂ ਅੰਦਾਜ਼ੇ ਨਾ ਲਗਾਏ ਜਾਣ।'

# 'ਆਵਾਰਾਪਨ 2' ਨੇ 200 ਕਰੋੜ ਦਾ ਅੰਕੜਾ ਪਾਰ ਕੀਤਾ



ਅਦਾਕਾਰ ਇਮਰਾਨ ਹਾਸ਼ਮੀ ਦੀ ਫਿਲਮ 'ਆਵਾਰਾਪਨ 2' ਨੇ ਟਿਕਟ ਖਿੜਕੀ ਉੱਤੇ 200 ਕਰੋੜ ਰੁਪਏ ਤੋਂ ਵੱਧ ਦੀ ਕਮਾਈ ਕਰ ਲਈ ਹੈ। ਇਸ ਫ਼ਿਲਮ ਦੇ ਨਿਰਦੇਸ਼ਕ ਨਿਤਿਨ ਕੱਕੜ ਹਨ ਅਤੇ ਇਹ 2007 ਵਿੱਚ ਆਈ ਸੁਪਰਹਿੱਟ ਫਿਲਮ 'ਆਵਾਰਾਪਨ' ਦੀ ਅਗਲੀ ਕੜੀ ਹੈ, ਇਸ ਵਿੱਚ ਅਭਿਨੇਤਾ ਨੇ ਸ਼ਿਵਮ ਦੀ ਭੂਮਿਕਾ ਨਿਭਾਈ ਸੀ। ਹਾਸ਼ਮੀ ਤੋਂ ਇਲਾਵਾ, 'ਆਵਾਰਾਪਨ 2' ਵਿੱਚ ਦਿਸ਼ਾ ਪਟਾਨੀ ਨੇ ਜ਼ਾਰਾ ਅਤੇ ਸ਼ਬਾਨਾ ਆਜ਼ਮੀ ਨੇ ਨਫ਼ੀਸਾ ਨਵਾਜ਼ ਦੀ ਭੂਮਿਕਾ ਨਿਭਾਈ ਹੈ। ਨਿਰਮਾਤਾਵਾਂ ਨੇ ਅੱਜ ਇੰਸਟਾਗ੍ਰਾਮ 'ਤੇ ਪੋਸਟ ਰਾਹੀਂ ਬਾਕਸ ਆਫਿਸ ਦੇ ਅੰਕੜੇ ਸਾਂਝੇ ਕੀਤੇ। ਆਲਮੀ ਪੱਧਰ 'ਤੇ ਫ਼ਿਲਮ 220.49 ਕਰੋੜ ਰੁਪਏ ਦਾ ਕਾਰੋਬਾਰ ਕਰ ਚੁੱਕੀ ਹੈ। ਪੋਸਟ ਦੀ ਕੈਪਸ਼ਨ ਵਿੱਚ ਲਿਖਿਆ ਸੀ, ''ਉਹ ਪ੍ਰਸ਼ੰਸਕ ਜਿਨ੍ਹਾਂ ਨੇ 19 ਸਾਲ ਇੰਤਜ਼ਾਰ ਕੀਤਾ। ਉਹ ਦਰਸ਼ਕ ਜਿਨ੍ਹਾਂ ਸ਼ਿਵਮ ਨੂੰ ਸਭ ਤੋਂ ਪਹਿਲਾਂ ਦੇਖਿਆ। ਉਹ ਜਿਨ੍ਹਾਂ ਨੂੰ ਇਸ ਦੇ ਗੀਤਾਂ ਨਾਲ ਪਿਆਰ ਹੋ ਗਿਆ। ਦੁਨੀਆ ਭਰ ਵਿੱਚ 220.49 ਕਰੋੜ ਰੁਪਏ। ਉਹ ਵੀ 15 ਦਿਨਾਂ ਵਿੱਚ। ਇਹ ਅੰਕੜਾ ਤੁਹਾਡੇ ਸਾਰਿਆਂ ਦਾ ਹੈ। ਸ਼ਿਵਮ ਦੀ ਵਾਪਸੀ ਕਰਵਾਉਣ ਲਈ ਧੰਨਵਾਦ।'' ਨਿਰਮਾਤਾਵਾਂ ਨੇ ਲੋਕਾਂ ਨੂੰ ਫਿਲਮ ਦੇਖਣ ਦੀ ਅਪੀਲ ਵੀ ਕੀਤੀ। ਫਿਲਮ ਮੁਕੇਸ਼ ਭੱਟ ਅਤੇ ਵਿਸ਼ੇਸ਼ ਫ਼ਿਲਮਜ਼ ਦੁਆਰਾ ਪੇਸ਼ ਕੀਤੀ ਗਈ ਹੈ। ਇਸ ਦੇ ਨਿਰਮਾਤਾ ਵਿਸ਼ੇਸ਼ ਭੱਟ ਹਨ। ਇਸ ਵਿੱਚ ਅਦਾਕਾਰ ਪੂਰਨ ਗੱਬੀ, ਸੁਵਿੰਦਰ ਵਿੱਕੀ ਅਤੇ ਅਨਿਰੁੱਧ ਰਾਵਲ ਦੀ ਵੀ ਅਹਿਮ ਭੂਮਿਕਾ ਹੈ।

# ਕੋਰਾ ਕਾਗਜ਼...



ਕੋਰਾ ਕਾਗਜ਼ ਤੱਕਦਾ ਰਹਿ ਗਿਆ,
ਸੁੰਨੇ ਰਾਹਾਂ ਦੇ ਵੱਲ ਵੇਖ।
ਕਦੇ ਤਾਂ ਕੋਈ ਆਵੇਗਾ ਇੱਥੇ,
ਲਿਖਣ ਲਈ ਕੋਈ ਨਵਾਂ ਲੇਖ।
ਚੁੱਪ ਦੀ ਬੁੱਕਲ ਮਾਰ ਕੇ ਬੈਠਾ,
ਹਰ ਇੱਕ ਪੰਨਾ ਉਡੀਕਦਾ ਸੀ,
ਕਦ ਕੋਈ ਆ ਕੇ ਦਰਦ ਵੰਡਾਵੇ,
ਜੋ ਦਿਲ ਦੇ ਅੰਦਰ ਚੀਕਦਾ ਸੀ।

ਉੱਧਰ ਕਲਮ ਵੀ ਤੜਫ਼ ਰਹੀ ਸੀ,
ਆਪਣੀ ਸਿਆਹੀ ਦੇ ਦਰਿਆ 'ਚ,
ਭਾਲ ਰਹੀ ਸੀ ਕੋਈ ਉਂਗਲ,
ਜੋ ਲੈ ਚੱਲੇ ਇੱਕ ਨਵੇਂ ਰਾਹ 'ਚ।
ਸਿਆਹੀ ਤਰਸੇ ਲਫ਼ਜ਼ ਬਣਨ ਨੂੰ,
ਕਾਗਜ਼ ਤਰਸੇ ਛੋਹ ਪਾਵਣ ਨੂੰ,
ਦੋਵੇਂ ਤਿਆਰ ਸਨ ਬੈਠੇ ਓਥੇ,
ਇੱਕ ਨਵਾਂ ਸੰਸਾਰ ਵਸਾਵਣ ਨੂੰ।

ਫ਼ਿਰ ਇੱਕ ਦਿਨ ਓਹ ਸ਼ਾਇਰ ਆਇਆ,
ਦਿਲ 'ਚ ਲੱਖ ਤੂਫ਼ਾਨ ਸਮੋਈ,
ਅੱਖਾਂ ਦੇ ਵਿੱਚ ਖ਼ੁਆਬ ਸਨ ਰੋਂਦੇ,
ਰੂਹ ਸੀ ਉਸਦੀ ਕੱਲੀ ਹੋਈ।
ਉਸਨੇ ਚੁੱਕੀ ਕਲਮ ਹੱਥ ਵਿੱਚ,
ਕਾਗਜ਼ ਦੇ ਨਾਲ ਸਾਂਝ ਪਵਾਈ,
ਜਿਵੇਂ ਮਾਰੂਥਲ ਦੇ ਅੰਦਰ,
ਬਰਖਾ ਦੀ ਕੋਈ ਛੱਲ ਸੀ ਆਈ।

ਕਲਮ ਚੱਲੀ ਤਾਂ ਖ਼ਾਮੋਸ਼ੀ ਬੋਲੀ,
ਕਾਗਜ਼ ਨੇ ਹਰ ਦਰਦ ਸਮੋਇਆ,
ਜੋ ਗੱਲਾਂ ਜੱਗ ਤੋਂ ਲੁਕੀਆਂ ਸਨ,
ਓਹ ਸਭ ਕੁਝ ਪੰਨਿਆਂ ਉੱਤੇ ਹੋਇਆ।
ਹੰਝੂ ਬਣ ਗਏ ਲਫ਼ਜ਼ ਨਵੇਲੇ,
ਹੂਕ ਬਣ ਗਈ ਇੱਕ ਸੁੱਚੀ ਤਾਨ,
ਤਿੰਨਾਂ ਦੇ ਇਸ ਮੇਲ ਨੇ ਦਿੱਤੀ,
ਇੱਕ ਕਵਿਤਾ ਨੂੰ ਨਵੀਂ ਉਡਾਣ।

ਹੁਣ ਕਾਗਜ਼ ਵੀ ਕੋਰਾ ਨਾ ਰਿਹਾ,
ਨਾ ਕਲਮ ਰਹੀ ਹੁਣ ਇਕੱਲੀ,
ਸ਼ਾਇਰ ਦੇ ਦਿਲ ਦੀ ਹਰ ਇੱਕ ਧੜਕਨ,
ਜੱਗ ਦੇ ਸਾਹਮਣੇ ਹੋ ਗਈ ਝੱਲੀ।
ਕਵਿਤਾ ਬਣ ਕੇ ਅਮਰ ਹੋ ਗਏ,
ਦਰਦ, ਹੰਝੂ ਤੇ ਖ਼ਿਆਲ ਸਾਰੇ,
ਕਾਗਜ਼, ਕਲਮ ਤੇ "ਰਵਿੰਦਰ" ਸ਼ਾਇਰ,
ਬਣ ਗਏ ਅੰਬਰ ਦੇ ਧਰੂ ਤਾਰੇ।



ਰਵਿੰਦਰ ਸਿੰਘ ਭੱਟੀਵਾਲ






# ਪਵਿੱਤਰ ਰਿਸ਼ਤੇ



ਜੀਵਨ ਯੂਨੀਵਰਸਟੀ ਦੀ ਪੜ੍ਹਾਈ ਪੂਰੀ ਕਰਦੇ ਈ ਆਪਣੀ ਮਰਜ਼ੀ ਦੇ ਮੁੰਡੇ ਨਾਲ ਵਿਆਹ ਕਰਵਾ ਲਿਆ ਪਰ ਹਰ ਹਫ਼ਤੇ 'ਚ ਈ ਕਿਸੇ ਨਾ ਕਿਸੇ ਗੱਲ ਤੋਂ ਰੁੱਸ ਪੇਕੇ ਆਈ ਰਹਿੰਦੀ। ਜੀਵਨ ਦੀਆਂ ਦੋ ਮਾਵਾਂ ਹਨ, ਇਕ ਨੇ ਜਨਮ ਦਿੱਤਾ ਤੇ ਦੂਜੀ ਨੇ ਪਾਲਣ ਪੋਸ਼ਣ ਕੀਤਾ। ਵੱਡੀ ਹੋਣ ਕਰਕੇ ਜੀਵਨ ਕੁੱਝ ਲਾਡਲੀ ਵੀ ਰਹੀ।

ਅੱਜ ਵੀ ਜਦੋਂ ਜੀਵਨ ਦੀ ਗੱਡੀ ਆਉਂਦੀ ਵੱਡੀ ਮਾਂ ਨੇ ਦੇਖੀ ਤਾਂ ਫਿਕਰ 'ਚ ਡੁੱਬ ਗਈ। ਉਹ ਗੱਡੀ ਰੁਕਦੇ ਈ ਬਾਹਰ ਨਿਕਲੀ ਤੇ ਪਰਸ ਵਿਹੜੇ 'ਚ ਸੁੱਟ ਰੂਮ ਨੂੰ ਚਲੇ ਗਈ। ਮਾਵਾਂ ਵੀ ਪਿੱਛੇ ਈ ਆ ਗਈਆਂ।

ਛੋਟੀ ਨੇ ਪੁੱਛਿਆ, "ਕੁੜੀਏ, ਹੁਣ ਕੀ ਹੋਇਆ? ਮਸਾਂ ਤੁਹਾਡਾ ਟਿਕ-ਟਕਾ ਹੋਇਆ ਸੀ ਤੇ ਆ ਦੋ ਮਹੀਨੇ ਤੂੰ ਆਪਣੇ ਘਰ ਰਹੀ ਤਾਂ ਅਸੀਂ ਵੀ ਸ਼ੁਕਰ ਕੀਤਾ ਸੀ।"

"ਮੰਮੀ ਮੈਂ ਵੀ ਕੋਈ ਸ਼ੌਂਕ ਨੂੰ ਨਹੀਂ ਆਈ। ਰੇਸ਼ਮ ਹੋਰ ਜਨਾਨੀ ਲਈ ਫਿਰਦਾ।"

"ਮਤਲਬ ਕੀ ਤੇਰਾ, ਕੁੜੀਏ"

"ਕਿਸੇ ਹੋਰ ਨਾਲ ਚੈਟ ਕਰਦਾ ਰਹਿੰਦਾ, ਮੈਨੂੰ ਪਤਾ ਲੱਗ ਗਿਆ ਤਾਂ ਕਹਿੰਦਾ ਕਿ ਵਿਚਾਰੀ ਬਹੁਤ ਦੁੱਖੀ ਏ, ਚੰਗੇ ਘਰ ਦੀ ਕੁੜੀ ਏ ਤੇ ਨੂੰਹ ਵੀ ਪਰ ਘਰਵਾਲੇ ਨੂੰ ਈ ਪੈਸੇ ਦਾ ਹੰਕਾਰ ਆ, ਬਹੁਤ ਕੁੱਟਦਾ-ਮਾਰਦਾ। ਮੈਂ ਕਿਹਾ, ਪੇਕਿਆਂ ਨੂੰ ਕਹੇ। ਕਹਿੰਦਾ ਪੇਕੇ ਸਾਥ ਨਹੀਂ ਦਿੰਦੇ, ਕਹਿੰਦੇ ਤੈਨੂੰ ਅਸੀਂ ਘਰ ਥੋੜ੍ਹਾ ਬਿਠਾਉਣਾ, ਘਰ ਬਾਰ ਵਧੀਆ, ਤੈਨੂੰ ਕਿਹੜਾ ਕਮਾਉਣ ਦਾ ਫਿਕਰ ਆ, ਕੋਈ ਨਸ਼ਾ ਨਹੀਂ ਕਰਦਾ, ਮੁੰਡਾ ਸੋਹਣਾ, ਜਵਾਕ ਵੀ ਹੋ ਗਿਆ, ਇਹੋ ਕੁਝ ਹੁੰਦਾ, ਹੋਰ ਕੀ ਹੋਵੇ, ਲੋਕ ਕੀ ਕਹਿਣਗੇ। ਮਾਂ ਤੂੰ ਈ ਸੋਚ, ਇਹੋ ਜਿਹੀ ਨੂੰ ਘਰ ਵਾਲਾ ਕੁਟੇਗਾ ਈ, ਜਦੋਂ ਲੱਛਣ ਈ ਮਾੜੇ ਆ। ਮੇਰਾ ਘਰ ਪੱਟਿਆ, ਕੀ ਪਤਾ ਹੋਰ ਕਿੰਨੇ ਪੱਟੇ ਹੋਣੇ ਚੁਗਲ ਜਨਾਨੀ ਨੇ ਰੰਡੀ ਕਿਸੇ ਥਾਂ ਦੀ।

ਵੱਡੀ ਮਾਂ ਤੋਂ ਇਹ ਸੁਣਿਆ ਨਹੀਂ ਗਿਆ ਤੇ ਪਹਿਲੀ ਵਾਰ ਉਸਨੇ ਥੱਪੜ ਮਾਰ ਦਿੱਤਾ ਤੇ ਕਿਹਾ, "ਬਸ ਕੁੜੀਏ, ਤੈਨੂੰ ਕੋਈ ਹੱਕ ਨਹੀਂ ਕਿ ਤੂੰ ਸੱਚਾਈ ਦੀ ਤਹਿ ਤਕ ਜਾਣ ਤੋਂ ਪਹਿਲਾਂ ਕਿਸੇ ਔਰਤ ਦੇ ਚਰਿੱਤਰ 'ਤੇ ਉਂਗਲ ਚੱਕੇ।"

ਇਹ ਦੇਖ ਛੋਟੀ ਨੇ ਕਿਹਾ, "ਹਾਂ ਕੁੜੀਏ, ਤੈਨੂੰ ਕਿਸੇ ਦੇ ਕਿਰਦਾਰ 'ਤੇ ਉਂਗਲ ਚੱਕਣ ਦਾ ਕੋਈ ਹੱਕ ਨਹੀਂ।"

ਜੀਵਨ ਇਹ ਦੇਖ ਕੰਬ ਗਈ ਤੇ ਹੌਲੀ ਜਿਹੇ ਪੁੱਛਿਆ, "ਕਦੇ ਮੇਰੇ 'ਤੇ ਕਿਸੇ ਹੱਥ ਨਹੀਂ ਚੱਕਿਆ। ਅੱਜ ਉਸ ਔਰਤ ਲਈ, ਜਿਸਨੂੰ ਤੁਸੀਂ ਜਾਣਦੇ ਵੀ ਨਹੀਂ।"

"ਕੁੜੀਏ, ਸੱਚਾਈ ਪਤਾ ਕਰਕੇ ਫਿਰ ਫ਼ੈਸਲਾ ਲਈ ਤੇ ਹੱਥ ਚੱਕਣ ਲਈ ਅਫ਼ਸੋਸ ਏ। ਤੇਰੇ ਇਹਨਾਂ ਸ਼ਬਦਾਂ ਨੇ ਮੇਰੇ ਜ਼ਖ਼ਮ ਪੱਟ ਦਿੱਤੇ। ਇਸ ਕਰਕੇ ਕੰਟਰੋਲ ਨਹੀਂ ਹੋਇਆ।"

"ਵੱਡੇ ਮੰਮੀ, ਤੁਹਾਡੀ ਜ਼ਿੰਦਗੀ 'ਚ ਇਹੋ ਜਿਹਾ ਕੀ ਹੋਇਆ ਸੀ? ਪਲੀਜ਼! ਮੈਨੂੰ ਸਭ ਕੁੱਝ ਦੱਸੋ।"

"ਹਾਂ! ਜ਼ਰੂਰ, ਅੱਜ ਦੱਸਣਾ ਬਣਦਾ ਏ। ਮੇਰਾ ਤੇ ਤੇਰੀ ਛੋਟੀ ਮਾਂ ਦਾ ਵਿਆਹ ਇਕੋ ਦਿਨ ਹੋਇਆ ਸੀ। ਇਹ ਤਾਂ ਤੇਰੇ ਪਾਪਾ ਨਾਲ ਆਪਣੇ ਘਰ ਖ਼ੁਸ਼ ਸੀ ਤੇ ਮੈਂ ਆਪਣੇ ਘਰ ਮੌਤ ਦੇ ਇੰਤਜ਼ਾਰ ਕਰਨ ਲੱਗੀ ਸੀ ਕਿਉਂਕਿ ਮੇਰਾ ਘਰਵਾਲਾ ਮੈਨੂੰ ਬਹੁਤ ਮਾਰਦਾ ਕੁੱਟਦਾ ਤੇ ਸੱਸ ਵੀ ਬਹੁਤ ਤੰਗ ਕਰਦੀ। ਇਕ ਦਿਨ ਮੇਰੇ ਪੇਟ 'ਚ ਪਲ ਰਿਹਾ ਚਾਰ ਮਹੀਨੇ ਦਾ ਬੱਚਾ ਵੀ ਇਸ ਮਾਰਕੁੱਟ ਦੀ ਭੇਟ ਚੜ੍ਹ ਗਿਆ। ਹਸਪਤਾਲ 'ਚ ਮੈਨੂੰ ਤੇਰੇ ਨਾਨਾ-ਨਾਨੀ ਮਿਲਣ ਆਏ। ਮੈਂ ਬਹੁਤ ਦੁਹਾਈ ਪਾਈ, ਮੈਂ ਇਥੇ ਮਰ ਜਾਊ। ਮੈਨੂੰ ਵਾਪਸ ਲੈ ਜਾਓ। ਮਾਪੇ ਕਹਿੰਦੇ ਕਿ ਜੋ ਤੇਰੀ ਕਿਸਮਤ ਧੀਏ, ਅਸੀਂ ਤੈਨੂੰ ਘਰ ਨਹੀਂ ਬਿਠਾ ਸਕਦੇ। ਬਾਪੂ ਵੀ ਸਖ਼ਤ ਸੁਭਾਅ ਦਾ ਕਹਿੰਦਾ ਕਿ ਜਿੰਨੀ ਰੱਬ ਨੇ ਲਿਖੀ ਆ ਭੋਗ ਕੇ ਜਾਏਂਗੀ, ਕੁੱਝ ਨਹੀਂ ਹੋਣ ਲੱਗਾ। ਦੂਜੇ ਦਿਨ ਤੇਰੀ ਛੋਟੀ ਮੰਮੀ ਤੇ ਪਾਪਾ ਮੈਨੂੰ ਆਪਣੇ ਘਰ ਲੈ ਆਏ। ਤੇਰੇ ਪਾਪਾ ਤੋਂ ਮੇਰਾ ਦੁੱਖ ਦੇਖਿਆ ਨਹੀਂ ਗਿਆ। ਮੈਂ ਕੁੱਝ ਦਿਨ ਲਈ ਆਈ ਸੀ ਪਰ ਮੇਰੀ ਸੱਸ ਤੇਰੇ ਪਾਪਾ ਨੂੰ ਬਹੁਤ ਬੁਰਾ ਬੋਲੀ। ਕਹਿੰਦੀ ਕਿ ਖ਼ਸਮ ਲੈ ਗਿਆ। ਰੰਡੀ, ਚੁਗਲ, ਬਦਚਲਣ ਜੀਜੇ ਦੇ ਘਰ ਜਾ ਬੈਠੀ ਏ। ਛੋਟੀ ਤੋਂ ਇਹ ਸਹਾਰ ਨਹੀਂ ਹੋਇਆ ਤੇ ਪੰਚਾਇਤ ਸੱਦ ਨਬੇੜ ਲਿਆ। ਮੇਰੇ ਮਾਪੇ ਮੈਨੂੰ ਲੈ ਕੇ ਨਹੀਂ ਗਏ। ਉਥੋਂ ਈ ਸਿੱਧੇ ਛੋਟੀ ਸਾਨੂੰ ਗੁਰੂਦੁਆਰਾ ਗਈ। ਤੇਰੇ ਪਾਪਾ ਨਾਲ ਮੇਰਾ ਵਿਆਹ ਕੀਤਾ ਤੇ ਭੈਣ ਨੂੰ ਸੌਂਤਣ ਬਣਾ ਘਰ ਲੈ ਆਈ। ਤੂੰ ਉਦੋਂ ਛੇ ਮਹੀਨਿਆਂ ਦੀ ਸੀ, ਤੈਨੂੰ ਮੇਰੀ ਝੋਲੀ ਪਾ, ਮੈਨੂੰ ਤੇਰੀ ਵੱਡੀ ਮੰਮੀ ਬਣਾ ਦਿੱਤਾ। ਮੇਰਾ ਤੇ ਤੇਰੇ ਪਾਪਾ ਦਾ ਅੱਜ ਵੀ ਰਿਸ਼ਤਾ ਭਾਵਨਾਤਮਕ ਏ, ਸਰੀਰਕ ਕਦੇ ਨਹੀਂ ਬਣਿਆ ਕਿਉਂਕਿ ਮੈਨੂੰ ਤੇਰੇ ਮੰਮੀ ਤੇ ਪਾਪਾ ਨੇ ਇੱਜ਼ਤ ਤੇ ਸਕੂਨ ਭਰੀ ਜ਼ਿੰਦਗੀ ਦਿੱਤੀ। ਮੈਨੂੰ ਛੋਟੀ ਵਲੋਂ ਹੱਕ ਸੀ, ਮੈਂ ਇਕ ਪਤਨੀ ਵਾਂਗ ਹਰ ਹੱਕ ਮਾਣ ਸਕਦੀ ਸੀ ਪਰ ਜੋ ਮਾਣ, ਸਤਿਕਾਰ, ਪਿਆਰ ਦੀ ਲੋੜ ਸੀ, ਉਹ ਮੈਨੂੰ ਮਿਲ ਗਿਆ ਤਾਂ ਕਦੇ ਮੈਨੂੰ ਇਸ ਰਿਸ਼ਤੇ ਨੂੰ ਸਰੀਰਕ ਤੌਰ 'ਤੇ ਮਾਣਨ ਦੀ ਇੱਛਾ ਈ ਨਹੀਂ ਹੋਈ। ਪੁੱਤ, ਕੁੱਝ ਰਿਸ਼ਤੇ ਅਵੱਲੇ ਹੁੰਦੇ ਨੇ ਅਹਿਸਾਸ ਦੇ, ਸੱਚੀ ਭਾਵਨਾਤਮਕ ਈ ਹੁੰਦੇ ਨੇ। ਵਿਆਹ ਹੁੰਦੇ ਈ ਤੁਸੀਂ ਦੋਵੇਂ ਬਹੁਤ ਲੜਦੇ ਰਹੇ ਹੋ ਪਰ ਕੁੱਝ ਟਾਇਮ ਤੋਂ ਫਿਰ ਖੁਸ਼ ਹੋ। ਇਹ ਹੋ ਸਕਦਾ, ਉਸ ਕਰਕੇ ਈ ਹੋਵੇ।"

"ਮਾਂ, ਇਹ ਤਾਂ ਮੈਨੂੰ ਰੇਸ਼ਮ ਨੇ ਵੀ ਕਿਹਾ ਕਿ ਸਾਡੇ 'ਚ ਦੂਰੀਆਂ ਉਸ ਨੀਲਮ ਨੇ ਘੱਟ ਕੀਤੀਆਂ ਨੇ। ਮੇਰੇ ਜਨਮ ਦਿਨ 'ਤੇ, ਜੋ ਰਿੰਗ ਰੇਸ਼ਮ ਨੇ ਮੈਨੂੰ ਦਿੱਤੀ, ਉਹ ਵੀ ਉਸਨੇ ਈ ਮੇਰੇ ਲਈ ਲੈ ਕੇ ਭੇਜੀ ਸੀ ਤੇ ਰੇਸ਼ਮ ਨੇ ਮੈਨੂੰ ਆਪਣੇ ਵਲੋਂ ਦਿੱਤੀ ਸੀ। ਮੇਰੇ ਦੋ ਸੂਟ ਵੀ, ਜੋ ਰੇਸ਼ਮ ਲੈ ਕੇ ਆਇਆ, ਉਹ ਵੀ ਉਸਨੇ ਈ ਭੇਜੇ ਸੀ। ਰੇਸ਼ਮ ਨੇ ਮੈਨੂੰ ਅੱਜ ਇਹ ਸਭ ਕੁੱਝ ਦੱਸਿਆ ਸੀ ਪਰ ਮੈਨੂੰ ਤਾਂ ਹੋਰ ਅੱਗ ਲੱਗ ਗਈ ਕਿ ਉਹ ਕੌਣ ਹੁੰਦੀ ਮੇਰੇ ਲਈ ਕੁੱਝ ਖਰੀਦੇ।"

ਵੱਡੀ ਮਾਂ ਨੇ ਕਿਹਾ, "ਕੁੱਝ ਮੁਹੱਬਤਾਂ ਏਵੇਂ ਦੀਆਂ ਵੀ ਹੁੰਦੀਆਂ, ਜਿਥੇ ਮਹਿਬੂਬ ਦੇ ਮਹਿਬੂਬ ਨਾਲ ਵੀ ਪਿਆਰ ਹੋ ਜਾਂਦਾ। ਜੇ ਤੇਰਾ ਘਰ ਪੱਟ ਰਹੀ ਏ ਤਾਂ ਤੇਰਾ ਰੇਸ਼ਮ ਨਾਲ ਗੁੱਸੇ ਹੋਣਾ ਪੂਰਾ ਜਾਇਜ਼ ਏ ਪਰ ਜੇ ਉਹ ਤੁਹਾਡੇ ਰਿਸ਼ਤੇ 'ਚ ਹੋਰ ਨੇੜਤਾ ਵਧਾ ਰਹੀ ਏ ਤਾਂ ਤੇਰਾ ਰਿਸ਼ਤਾ ਉਸ ਕਰਕੇ ਕਮਜ਼ੋਰ ਨਹੀਂ ਹੁੰਦਾ।"

ਇੰਨੇ ਨੂੰ ਜੀਵਨ ਦੇ ਫ਼ੋਨ 'ਤੇ ਨੀਲਮ ਦਾ ਮੈਸੇਜ ਆ ਗਿਆ। "ਜੀਵਨ ਜੀ, ਪਲੀਜ਼! ਤੁਸੀਂ ਵਾਪਸ ਆ ਜਾਉ। ਰੇਸ਼ਮ ਤੁਹਾਨੂੰ ਬਹੁਤ ਪਿਆਰ ਕਰਦਾ। ਜੇ ਤੁਹਾਨੂੰ ਮੇਰਾ ਰੇਸ਼ਮ ਨਾਲ ਗੱਲ ਕਰਨਾ ਨਹੀਂ ਪਸੰਦ ਤਾਂ ਮੈਂ ਕਦੇ ਫ਼ੋਨ ਨਹੀਂ ਕਰਾਂਗੀ, ਨਾ ਈ ਮੈਸੇਜ ਕਰਾਂਗੀ। ਅਸੀਂ ਚੰਗੇ ਦੋਸਤ ਹੀ ਹਾਂ, ਜੋ ਤੁਸੀ ਸੋਚ ਰਹੇ ਹੋ, ਇਹੋ ਜਿਹਾ ਕੁੱਝ ਨਹੀ ਸਾਡੇ ਵਿੱਚ।"

ਛੋਟੀ ਨੇ ਫ਼ੋਨ ਫੜ੍ਹ ਪਾਸੇ ਰੱਖ ਦਿੱਤਾ, "ਵੇਖ ਪੁੱਤ, ਕੁੱਝ ਰਿਸ਼ਤਿਆਂ ਦੇ ਨਾਮ ਨਹੀਂ ਹੁੰਦੇ, ਬਸ ਦਿਲਾਂ ਦੀ ਸਾਂਝ ਹੁੰਦੀ ਏ, ਜਿਸ ਸਹਾਰੇ ਕਈ ਵਾਰ ਜ਼ਿੰਦਗੀ ਖਤਮ ਹੋਣ ਤੋਂ ਬਚ ਜਾਂਦੀ ਏ ਤੇ ਟਾਇਮ ਸਦਾ ਇਕੋ ਜਿਹਾ ਨਹੀਂ ਰਹਿੰਦਾ ਪਰ ਇਹ ਰਿਸ਼ਤੇ ਕਈ ਵਾਰ ਉਮਰਾਂ ਦੀਆਂ ਸਾਂਝਾਂ ਪਾ ਜਾਂਦੇ ਨੇ। ਪਿਆਰ ਤਾਂ ਇਕ ਸਮੁੰਦਰ ਵਰਗਾ ਹੁੰਦਾ ਤੇ ਤੂੰ ਸਾਰਾ ਸਮੁੰਦਰ ਪੀ ਨਹੀਂ ਸਕਦੀ। ਜੇ ਕਿਸੇ ਨੂੰ ਦੋ ਬੂੰਦ ਨਾਲ ਜ਼ਿੰਦਗੀ ਮਿਲਦੀ ਏ ਤਾਂ ਦੋ ਬੂੰਦ ਨਾਲ ਕੁੱਝ ਘੱਟ ਵੀ ਨਹੀਂ ਚੱਲਿਆ। ਤੁਸੀਂ 5 ਸਾਲ ਇਕ ਦੂਜੇ ਨੂੰ ਜਾਣਨ ਤੋਂ ਬਾਅਦ ਵਿਆਹ ਕਰਾਇਆ, ਕੀ ਤੁਹਾਡਾ ਰਿਸ਼ਤਾ ਇੰਨਾ ਕਮਜ਼ੋਰ ਏ?"

ਇਹ ਸੁਣ ਪਰਸ ਚੱਕਿਆ ਤੇ ਥੈਂਕਸ ਮਾਤੇ ਕਿਹਾ ਤੇ ਫੜੀ ਗੱਡੀ ਤੇ ਵਾਪਸ ਰੇਸ਼ਮ ਕੋਲ ਆ ਗਈ। ਰੇਸ਼ਮ ਨੇ ਸ਼ੁਕਰ ਕਰ ਗਲੇ ਨਾਲ ਲਾ ਲਿਆ। ਪਰ ਜੀਵਨ ਨੇ ਰੇਸ਼ਮ ਅੱਗੇ ਨੀਲਮ ਨੂੰ ਮਿਲਣ ਦੀ ਸ਼ਰਤ ਰੱਖ ਦਿੱਤੀ।

ਦੂਜੇ ਦਿਨ ਦੋਵੇਂ ਉਸਨੂੰ ਇਕ ਕਾੱਫ਼ੀ ਸ਼ਾਪ 'ਤੇ ਮਿਲੇ। ਉਸਨੇ ਦੋਵੇਂ ਹੱਥ ਜੋੜ ਸਤਿ ਸ੍ਰੀ ਆਕਾਲ ਤੇ ਮੁਆਫ਼ੀ ਇਕੱਠੇ ਈ ਕਹਿ ਦਿੱਤਾ। ਜੀਵਨ ਨੇ ਉਸਦੇ ਹੱਥਾਂ ਨੂੰ ਆਪਣੇ ਹੱਥਾਂ 'ਚ ਲੈ ਲਿਆ ਤੇ ਪਿਆਰ ਨਾਲ ਕਿਹਾ ਕਿ ਤੁਹਾਡੇ ਕਰਕੇ ਸਾਡੇ 'ਚ ਵਧੀ ਦੂਰੀ ਘੱਟ ਗਈ ਪਰ ਮੈਂ ਈ ਸਮਝ ਨਹੀਂ ਪਾਈ।

"ਨੀਲਮ ਕਦੇ ਧੋਖਾ ਨਾ ਦੇਈਂ ਤੇ ਇਸ ਰਿਸ਼ਤੇ ਨੂੰ ਬਦਨਾਮੀ ਤੋਂ ਬਚਾ ਕੇ ਰੱਖੀਂ। ਮੈਂ ਕਦੇ ਤੇਰੇ 'ਤੇ ਸ਼ੱਕ ਨਹੀਂ ਕਰੂ। ਮੈਨੂੰ ਵੀ ਕੱਲ੍ਹ ਈ ਪਤਾ ਲੱਗਾ ਕਿ ਸੌਂਕਣ ਦਾ ਰਿਸ਼ਤਾ ਵੀ ਕਈ ਵਾਰ ਬਹੁਤ ਮਾਣਮੱਤਾ ਵੀ ਹੁੰਦਾ ਏ।"

ਲਿਖਤ- ਦਿਲਪ੍ਰੀਤ ਗੁਰੀ

# ਅਭਾਗਣ

ਰੂਪੀ ਭੈਣ ਮੇਰੇ ਨਾਲੋਂ ਸਾਢੇ ਤਿੰਨ ਕੁ ਸਾਲ ਵੱਡੀ ਸੀ। ਸਿਰਫ਼ ਉਮਰ ਹੀ ਨਹੀਂ, ਸਗੋਂ ਕੱਦ-ਕਾਠ, ਰੂਪ-ਰੰਗ ਅਤੇ ਕਿਸਮਤ ਵਿੱਚ ਵੀ ਉਹ ਮੇਰੇ ਨਾਲੋਂ ਧਨੀ ਸੀ। ਉਹ ਮੇਰੀ ਸਕੀ ਭੈਣ ਨਹੀਂ ਸੀ, ਸ਼ਰੀਕੇ ਵਿੱਚੋਂ ਤਾਏ ਦੀ ਕੁੜੀ ਸੀ, ਪਰ ਸਾਡਾ ਘਰ ਉਹਨਾਂ ਦੇ ਨੇੜੇ ਹੋਣ ਕਰਕੇ ਸਾਡਾ ਬਚਪਨ ਅਤੇ ਜਵਾਨੀ ਇਕੱਠੇ ਹੀ ਬੀਤੇ।

ਉਹਨਾਂ ਦਾ ਦਾਦਾ ਉੱਨੀ ਜ਼ਮੀਨ ਵਿੱਚ ਇਕੱਲਾ ਸੀ ਅਤੇ ਮੇਰੇ ਦਾਦੇ ਵਰਗੇ ਚਾਰ ਭਰਾ ਸਨ। ਫਿਰ ਉਹਨਾਂ ਦੀ ਜ਼ਮੀਨ-ਜਾਇਦਾਦ ਵੱਧਦੀ ਗਈ ਤੇ ਸਾਡੀ ਘੱਟਦੀ। ਹੁਣ ਸਾਡਾ ਅਤੇ ਉਹਨਾਂ ਦਾ ਕੋਈ ਮੁਕਾਬਲਾ ਨਹੀਂ ਸੀ। ਉਹ ਸਰਦਾਰ ਘਰ ਦੀ ਇਕੱਲੀ ਧੀ ਸੀ ਅਤੇ ਅਸੀਂ ਘੱਟ ਜ਼ਮੀਨ ਵਾਲੇ ਬਾਪ ਦੀਆਂ ਤਿੰਨ ਧੀਆਂ।

ਬਾਰਾਂ ਜਮਾਤਾਂ ਕਰਨ ਤੋਂ ਬਾਅਦ ਭੈਣ ਸ਼ਹਿਰ ਪੜ੍ਹਨ ਲੱਗ ਪਈ ਅਤੇ ਉੱਥੇ ਹੀ ਬੀ.ਏ. ਦੇ ਤੀਜੇ ਸਾਲ ਵਿੱਚ ਸੀ ਕਿ ਭੈਣ ਦਾ ਰਿਸ਼ਤਾ ਪੱਕਾ ਹੋ ਗਿਆ। ਵਿਆਹ ਵਾਲੇ ਦਿਨ ਸਾਰਾ ਪਿੰਡ ਪ੍ਰਾਹੁਣੇ ਨੂੰ ਖੜ੍ਹ-ਖੜ੍ਹ ਦੇਖ ਰਿਹਾ ਸੀ। ਜੇ ਭੈਣ ਰਾਜਕੁਮਾਰੀਆਂ ਵਰਗੀ ਸੀ ਤਾਂ ਉਹ ਵੀ ਰਾਜਕੁਮਾਰਾਂ ਨੂੰ ਮਾਤ ਪਾਉਂਦਾ ਸੀ। ਛੇ ਫੁੱਟ ਤੋਂ ਵੀ ਉੱਚਾ ਕੱਦ ਅਤੇ ਸਡੌਲ ਸਰੀਰ, ਸੋਹਣੀ ਪਟਿਆਲਾ-ਸ਼ਾਹੀ ਪੱਗ। ਜੋ ਵੀ ਦੇਖਦਾ, ਬੱਸ ਦੇਖਦਾ ਹੀ ਰਹਿ ਜਾਂਦਾ।

ਵਿਆਹ ਤੋਂ ਬਾਅਦ ਭੈਣ ਸ਼ਾਹੀ ਠਾਠ ਨਾਲ ਪਿੰਡ ਗੇੜਾ ਮਾਰਦੀ। ਨਵੀਂ-ਨਕੋਰ ਗੱਡੀ ਵਿੱਚ, ਲਿਸ਼-ਲਿਸ਼ ਕਰਦੇ ਸੂਟ ਅਤੇ ਗਹਿਣੇ ਪਾ ਕੇ ਆਉਂਦੀ ਭੈਣ ਪਰੀ ਲੋਕ ਦੀ ਅਪਸਰਾ ਦਾ ਭੁਲੇਖਾ ਪਾਉਂਦੀ। ਸਾਡੇ ਬਾਈ ਜੀ ਵੀ ਹਮੇਸ਼ਾ ਨਾਲ ਹੀ ਹੁੰਦੇ। ਬਾਈ ਰੂਪੀ ਭੈਣ ਦੀ ਮੁਹੱਬਤ ਵਿੱਚ ਪੂਰਾ ਲੀਨ ਸੀ। ਦੋਵੇਂ ਹੱਸਦੇ, ਗੱਲਾਂ ਕਰਦੇ ਤਾਂ ਉਹਨਾਂ ਨੂੰ ਦੇਖ ਕੇ ਸਾਰੀ ਦੁਨੀਆਂ ਹੀ ਸੋਹਣੀ ਲੱਗਣ ਲੱਗ ਜਾਂਦੀ। ਲੋਕ ਭੈਣ ਦੀ ਕਿਸਮਤ 'ਤੇ ਰਸ਼ਕ ਕਰਦੇ।

ਪਰ ਜਦੋਂ ਵਿਆਹ ਦੇ ਚਾਰ ਸਾਲ ਬਾਅਦ ਵੀ ਭੈਣ ਦੀ ਕੁੱਖ ਹਰੀ ਨਾ ਹੋਈ ਤਾਂ ਭੈਣ ਉਦਾਸ ਹੋ ਗਈ ਸੀ, ਪਰ ਬਾਈ ਅੱਜ ਵੀ ਭੈਣ ਨਾਲ ਸੱਚਾ ਪਿਆਰ ਕਰਦਾ ਸੀ। ਆਖ਼ਰ ਭੈਣ ਨੇ ਅਜੀਬ ਜਿਹੀ ਜ਼ਿੱਦ ਫੜ ਲਈ ਕਿ ਬਾਈ ਦਾ ਦੂਜਾ ਵਿਆਹ ਕਰਨਾ ਹੈ। ਤਾਈ ਹੋਰਾਂ ਅਤੇ ਬਾਈ ਨੇ ਭੈਣ ਨੂੰ ਬਹੁਤ ਸਮਝਾਇਆ, ਪਰ ਭੈਣ ਦੀ ਜ਼ਿੱਦ ਅੱਗੇ ਕਿਸੇ ਦੀ ਇੱਕ ਨਾ ਚੱਲੀ।

ਸਭ ਤੋਂ ਵੱਡੀ ਗੱਲ ਤਾਂ ਇਹ ਹੋਈ ਕਿ ਭੈਣ ਪੱਲਾ ਅੱਡ ਕੇ ਪਹੁੰਚੀ ਵੀ ਸਾਡੇ ਹੀ ਦਰ 'ਤੇ। ਮੇਰਾ ਬਾਪੂ ਤਾਂ ਅਜੇ ਮੈਨੂੰ ਬੂਹੇ ਤੋਂ ਉਠਾਉਣ ਦੀਆਂ ਸਕੀਮਾਂ ਵਿੱਚ ਹੀ ਉਲਝਿਆ ਹੋਇਆ ਸੀ ਅਤੇ ਫਿਰ ਮੇਰੇ ਪਿੱਛੇ ਦੋ ਹੋਰ ਸਨ। ਬੇਬੇ-ਬਾਪੂ ਨੂੰ ਤਾਂ ਰੂਪੀ ਭੈਣ ਰੱਬ ਦਾ ਰੂਪ ਹੀ ਲੱਗੀ ਸੀ। ਮੈਂ ਬਥੇਰੀ ਨਾਂਹ-ਨੁੱਕਰ ਕੀਤੀ, ਪਰ ਕਿਸੇ ਨੇ ਮੇਰੀ ਇੱਕ ਨਾ ਸੁਣੀ।

ਮੈਨੂੰ ਪਤਾ ਸੀ ਕਿ ਭੈਣ ਦੇ ਅੱਗੇ ਕਦੇ ਵੀ ਮੇਰੀ ਕੋਈ ਬੁੱਕਤ ਨਹੀਂ ਪੈਣੀ। ਕੁਝ ਹੀ ਦਿਨਾਂ ਵਿੱਚ ਮੈਨੂੰ ਉਸੇ ਰਾਜਕੁਮਾਰ ਨਾਲ ਲਾਵਾਂ ਦੇ ਕੇ ਤੋਰ ਦਿੱਤਾ, ਪਰ ਇਸ ਵਾਰ ਬਗੈਰ ਬਰਾਤੀਆਂ ਅਤੇ ਬੈਂਡ-ਬਾਜੇ ਤੋਂ। ਨਾ ਤਾਂ ਲਾਵਾਂ ਵੇਲੇ ਤੇ ਨਾ ਹੀ ਰਸਤੇ ਵਿੱਚ ਸਰਦਾਰ ਜੀ ਨੇ ਇੱਕ ਵਾਰ ਵੀ ਮੇਰੇ ਵੱਲ ਨਹੀਂ ਤੱਕਿਆ। ਉਸਦਾ ਸਾਰਾ ਧਿਆਨ ਰੂਪੀ 'ਤੇ ਹੀ ਸੀ ਅਤੇ ਮੈਨੂੰ ਪਤਾ ਸੀ ਕਿ ਬੱਸ ਇਹੀ ਮੇਰੀ ਕਿਸਮਤ ਸੀ ਹੁਣ।

ਭੈਣ ਚਾਹੇ ਮੇਰਾ ਬਹੁਤ ਧਿਆਨ ਰੱਖਦੀ, ਪਰ ਜਿਸ ਨਾਲ ਲਾਵਾਂ ਲੈ ਕੇ ਆਈ ਸੀ, ਉਹ ਅੱਖ ਭਰ ਕੇ ਵੀ ਨਾ ਤੱਕਦਾ। ਸੂਟ ਅਤੇ ਗਹਿਣੇ ਮੇਰੇ ਵੀ ਨਵੇਂ-ਨਕੋਰ, ਭੈਣ ਵਰਗੇ ਹੀ ਹੁੰਦੇ। ਪਿੰਡ ਹੁਣ ਅਸੀਂ ਕਾਰ ਵਿੱਚ ਤਿੰਨੇ ਜਾਂਦੇ, ਪਰ ਸਰਦਾਰ ਸਾਹਿਬ ਬੱਸ ਭੈਣ ਨਾਲ ਹੀ ਰਹਿੰਦੇ।

ਮਾਂ ਕੋਲ ਗਿਲਾ ਕੀਤਾ ਤਾਂ ਉਹ ਪੁੱਛਣ ਲੱਗ ਪਈ ਕਿ ਉਹ ਤੇਰਾ ਧਿਆਨ ਨਹੀਂ ਰੱਖਦੇ? ਕੰਮ ਵੱਧ ਕਰਾਉਂਦੇ ਹਨ? ਜਾਂ ਖਾਣ-ਪੀਣ, ਪਹਿਨਣ ਤੋਂ ਵਰਜਦੇ ਹਨ? ਹਰ ਸਵਾਲ ਦਾ ਜਵਾਬ ਨਾਂਹ ਹੀ ਸੀ। ਫਿਰ ਮਾਂ ਨੇ ਮੱਤ ਦਿੱਤੀ ਕਿ ਆਪਣੇ ਪੈਰ 'ਤੇ ਆਪ ਕੁਹਾੜੀ ਨਾ ਮਾਰ, ਸਗੋਂ ਰੂਪੀ ਭੈਣ ਦੀ ਸ਼ੁਕਰਗੁਜ਼ਾਰ ਹੋ ਕੇ ਰਹਿ। ਨਹੀਂ ਤਾਂ ਪਤਾ ਨਹੀਂ ਕਿੱਥੇ ਕਿਸੇ ਦਾ ਗੋਹਾ-ਕੂੜਾ ਕਰਦੀ ਹੁੰਦੀ। ਉਸ ਦਿਨ ਤੋਂ ਮੇਰੀ ਬੱਸ ਜੀਭ ਠਾਕੀ ਗਈ, ਫਿਰ ਕਦੇ ਕੋਈ ਗਿਲਾ ਕਿਸੇ ਕੋਲ ਨਾ ਕੀਤਾ।

ਡੇਢ ਕੁ ਸਾਲ ਬਾਅਦ ਮੇਰੀ ਕੁੱਖ ਉਮੀਦ ਤੋਂ ਹੋ ਗਈ। ਸਾਰੇ ਬਹੁਤ ਖੁਸ਼ ਸਨ, ਖ਼ਾਸ ਕਰਕੇ ਮੇਰੇ ਪੇਕੇ। ਹੁਣ ਉਹਨਾਂ ਦਾ ਡਰ ਜੋ ਮੁੱਕ ਗਿਆ ਸੀ। ਮੇਰੇ ਪੈਰ ਲੱਗ ਗਏ ਸਨ ਉਸ ਘਰ ਵਿੱਚ, ਪਰ ਮੈਨੂੰ ਪਤਾ ਸੀ ਕਿ ਸਰਦਾਰ ਜੀ ਦੇ ਨਾਲ ਮੇਰਾ ਰੂਹ ਦਾ ਨਾਤਾ ਤਾਂ ਕਦੇ ਬਣਿਆ ਹੀ ਨਹੀਂ ਸੀ, ਪਰ ਹੁਣ ਜੋ ਮਾੜਾ-ਮੋਟਾ ਜਿਸਮਾਨੀ ਰਿਸ਼ਤਾ ਸੀ, ਉਹ ਵੀ ਮੁੱਕ ਗਿਆ।

ਰੱਬ ਨੇ ਜਵਾਕ ਵੀ ਦਿੱਤੇ, ਇਕੱਠੇ ਦੋ—ਇੱਕ ਕੁੜੀ ਅਤੇ ਇੱਕ ਮੁੰਡਾ। ਭੈਣ ਨੇ ਉਹਨਾਂ ਦੀ ਸਾਰੀ ਜ਼ਿੰਮੇਵਾਰੀ ਲੈ ਲਈ ਸੀ ਅਤੇ ਮੈਂ ਅਸਲੋਂ ਵਿਹਲੀ ਹੋ ਗਈ ਸੀ। ਜਵਾਕ ਬੋਲਣ ਲੱਗੇ ਤਾਂ ਉਹਨਾਂ ਲਈ ਮਾਂ ਤਾਂ ਰੂਪੀ ਭੈਣ ਹੀ ਸੀ ਅਤੇ ਮੈਂ ਛੋਟੀ ਮਾਂ।

ਭੈਣ ਦਾ ਪਰਿਵਾਰ ਪੂਰਾ ਹੋ ਗਿਆ ਸੀ। ਉਹ ਹੱਸਦੇ-ਖੇਡਦੇ ਖੁਸ਼ ਰਹਿੰਦੇ। ਲੋਕਾਂ ਦੀ ਨਜ਼ਰ ਵਿੱਚ ਮੈਂ ਭਾਗਾਂ ਵਾਲੀ ਸੀ, ਪਰ ਅਸਲ ਵਿੱਚ ਮੇਰਾ ਦਿਲ ਅਤੇ ਕੁੱਖ ਦੋਵੇਂ ਖਾਲੀ ਹੀ ਸਨ। ਸਭ ਕੁਝ ਤਾਂ ਭੈਣ ਦਾ ਸੀ, ਪਰ ਕਿਸੇ ਨੂੰ ਮੇਰਾ ਗਮ ਨਜ਼ਰ ਹੀ ਨਾ ਆਇਆ। ਮੈਨੂੰ ਪਤਾ ਸੀ ਕਿ ਮੈਂ ਅੰਦਰੋਂ-ਅੰਦਰ ਖ਼ਤਮ ਹੋ ਰਹੀ ਹਾਂ, ਪਰ ਮੇਰੇ ਆਸ-ਪਾਸ ਵਾਲਿਆਂ ਨੂੰ ਕੋਈ ਅਹਿਸਾਸ ਹੀ ਨਹੀਂ ਸੀ।

ਆਖ਼ਰ ਮੈਂ ਬਿਮਾਰ ਰਹਿਣ ਲੱਗ ਪਈ। ਭੈਣ ਨੇ ਬਹੁਤ ਇਲਾਜ ਕਰਵਾਇਆ, ਧਿਆਨ ਰੱਖਿਆ, ਪਰ ਉਹ ਬੇਖ਼ਬਰ ਸੀ ਕਿ ਮੈਂ ਅੰਦਰੋਂ ਤਾਂ ਬਹੁਤ ਪਹਿਲਾਂ ਦੀ ਮਰ ਚੁੱਕੀ ਹਾਂ। ਹੁਣ ਤਾਂ ਬੱਸ ਸਰੀਰ ਖ਼ਤਮ ਹੋ ਰਿਹਾ ਸੀ ਅਤੇ ਸਾਲ ਦੇ ਅੰਦਰ ਮੈਂ ਹੱਡੀਆਂ ਦੀ ਮੁੱਠ ਬਣ ਕੇ ਮੁੱਕ ਗਈ ਸੀ।

ਹਾਂ, ਮੇਰੇ ਕਰਕੇ ਮੇਰੇ ਵੀਰ ਚੰਗੇ ਕੰਮ-ਧੰਦੇ ਲੱਗ ਗਏ ਸਨ ਤੇ ਭੈਣਾਂ ਦੇ ਵਿਆਹ ਵੀ ਵਧੀਆ ਹੋ ਗਏ ਸਨ। ਭੈਣ ਮੇਰੇ ਜਾਣ 'ਤੇ ਵੀ ਫੁੱਟ-ਫੁੱਟ ਕੇ ਰੋਈ ਸੀ, ਪਰ ਮੇਰਾ ਸਰਦਾਰ ਅੱਜ ਵੀ ਚੁੱਪ ਸੀ ਅਤੇ ਜਵਾਕ ਵੀ।

ਲੋਕ ਕਹਿ ਰਹੇ ਸਨ ਕਿ ਕਿਸਮਤ ਤਾਂ ਸੋਨੇ ਦੀ ਕਲਮ ਨਾਲ ਲਿਖਵਾ ਕੇ ਲਿਆਈ ਸੀ, ਬੱਸ ਰੱਬ ਉਮਰ ਵੀ ਦੇ ਦਿੰਦਾ।

# ਸੰਮਾਂ ਵਾਲੀ ਡਾਂਗ (ਕਹਾਣੀ)




ਬੇਬੇ ਦੇ ਜਾਣ ਤੋਂ ਬਾਅਦ ਬੇਬੇ ਵਾਲੇ ਸੰਦੂਕ ਦੀ ਸਾਰੀ ਮੁਖ਼ਤਿਆਰੀ "ਮਾਤਾ" ਦੇ ਹੱਥ ਆ ਗਈ। ਬੇਬੇ ਦੀ ਵੱਡੀ ਤੇ ਲਾਡਲੀ ਨੂੰਹ ਮੇਰੀ ਮਾਂ ਹੀ ਸੀ। ਭਾਵੇਂ ਦੋਵਾਂ ਚਾਚੀਆਂ ਨਾਲ ਵੀ ਬੇਬੇ ਦਾ ਸੋਹਣਾ ਨਿਭਾਅ ਹੋਇਆ ਸੀ, ਪਰ ਮਾਤਾ ਨਾਲ ਤਾਂ ਉਸਦਾ ਹਰ ਰਾਜ਼ ਸਾਂਝਾ ਸੀ। ਸਾਡੀ ਮਾਤਾ ਹੀ ਹਮੇਸ਼ਾ ਸੰਦੂਕ ਦੀ ਸਾਫ਼-ਸਫ਼ਾਈ ਕਰਦੀ। ਹੋਰ ਕਿਸੇ ਨੂੰ ਤਾਂ ਉਹ ਇਸਦੇ ਲਾਗੇ ਵੀ ਨਾ ਫਟਕਣ ਦਿੰਦੀ।

ਇਸ ਵਾਰ ਮਾਂ ਤਿਲਕ ਕੇ ਡਿੱਗ ਪਈ ਸੀ। ਗੋਡੇ 'ਤੇ ਵਾਹਵਾ ਸੱਟ ਲੱਗ ਗਈ ਸੀ। ਡਾਕਟਰ ਨੇ ਤੁਰਨ-ਫਿਰਨ ਤੋਂ ਸਖ਼ਤੀ ਨਾਲ ਵਰਜ ਦਿੱਤਾ ਸੀ। ਮਾਤਾ ਦੇ ਨਾਂਹ-ਨਾਂਹ ਕਰਨ ਦੇ ਬਾਵਜੂਦ, ਘਰ ਦੀ ਸਫ਼ਾਈ ਦੇ ਨਾਲ-ਨਾਲ ਸੰਦੂਕ ਦੀ ਸਫ਼ਾਈ ਦਾ ਜ਼ਿੰਮਾ ਅਸੀਂ ਚੁੱਕ ਲਿਆ।

ਸੰਦੂਕ ਦਾ ਬੂਹਾ ਖੋਲ੍ਹਦਿਆਂ ਹੀ ਅਣਗਿਣਤ ਯਾਦਾਂ ਨੇ ਘੇਰਾ ਪਾ ਲਿਆ। ਇੱਕ-ਇੱਕ ਕਰਕੇ ਸਾਰਾ ਸਮਾਨ ਧੁੱਪ ਲਵਾਉਣ ਲਈ ਬਾਹਰ ਕੱਢ ਰਹੇ ਸਾਂ ਕਿ ਅਚਾਨਕ ਸਾਰੇ ਸਮਾਨ ਦੇ ਥੱਲਿਓਂ ਮੈਨੂੰ "ਸੰਮਾਂ ਵਾਲੀ ਡਾਂਗ" ਮਿਲ ਗਈ।

ਉਸਨੂੰ ਹੱਥ ਵਿੱਚ ਫੜਦਿਆਂ ਹੀ ਮੇਰੀਆਂ ਅੱਖਾਂ ਭਰ ਆਈਆਂ। ਰੱਬ ਹੀ ਜਾਣਦਾ ਹੈ ਕਿ ਮੈਨੂੰ ਉਹ ਡਾਂਗ ਮਿਲਣ ਦੀ ਕਿੰਨੀ ਖੁਸ਼ੀ ਹੋਈ ਸੀ। ਇੰਨੇ ਸਾਲਾਂ ਤੋਂ ਅਸੀਂ ਸਾਰੇ ਸੋਚਦੇ ਸਾਂ ਕਿ ਪਤਾ ਨਹੀਂ ਬੇਬੇ ਨੇ ਉਹ ਡਾਂਗ ਕਿੱਥੇ ਸੁੱਟ ਦਿੱਤੀ ਸੀ।

ਡਾਂਗ ਦਾ ਪਿੱਤਲ ਭਾਵੇਂ ਥੋੜ੍ਹਾ ਕਾਲਾ ਪੈ ਚੁੱਕਿਆ ਸੀ, ਪਰ ਉਸਨੂੰ ਹੱਥ ਵਿੱਚ ਫੜਦਿਆਂ ਹੀ ਪਤਾ ਨਹੀਂ ਮੈਂ ਕਿੰਨੀਆਂ ਪੀੜ੍ਹੀਆਂ ਦਾ ਸਫ਼ਰ ਕਰ ਆਇਆ ਸੀ। ਡਾਂਗ ਦੇ ਉੱਪਰਲੇ ਸਿਰੇ 'ਤੇ ਉਰਦੂ ਵਿੱਚ ਖੁਣੇ ਹੋਏ ਉਹਨਾਂ ਲਫ਼ਜ਼ਾਂ ਉੱਤੇ ਹੱਥ ਫੇਰਦਿਆਂ ਹੀ 'ਵੱਡਾ ਬਾਬਾ' ਚੇਤੇ ਆ ਗਿਆ।

ਮੈਂ ਨਿੱਕਾ ਜਿਹਾ ਸੀ ਜਦੋਂ ਵੱਡਾ ਬਾਬਾ ਪੂਰਾ ਹੋਇਆ ਸੀ। ਕਹਿੰਦੇ ਸਨ ਕਿ ਬਾਬੇ ਦੀ ਉਮਰ ਕੋਈ ਸੌ ਸਾਲ ਦੇ ਕਰੀਬ ਸੀ।

ਇਹ ਡਾਂਗ ਖ਼ਾਸ ਤੌਰ 'ਤੇ ਬਾਬੇ ਦੇ ਜਿਗਰੀ ਯਾਰ "ਬਸ਼ੀਰ ਖ਼ਾਨ" ਨੇ ਲਾਹੌਰ ਵਿੱਚ ਬਣਾਈ ਸੀ। ਉੱਤੇ ਲਿਖਿਆ ਸੀ—ਬਖ਼ਤੌਰ ਸਿੰਘ ਅਤੇ ਬਸ਼ੀਰ ਖ਼ਾਨ।

ਪਰ ਫਿਰ ਵੰਡ ਨੇ ਬਖ਼ਤੌਰ ਤੇ ਬਸ਼ੀਰ ਨੂੰ ਅੱਡ ਕਰ ਦਿੱਤਾ, ਪਰ ਬਸ਼ੀਰ ਦੀ ਯਾਦ ਇਹ ਡਾਂਗ ਅੰਤ ਤੱਕ ਬਾਬੇ ਦੇ ਨਾਲ ਰਹੀ।

ਫਿਰ ਇਸ ਡਾਂਗ ਨਾਲ ਦਾਦੇ ਨੇ ਆਪਣੀ ਜਵਾਨੀ ਹੰਢਾਈ। ਸਾਕ-ਸਕੀਰੀ ਜਾਣ ਵੇਲੇ ਬਾਪੂ ਸ਼ੌਕ ਨਾਲ ਸੰਮਾਂ ਵਾਲੀ ਡਾਂਗ ਲੈ ਕੇ ਤੁਰਦਾ। ਬਾਪੂ ਕੋਲੋਂ ਹੋ ਕੇ ਇਹ ਡਾਂਗ ਮੇਰੇ ਪਿਉ ਕੋਲ ਆ ਗਈ।

ਇਸ ਡਾਂਗ ਨੇ ਕਈ ਵਿਆਹ ਤੇ ਮੇਲੇ ਦੇਖੇ। ਕਿੰਨੀਆਂ ਹੀ ਨਾਨਕੀ ਛੱਕਾਂ ਨਾਲ ਜਾ ਕੇ ਭੁਗਤਾਈਆਂ। ਰਾਤ-ਬਰਾਤੇ ਪਾਣੀ ਦੀ ਵਾਰੀ ਹੁੰਦੀ ਤਾਂ ਇਹ ਹਥਿਆਰ ਬਣ ਕੇ ਮੇਰੇ ਪਿਉ ਤੇ ਵੱਡੇ ਚਾਚੇ ਦੇ ਹੱਥ ਰਹਿੰਦੀ।

ਪਰ ਇੱਕ ਚੰਦਰੇ ਦਿਨ ਨਿੱਕੇ ਚਾਚੇ ਨੇ ਇਸੇ ਡਾਂਗ ਨਾਲ ਸਾਡੇ ਸ਼ਰੀਕੇ ਵਿੱਚੋਂ ਹੀ ਲੱਗਦੇ ਇੱਕ ਚਾਚੇ ਦਾ ਸਿਰ ਪਾੜ ਦਿੱਤਾ।

ਸਾਡਾ ਪਹਿਲਾਂ ਵੀ ਵੱਟ-ਬੰਨ੍ਹੇ ਦਾ ਰੌਲਾ ਸੀ, ਪਰ ਹੁਣ ਗੱਲ ਹੋਰ ਵਧ ਗਈ। ਪਰਚਾ ਹੋ ਗਿਆ ਤੇ ਚਾਚੇ ਨੂੰ ਸਾਲ ਕੁ ਦੀ ਸਜ਼ਾ ਵੀ ਹੋਈ। ਚਾਚੇ ਦਾ ਵਿਆਹ ਬੰਨ੍ਹਿਆ ਹੋਇਆ ਸੀ, ਉਹ ਵੀ ਟੁੱਟ ਗਿਆ।

ਉਸ ਦਿਨ ਸਾਡੇ ਘਰ ਬਹੁਤ ਕਲੇਸ਼ ਹੋਇਆ। ਕਿਸੇ ਨੇ ਰੋਟੀ ਵੀ ਨਾ ਖਾਧੀ।

ਮੈਂ ਕੋਈ ਅੱਠ ਕੁ ਸਾਲ ਦਾ ਸੀ ਉਦੋਂ। ਫਿਰ ਸਾਰੇ ਕਲੇਸ਼ ਦੀ ਜੜ੍ਹ ਬਣੀ ਇਸ ਡਾਂਗ ਨੂੰ ਬੇਬੇ ਨੇ ਕਿਤੇ ਫਾਹਾ ਹੀ ਵੱਢ ਦਿੱਤਾ ਸੀ।

ਪਰ ਅੱਜ ਅਚਾਨਕ ਇਸ ਡਾਂਗ ਨੇ ਸਭ ਭੁੱਲੀਆਂ-ਵਿਸਰੀਆਂ ਯਾਦਾਂ ਤਾਜ਼ਾ ਕਰਵਾ ਦਿੱਤੀਆਂ ਸਨ।

ਬੱਸ, ਹੁਣ ਤਾਂ ਇੱਕ ਛੋਟਾ ਚਾਚਾ ਹੀ ਜਿਉਂਦਾ ਸੀ। ਵੱਡਾ ਚਾਚਾ ਤੇ ਮੇਰਾ ਪਿਉ ਤਾਂ ਦੋਵੇਂ ਪਿਛਲੇ ਦੋ ਸਾਲਾਂ ਵਿੱਚ, ਕੁਝ ਮਹੀਨਿਆਂ ਦੀ ਵਿੱਥ ਨਾਲ, ਅੱਗੜ-ਪਿੱਛੜ ਹੀ ਤੁਰ ਗਏ ਸਨ।

ਉਸ ਡਾਂਗ ਨੂੰ ਧੋ-ਮਾਂਜ ਕੇ ਪੂਰਾ ਲਿਸ਼ਕਾ ਕੇ, ਆਪਣੇ ਸਤਾਰਾਂ ਕੁ ਵਰ੍ਹਿਆਂ ਦੇ ਪੁੱਤ ਦੇ ਹੱਥ ਵਿੱਚ ਫੜਾਉਂਦਿਆਂ ਮੈਨੂੰ ਇੰਝ ਲੱਗਾ, ਜਿਵੇਂ ਆਪਣੇ ਬਾਪ-ਦਾਦੇ-ਪੜਦਾਦੇ ਸਾਰਿਆਂ ਦੀ ਵਿਰਾਸਤ ਉਸਦੀ ਝੋਲੀ ਵਿੱਚ ਪਾ ਦਿੱਤੀ ਹੋਵੇ।

ਹਰਪ੍ਰੀਤ ਬਰਾੜ ਸਿੱਧੂ

# ਬਲਵਿੰਦਰ ਤੇ ਛਿੰਦੇ ਵਰਗੇ ਭਰਾ...

ਪਿੰਡ ਦੇ ਲੋਕ ਕਹਿੰਦੇ ਸਨ ਕਿ ਬਲਵਿੰਦਰ ਤੇ ਛਿੰਦੇ ਵਰਗੇ ਭਰਾ ਕਿਸੇ ਦੇ ਘਰ ਨਹੀਂ ਹੋਣੇ, ਵੱਡਾ ਬਲਵਿੰਦਰ ਤਾਂ ਛੋਟੇ ਛਿੰਦੇ ਨੂੰ ਪੁੱਤਾਂ ਵਾਂਗ ਪਿਆਰ ਕਰਦਾ ਸੀ, ਛਿੰਦਾ ਵੀ ਆਪਣੇ ਵੱਡੇ ਭਰਾ ਨੂੰ "ਬਾਈ ਜੀ" ਆਖੇ ਬਿਨਾਂ ਗੱਲ ਨਹੀਂ ਸੀ ਕਰਦਾ।

ਬਚਪਨ ਵਿੱਚ ਦੋਵੇਂ ਇੱਕ ਮੰਜੇ ਉੱਤੇ ਸੌਂਦੇ, ਇੱਕ ਥਾਲੀ ਵਿੱਚ ਰੋਟੀ ਖਾਂਦੇ.. ਜੇ ਛਿੰਦੇ ਦੇ ਪੈਰ ਵਿੱਚ ਕੰਡਾ ਵੱਜ ਜਾਂਦਾ ਤਾਂ ਬਲਵਿੰਦਰ ਨੂੰ ਇਉਂ ਲੱਗਦਾ ਜਿਵੇਂ ਕੰਡਾ ਉਸਦੇ ਆਪਣੇ ਪੈਰ ਵਿੱਚ ਵੱਜਿਆ ਹੋਵੇ....ਆ ਛਿੰਦੇ, ਬੈਠ... ਮੈਂ ਕੱਢਦਾਂ...ਉਹ ਛੋਟੇ ਦਾ ਪੈਰ ਆਪਣੀ ਬੁੱਕਲ ਵਿੱਚ ਰੱਖਕੇ ਕੰਡਾ ਕੱਢਦਾ 'ਤੇ ਫਿਰ ਕਹਿੰਦਾ...ਹੁਣ ਠੀਕ ਐ ਮੇਰਾ ਵੀਰ...ਛਿੰਦਾ ਹੱਸਕੇ ਕਹਿੰਦਾ...ਹਾਂ ਬਾਈ ਜੀ।

ਸਮਾਂ ਲੰਘਦਾ ਗਿਆ, ਬਾਪੂ ਬੁੱਢਾ ਹੋਇਆ ਫਿਰ ਇੱਕ ਦਿਨ ਇਸ ਦੁਨੀਆਂ ਤੋਂ ਤੁਰ ਗਿਆ, ਪਿੱਛੇ ਛੱਡ ਗਿਆ ਜ਼ਮੀਨ, ਇੱਕ ਘਰ 'ਤੇ ਦੋ ਪੁੱਤ..ਬਾਪੂ ਦੀ ਮੌਤ ਵੇਲੇ ਦੋਵੇਂ ਭਰਾਵਾਂ ਨੇ ਇਕ-ਦੂਜੇ ਦੇ ਮੋਢੇ ਉੱਤੇ ਹੱਥ ਰੱਖਕੇ ਕਿਹਾ ਸੀ...ਬਾਪੂ ਦੀ ਛੱਡੀ ਚੀਜ਼ ਸਾਨੂੰ ਵੱਖ ਨਹੀਂ ਕਰੇਗੀ।

ਕੁਝ ਸਾਲਾਂ ਬਾਅਦ ਦੋਵਾਂ ਦੇ ਵਿਆਹ ਹੋ ਗਏ, ਦੋਵਾਂ ਵਿੱਚ ਫਰਕ ਪੈਣ ਲੱਗਾ ਫਿਰ ਦੋਵੇਂ ਭਰਾ ਅੱਡ ਹੋ ਗਏ, ਖੇਤ ਵੰਡ ਲਏ..ਫਿਰ ਇੱਕ ਦਿਨ ਖੇਤ ਦੀ ਇੱਕ ਵੱਟ ਨੂੰ ਲੈਕੇ ਗੱਲ ਸ਼ੁਰੂ ਹੋਈ....ਵੱਟ ਦੋ ਫੁੱਟ ਮੇਰੇ ਪਾਸੇ ਨੂੰ ਆ ਗਈ ਐ...ਛਿੰਦੇ ਨੇ ਕਿਹਾ....ਬਲਵਿੰਦਰ ਬੋਲਿਆ....ਜਿੱਥੇ ਬਾਪੂ ਨੇ ਨਿਸ਼ਾਨ ਲਾਇਆ ਸੀ ਵੱਟ ਉੱਥੇ ਹੀ ਐ...ਨਹੀਂ ਬਾਈ ਜੀ, ਤੁਸੀਂ ਜ਼ਮੀਨ ਵਧਾ ਰਹੇ ਓ।



ਇਹ "ਬਾਈ ਜੀ" ਕਹਿਣ ਵਾਲਾ ਛਿੰਦਾ ਕੁਝ ਦਿਨਾਂ ਬਾਅਦ ਗੁੱਸੇ ਵਿੱਚ ਬੋਲ ਪਿਆ....ਓਏ... ਮੇਰੀ ਜ਼ਮੀਨ ਵੱਲ ਅੱਖ ਚੁੱਕਕੇ ਨਾ ਵੇਖੀਂ....ਬਲਵਿੰਦਰ ਕੁਝ ਪਲ ਸੁੰਨ ਖੜ੍ਹਾ ਰਿਹਾ...ਉਸਨੂੰ ਲੱਗਿਆ ਜਿਵੇਂ ਕਿਸੇ ਨੇ ਉਸਦੇ ਥੱਪੜ ਮਾਰਿਆ ਹੋਵੇ...ਜਿਹੜਾ ਭਰਾ ਕਦੇ ਉਸਦੇ ਪਿੱਛੇ-ਪਿੱਛੇ ਤੁਰਦਾ ਸੀ...ਅੱਜ ਉਸਨੂੰ "ਓਏ" ਆਖ ਰਿਹਾ ਸੀ ਪਰ ਗੁੱਸਾ ਦੋਵਾਂ ਦੇ ਸਿਰ ਚੜ੍ਹ ਚੁੱਕਾ ਸੀ।

ਅਗਲੇ ਦਿਨ ਦੋਵੇਂ ਖੇਤ ਵਿੱਚ ਆਹਮਣੇ-ਸਾਹਮਣੇ ਖੜ੍ਹੇ ਸਨ....ਛਿੰਦਾ ਚੀਕਿਆ...ਅੱਜ ਫੈਸਲਾ ਕਰ ਲੈਂਨੇ ਆਂ...ਬਲਵਿੰਦਰ ਵੀ ਭੜਕ ਉੱਠਿਆ...ਹਾਂ, ਕਰ ਲੈ ਫੈਸਲਾ...ਗੱਲਾਂ ਤੋਂ ਗੱਲ ਗਾਲਾਂ ਤੱਕ ਪਹੁੰਚੀ 'ਤੇ ਗਾਲਾਂ ਤੋਂ ਹੱਥੋਪਾਈ ਤੱਕ।

ਅਚਾਨਕ ਬਲਵਿੰਦਰ ਦੀ ਨਜ਼ਰ ਕੋਲ ਪਏ ਗੰਡਾਸੇ ਉੱਤੇ ਪਈ...ਉਸਨੇ ਗੰਡਾਸਾ ਚੁੱਕ ਲਿਆ...ਗੁਆਂਢੀ ਖੇਤ ਵਾਲੇ ਬੰਦੇ ਦੂਰੋਂ ਦੇਖਕੇ ਉਨ੍ਹਾਂ ਵੱਲ ਭੱਜੇ... ਪਰ ਬਲਵਿੰਦਰ ਦੀਆਂ ਅੱਖਾਂ ਵਿੱਚ ਉਸ ਵੇਲੇ ਗੁੱਸੇ ਨਾਲੋ ਵੱਧ ਕੁਝ ਹੋਰ ਸੀ....ਉਸਦੇ ਸਾਹਮਣੇ ਛਿੰਦਾ ਨਹੀਂ ਸੀ...ਉਸਨੂੰ ਆਪਣਾ ਨਿੱਕਾ ਵੀਰ ਦਿਖ ਰਿਹਾ ਸੀ।

ਉਹ ਨਿੱਕਾ ਵੀਰ ...ਜਿਹੜਾ ਬਚਪਨ ਵਿੱਚ ਉਸਦੇ ਪਿੱਛੇ ਲੁਕ ਜਾਂਦਾ ਸੀ..ਉਹ ਵੀਰ...ਜਿਸਦੇ ਪੈਰ ਵਿੱਚ ਕੰਡਾ ਵੱਜਣ 'ਤੇ ਬਲਵਿੰਦਰ ਦੀਆਂ ਅੱਖਾਂ ਭਰ ਆਉਂਦੀਆਂ ਸਨ...ਜਿਸਨੂੰ ਪਹਿਲਾ ਸਾਈਕਲ ਬਲਵਿੰਦਰ ਨੇ ਲੈਕੇ ਦਿੱਤਾ ਸੀ....ਉਹ ਭਰਾ...ਜਿਹੜਾ ਹਰ ਮੁਸ਼ਕਲ ਵੇਲੇ ਆਖਦਾ ਸੀ...ਬਾਈ ਜੀ, ਤੁਸੀਂ ਹੋ ਨਾ... ਮੈਨੂੰ ਕਿਸੇ ਗੱਲ ਦਾ ਡਰ ਨਹੀਂ....ਅੱਜ ਉਹ ਭਰਾ ਗੰਡਾਸੇ ਦੇ ਦੂਜੇ ਪਾਸੇ ਖੜ੍ਹਾ ਸੀ।

ਬਲਵਿੰਦਰ ਦੀ ਨਜ਼ਰ ਅਚਾਨਕ ਵੱਟ ਉੱਤੇ ਪਈ...ਉਸਨੇ ਕਿਹਾ...."ਛਿੰਦੇ....ਛਿੰਦਾ ਚੁੱਪ ਰਿਹਾ...ਇਹ ਵੱਟ ਕਿੰਨੀ ਕੁ ਏ...ਛਿੰਦੇ ਨੇ ਕੋਈ ਜਵਾਬ ਨਾ ਦਿੱਤਾ...ਬਲਵਿੰਦਰ ਦੀਆਂ ਅੱਖਾਂ ਵਿੱਚੋਂ ਹੰਝੂ ਡਿੱਗ ਪਏ...ਇਹ ਵੱਟ ਦੋ ਫੁੱਟ ਦੀ ਐ... ਪਰ ਇਸ ਦੋ ਫੁੱਟ ਲਈ ਅਸੀਂ ਆਪਣੇ ਵਿਚਕਾਰ ਜਿਹੜੀ ਵੱਟ ਪਾ ਲਈ ਐ... ਉਹ ਤਾਂ ਸਾਰੀ ਉਮਰ ਦੀ ਹੋ ਜਾਣੀ ਸੀ।

ਛਿੰਦੇ ਦੀਆਂ ਅੱਖਾਂ ਭਰ ਆਈਆਂ...ਬਲਵਿੰਦਰ ਨੇ ਗੰਡਾਸਾ ਜ਼ਮੀਨ ਉੱਤੇ ਸੁੱਟ ਦਿੱਤਾ...ਜੇ ਇਹ ਦੋ ਫੁੱਟ ਜ਼ਮੀਨ ਤੇਰੇ ਹਿੱਸੇ ਵਿੱਚ ਆਉਂਦੀ ਐ ਤਾਂ ਲੈ ਜਾ... ਮੈਨੂੰ ਨਹੀਂ ਚਾਹੀਦੀ..ਛਿੰਦਾ ਰੋ ਪਿਆ...ਨਹੀਂ ਬਾਈ ਜੀ... ਮੈਨੂੰ ਜ਼ਮੀਨ ਨਹੀਂ ਚਾਹੀਦੀ..ਉਹ ਬਲਵਿੰਦਰ ਦੇ ਗਲ ਲੱਗ ਗਿਆ...ਮੈਨੂੰ ਮੇਰਾ ਬਾਈ ਜੀ ਚਾਹੀਦਾ।

ਇਹ ਸੁਣਦਿਆਂ ਹੀ ਬਲਵਿੰਦਰ ਨੇ ਛੋਟੇ ਨੂੰ ਘੁੱਟਕੇ ਜੱਫੀ ਪਾ ਲਈ...ਦੋਵੇਂ ਭਰਾ ਖੇਤ ਦੀ ਉਸ ਵੱਟ ਉੱਤੇ ਬੈਠਕੇ ਬੱਚਿਆਂ ਵਾਂਗ ਰੋ ਰਹੇ ਸਨ...ਛਿੰਦੇ ਨੇ ਆਪਣੇ ਭਰਾ ਦਾ ਹੱਥ ਫੜਕੇ ਕਿਹਾ...ਬਾਈ ਜੀ, ਬਾਪੂ ਨੇ ਜ਼ਮੀਨ ਵੰਡੀ ਸੀ... ਦਿਲ ਤਾਂ ਨਹੀਂ ਵੰਡੇ ਸੀ...ਬਲਵਿੰਦਰ ਨੇ ਹੰਝੂ ਪੂੰਝਦਿਆਂ ਕਿਹਾ...ਸਹੀ ਕਿਹਾ ਵੀਰ... ਅਸੀਂ ਜ਼ਮੀਨ ਬਚਾਉਂਦੇ-ਬਚਾਉਂਦੇ ਆਪਣਾ ਰਿਸ਼ਤਾ ਹੀ ਗੁਆਉਣ ਲੱਗ ਪਏ ਸੀ।

ਉਸ ਦਿਨ ਦੋਵਾਂ ਨੇ ਵੱਟ ਓਥੇ ਹੀ ਛੱਡ ਦਿੱਤੀ ਪਰ ਆਪਣੇ ਦਿਲਾਂ ਵਿਚਲੀ ਵੱਟ ਮਿਟਾ ਦਿੱਤੀ, ਕਈ ਸਾਲਾਂ ਬਾਅਦ ਜਦੋਂ ਬਲਵਿੰਦਰ ਬੁੱਢਾ ਹੋ ਗਿਆ 'ਤੇ ਛਿੰਦਾ ਉਸਨੂੰ ਸਹਾਰਾ ਦੇਕੇ ਖੇਤਾਂ ਵੱਲ ਲੈਕੇ ਜਾਂਦਾ ਤਾਂ ਪਿੰਡ ਦੇ ਬੰਦੇ ਹੱਸਕੇ ਕਹਿੰਦੇ...ਬਲਵਿੰਦਰ ਸਿਆਂ, ਹੁਣ ਦੱਸ ਵੱਟ ਕਿਸਦੀ ਏ...ਬਲਵਿੰਦਰ ਕਹਿ ਦਿੰਦਾ...ਵੱਟ ਖੇਤ ਦੀ ਹੋ ਸਕਦੀ ਏ ਭਾਈ... ਪਰ ਭਰਾ ਕਦੇ ਵੰਡੇ ਨਹੀਂ ਜਾਂਦੇ.. ਭਰਾ, ਭੈਣ, ਮਾਂ-ਬਾਪ ਵਰਗੇ ਰਿਸ਼ਤੇ ਵਾਰ-ਵਾਰ ਨਹੀਂ ਮਿਲਦੇ।

--ਅਵਤਾਰ ਸਿੰਘ ਧਾਲੀਵਾਲ

# ਔਖੇ ਰਾਹਾਂ ਦੇ ਪਾਂਧੀ

ਬਲਵਿੰਦਰ ਅੱਜ 10 ਵੇਂ ਦਿਨ ਵੀ ਸਕੂਲ ਨਹੀ ਆਇਆ ਸੀ ।ਬਾਰਵੀ ਕਲਾਸ ਦੀ ਵੋਕੇਸ਼ਨਲ ਸਟਰੀਮ ਦੇ ਮਕੈਨੀਕਲ ਟਰੇਡ ਦਾ ਵਿਦਿਆਰਥੀ ਸੀ ।

ਪਿਛਲੇ 20 ਕੁ ਦਿਨਾਂ ਤੋਂ ਹਰ ਰੋਜ਼ ਲੇਟ ਆਉਦਾ ਸੀ ...ਸਵੇਰ ਦੀ ਸਭਾ ਖਤਮ ਹੋਣ ਤੋਂ ਬਾਦ.....ਮੇਰਾ ਉਹਨਾਂ ਦੀ ਕਲਾਸ ਵਿੱਚ ਪਹਿਲਾਂ ਲੈਕਚਰ ਹੁੰਦਾ ਸੀ ...

ਮੈਂ ਜਦੋਂ ਵੀ ਲਿਖਣ ਲਈ ਦਿੱਤਾ ਕੋਈ ਕੰਮ ਚੈੱਕ ਕਰਨਾ ਤਾਂ ਉਸ ਨੇ ਕੀਤਾ ਨਹੀ ਹੁੰਦਾ ਸੀ ....ਉਸਨੇ ਕਹਿਣਾ ਕਿ ਸਰ ਕੁਝ ਦਿਨ ਦੇ ਦੇਵੋਂ ਪੂਰਾ ਕਰ ਲਵਾਂਗਾ ....ਮੈਂ ਕਾਫ਼ੀ ਦਿਨ ਦੇਖਦਾ ਰਿਹਾ ਕਿ ਕੋਈ ਗੱਲ ਨਹੀ ਪੂਰਾ ਕਰ ਲਵੇਗਾ ।

ਇਹ ਸਕੂਲ ਜਿੱਥੇ ਮੇਰੀ ਨਵੀਂ ਪੋਸਟਿੰਗ ਹੋਈ ਸੀ ਇਹ ਤਹਿਸੀਲ ਦਾ ਮੁੱਖ ਸੀਨੀਅਰ ਸੈਕੰਡਰੀ ਸਕੂਲ ਸੀ ...ਇੱਥੇ ਦਸਵੀ ਤੋਂ ਬਾਦ ਗਿਆਰਵੀ ਬਾਰਵੀ ਲਈ ਸਾਰੇ ਗਰੁੱਪ ਚਲਦੇ ਸੀ ..1400 ਦੇ ਲੱਗਭਗ ਵਿਦਿਆਰਥੀ ਸੀ ..ਆਲੇ ਦੁਆਲੇ ਦੇ 25-30 ਪਿੰਡਾਂ ਦੇ ਵਿਦਿਆਰਥੀ ਇੱਥੇ ਪੜ੍ਹਨ ਆਉਂਦੇ ਸਨ..ਬੌਤਰ ਲੈਕਚਰਾਰ ਮੇਰੀ ਇੱਥੇ ਬਦਲੀ ਹੋਈ ਸੀ ...ਵੋਕੇਸ਼ਨਲ ਸਟਰੀਮ ਦੇ ਅਧਿਆਪਕ ਤੇ ਵਿਦਿਆਰਥੀ ਬਹੁਤ ਆਗਿਆਕਾਰੀ ਤੇ ਹੱਥੀ ਕੰਮ ਕਰਨ ਵਾਲੇ ਮਿਹਨਤੀ ਸਨ ...ਸਾਡੇ ਪੰਜਾਬੀ ਅੰਗਰੇਜੀ ਦੇ ਪੀਰੀਅਡ ਲਾ ਕੇ ਬਾਕੀ ਸਾਰਾ ਦਿਨ ਆਪਣੀ ਲੈਬ ਵਿੱਚ ਕਿਸੇ ਨਾ ਕਿਸੇ ਕੰਮ ਲੱਗੇ ਹੀ ਰਹਿੰਦੇ ਸਨ ....ਮੈਨੂੰ ਬੜੇ ਵਧੀਆ ਲੱਗਦੇ ਸੀ ...

ਬਲਵਿੰਦਰ ਦੇ ਲਗਾਤਾਰ ਲੇਟ ਆਉਣ ਕਰਕੇ ਤੇ ਕੰਮ ਨਾ ਕਰਕੇ ਲੈ ਕੇ ਆਉਣ ਕਰਕੇ ਇੱਕ ਦਿਨ ਉਹਦੇ ਨਾਲ ਕਾਫ਼ੀ ਸਖਤੀ ਨਾਲ ਪੇਸ਼ ਆਇਆ ਕਿ ਇਸ ਤਰਾਂ ਕਦੋਂ ਤੱਕ ਚੱਲੇਗਾ ....ਤੂੰ ਸਾਰੀ ਕਲਾਸ ਦਾ ਮਾਹੌਲ ਖਰਾਬ ਕਰ ਰਿਹਾ ਹੈਂ ...ਉਸ ਤੋਂ ਅਗਲੇ ਦਿਨ ਉਸਨੇ ਸਕੂਲ ਆਉਣਾ ਬੰਦ ਕਰ ਦਿੱਤਾ ।

ਉਸਦੇ ਗੈਰਹਾਜ਼ਰ ਹੋਣ ਤੇ ਦੋ-ਤਿੰਨ ਦਿਨ ਤਾਂ ਮੈਂ ਬਹੁਤਾ ਧਿਆਨ ਨਾ ਦਿੱਤਾ ਕਿ ਚਲੋ ਕੋਈ ਗੱਲ ਨਹੀ ਆ ਜਾਵੇਗਾ ।

ਜਦੋਂ ਅੱਠ-ਦਸ ਦਿਨ ਲੰਘ ਗਏ ਤਾਂ ਮੈਨੂੰ ਕੁਝ ਫ਼ਿਕਰ ਹੋ ਗਈ ....ਮੈਂ ਉਹਦੇ ਨਾਲ ਦਿਆਂ ਨੂੰ ਪੁੱਛਿਆ ਕੇ ਉਹ ਆਉਦਾ ਕਿਉਂ ਨਹੀ ਤਾਂ ਉਹ ਕਹਿੰਦੇ ਕਿ ...ਜੀ ਉਹ ਕਹਿੰਦਾ ਮੈਂ ਹੁਣ ਨਹੀ ਪੜ੍ਹਨਾਂ ...ਮੇਰਾ ਨਾਮ ਕੱਟ ਦਿੱਤਾ ਜਾਵੇ ....

ਮੈਨੂੰ ਇਹ ਸੁਣ ਕੇ ਬਹੁਤ ਮਹਿਸੂਸ ਹੋਇਆ ...ਮੈਨੂੰ ਲੱਗਿਆ ਕਿ ਉਹਦੇ ਪੜ੍ਹਾਈ ਛੱਡਣ ਦਾ ਕਾਰਨ ਮੈਂ ਹੀ ਹਾਂ ....ਮੈਂ ਉਹਦਾ ਪਿੰਡ ਤੇ ਸਾਰਾ ਪਤਾ ਨੋਟ ਕਰ ਲਿਆ ਤੇ ਘਰ ਕਿੱਥੇ ਕੁ ਪਿੰਡ ਵਿੱਚ ਇਹ ਵੀ ਪੁੱਛ ਲਿਆ ।

ਪਹਿਲਾਂ ਸੋਚਿਆ ਕਿ ਇੱਕਲਾ ਹੀ ਚੱਲਦਾ ਹਾਂ ...ਫ਼ੇਰ ਉਸਦੀ ਕਲਾਸ ਦੇ ਇੱਕ ਮੁੰਡੇ ਨੂੰ ਜੋ ਨਾਲ ਦੇ ਪਿੰਡ ਦਾ ਸੀ ਨਾਲ ਲੈ ਲਿਆ ਤੇ ਉਸੇ ਦਿਨ ਸਕੂਲ ਵਿੱਚ ਛੁੱਟੀ ਹੋਣ ਤੋਂ ਬਾਦ ਮੈਂ ਉਹਦੇ ਪਿੰਡ ਜਾ ਕੇ ਉਹਨੂੰ ਮਿਲਣ ਦਾ ਫੈਸਲਾ ਕੀਤਾ ...

ਸਕੂਲ ਤੋਂ 9-10 ਕਿਲੋਮੀਟਰ ਦੀ ਵਿੱਥ ਤੇ ਬਲਵਿੰਦਰ ਦਾ ਪਿੰਡ ਸੀ ...ਪਿੰਡ ਦੇ ਬਾਹਰ ਹੀ ਫਿਰਨੀ ਤੇ ਤੰਗ ਜਿਹੀ ਗਲੀ ਵਿੱਚ ਆਖਰ ਤੇ ਘਰ ਸੀ ਉਹਦਾ ...ਕਾਰ ਬਾਹਰ ਫ਼ਿਰਨੀ ਤੇ ਖੜਾ ਕੇ ਅਸੀਂ ਤੁਰ ਕੇ ਘਰ ਜਾ ਪਹੁੰਚੇ ...ਦੋ ਕਮਰਿਆਂ ਤੇ ਇੱਕ ਨਿੱਕੀ ਰਸੋਈ ਵਾਲਾ ਬਿਨਾਂ ਪਲੱਸਤਰ ਤੋਂ ਨਿੱਕਾ ਜਿਹਾ ਘਰ ਸੀ ਉਹਨਾਂ ਦਾ ...

ਗੇਟ ਖੁੱਲਾ ਹੀ ਸੀ ..ਅੰਦਰ ਵੜੇ ਤਾਂ ਸਾਹਮਣੇ ਬਲਵਿੰਦਰ ਦਾ ਦਾਦਾ ਸੀ ਮੰਜੇ ਤੇ ਬੈਠਾ ਸੀ ..ਇੱਕ ਦੋ ਵਾਰ ਸਕੂਲ ਆਏ ਹੋਣ ਕਰਕੇ ਮੈਨੂੰ ਪਹਿਚਾਣ ਦੇ ਸੀ ਉਹ ਉੱਠ ਕੇ ਬਹੁਤ ਸਤਿਕਾਰ ਨਾਲ ਮਿੱਲੇ ...ਅੰਦਰੋਂ ਬਲਵਿੰਦਰ ਵੀ ਉੱਠ ਕੇ ਆ ਗਿਆ ..ਗੋਡੀ ਹੱਥ ਲਾ ਕੇ ਅੰਦਰੋਂ ਸਾਡੇ ਲਈ ਦੋ ਕੁਰਸੀਆਂ ਚੈਕ ਲੈ ਆਇਆ ।

ਇੱਕ ਦੋ ਆਸੇ ਪਾਸੇ ਦੀਆਂ ਗੱਲਾਂ ਕਰਕੇ ਉਹਦੇ ਦਾਦਾ ਜੀ ਨੂੰ ਪੁੱਛਿਆ ਕਿ



ਇਹ ਦਸ ਦਿਨਾਂ ਤੋਂ ਸਕੂਲ ਕਿਉਂ ਨਹੀ ਆਉਂਦਾਂ ....ਮੈਂ ਕਈ ਸਨੇਹੇ ਵੀ ਭੇਜੇ ਸੀ ...

ਬਲਵਿੰਦਰ ਤਾਂ ਕੁਝ ਨਹੀ ਬੋਲਿਆ ....ਪਰ ਉਹਦਾ ਦਾਦਾ ਅੱਖਾਂ ਭਰ ਆਇਆ ....ਤੇ ਉੱਠ ਖੜਾ ਹੋਇਆ ..ਮੰਜੇ ਦੇ ਪਿੱਛੇ ਹੀ ਜੋ ਕਮਰਾ ਸੀ ਉਹਦਾ ਗੇਟ ਖੋਲ ਕੇ ਕਹਿੰਦਾ ਕਿ ਇੱਥੇ ਆਉਣਾ ਮੈਂ ਉੱਠ ਕੇ ਚਲਾ ਗਿਆ....ਉੱਥੇ ਇੱਕ ਵਿਅਕਤੀ ਮੰਜੇ ਤੇ ਪਇਆ ਸੀ ਤੇ ਉਹਦੇ ਇੱਕ ਪੈਰ ਨੂੰ ਸੰਗਲ ਪਾ ਕੇ ਕਮਰੇ ਦੀ ਲੋਹੇ ਗਰਿਲ ਨਾਲ ਬੰਨਿਆ ਹੋਇਆ ਸੀ ...ਬਲਵਿੰਦਰ ਦਾ ਦਾਦਾ ਮੈਨੂੰ ਇਹ ਦਿਖਾ ਕੇ ਫ਼ੇਰ ਮੰਜੇ ਤੇ ਆ ਬੈਠਾ ਤੇ ਮੈਂ ਕੁਰਸੀ ਤੇ ਆ ਬੈਠਾ ।

ਮੈਨੂੰ ਬੁਜ਼ਰਗ ਕਹਿੰਦਾ ਕਿ ਇਹ ਬਲਵਿੰਦਰ ਦਾ ਬਾਪ ਹੈ .....ਬਲਵਿੰਦਰ ਦੇ ਜਨਮ ਤੋਂ ਪੰਜ-ਸੱਤ ਸਾਲ ਬਾਦ ਪਤਾ ਨਹੀ ਕਿਸ ਬਿਮਾਰੀ ਨਾਲ ਇਹ ਹੋਲੀ ਹੋਲੀ ਮਾਨਸਿਕ ਤੌਰ ਤੋ ਪਾਗਲ ਹੋ ਗਿਆ ...ਬਲਵਿੰਦਰ ਦੀ ਮਾਂ ਵੀ ਛੱਡ ਕੇ ਚਲੀ ਗਈ ...ਪੇਕਿਆਂ ਨੇ ਹੋਰ ਜਗਾਂ ਵਿਆਹ ਦਿੱਤੀ ...ਪਿੱਛੇ ਰਹਿ ਗਏ ਮੈਂ ਇਹਦੀ ਦਾਦੀ ਤੇ ਨਿੱਕਾ ਬਲਵਿੰਦਰ ...ਚਾਰ ਕੁ ਸਾਲ ਪਹਿਲਾਂ ਇਹਦੀ ਦਾਦੀ ਵੀ ਸਦਾ ਲਈ ਛੱਡ ਤੁਰ ਗਈ ...

ਮੈਂ ਦਿਹਾੜੀ ਕਰਕੇ ਘਰ ਦਾ ਗੁਜ਼ਾਰਾ ਚਲਾਈ ਜਾਂਦਾ ਸੀ ...ਪਹਿਲਾਂ ਰੋਟੀ ਮੈਂ ਹੀ ਬਣਾਉਂਦਾ ਸੀ ...ਹੁਣ ਇਹ ਵੀ ਸਿੱਖ ਗਇਆ ਹੈ....ਪਿੱਛਲੇ ਇੱਕ ਮਹੀਨੇ ਤੋਂ ਮੈਨੂੰ ਖੰਘ ਨਹੀਂ ਹੱਟ ਰਹੀ ਸੀ ...ਮੈਂ ਚੈੱਕ ਕਰਾਇਆ ਤਾਂ ਟੀ ਬੀ ਨਿੱਕਲ ਆਈ .....ਡਾਕਟਰ ਕਹਿੰਦੇ ਹੁਣ ਸਖਤ ਕੰਮ ਨਹੀ ਕਰਨਾਂ...ਪਰ ਘਰ ਦਾ ਗੁਜ਼ਾਰਾ ਕਿੱਦਾਂ ਚੱਲੇ

ਇਸ ਲਈ ਬਲਵਿੰਦਰ ਕਹਿੰਦਾ ਮੈਂ ਕੰਮ ਕਰੂ ਹੁਣ ..ਨੇੜੇ ਪੈਂਦੀ ਇੱਕ ਵੱਡੀ ਲੋਹਾ ਮਿੱਲ ਵਿੱਚ ਇਹ ਨੂੰ ਕੰਮ ਮਿਲ ਗਿਆ ਹੈ ...ਪੜ੍ਹਨ ਕਰਕੇ ਇਹ ਸ਼ਾਮ ਨੂੰ ਪੰਜ ਵਜੇ ਤੋਂ ਰਾਤ 12 ਵਜੇ ਤੱਕ ਕੰਮ ਕਰਦਾ ਹੈ ...ਸਵੇਰੇ ਉੱਠ ਕੇ ਸਕੂਲ ਜਾਂਦਾ ਹੈ ...ਨਿਆਣਾ ਜੀ ਤਾਂ ਕਰਕੇ ਕਈ ਵਾਰ ਥੱਕਿਆ ਹੁੰਦਾ ਟਾਇਮ ਨਾਲ ਉੱਠਿਆ ਨਹੀਂ ਜਾਂਦਾ ਲੇਟ ਹੋ ਜਾਂਦਾ ...ਹੁਣ ਪਤਾ ਨਹੀ ਕੀ ਹੋਇਆ.....ਕਹਿੰਦਾ ਸਕੂਲ ਜਾਣਾ ਹੀ ਨਹੀ ...ਮੈਂ ਤਾਂ ਜੀ ਬਹੁਤ ਜੋਰ ਲਾਇਆ ਸੀ ਪਰ ਇਹ ਮੰਨਿਆ ਹੀ ਨਹੀਂ ......

ਮੈਨੂੰ ਆਪਣਾ ਆਪ ਕਸੂਰਵਾਰ ਲੱਗਿਆ ਤੇ ਆਪਣੇ ਵਿਵਹਾਰ ਪਛਤਾਵਾ ਹੋਇਆ ਕਿ ਮੇਰੇ ਰੋਜ਼ ਟੋਕਣ ਕਰਕੇ ਹੀ ਬਲਵਿੰਦਰ ਸਕੂਲ ਆਉਣੋ ਹੱਟਿਆ ...ਮੈਨੂੰ ਬਲਵਿੰਦਰ ਦੀ ਜਿਦੰਗੀ ਦੇ ਸੰਘਰਸ ਤੇ ਉਹਦੇ ਦੁੱਖ ਦਰਦਾਂ ਅੱਗੇ ਸਭ ਕੁਝ ਬੌਣਾ ਨਜ਼ਰੀ ਆਇਆ ....

ਬਲਵਿੰਦਰ ਤੇ ਉਹਦਾ ਦਾਦਾ ਦੋਵੇਂ ਮੈਨੂੰ ਬਹੁਤ ਹੀ ਮਹਾਨ ਤੇ ਜੁਝਾਰੂ ਯੋਧੇ ਜਾਪੇ ਜਿਹੜੇ ਖਿੜੇ ਮੱਥੇ ਜਿੰਦਗੀ ਦੀ ਏਨੀ ਔਖੀ ਲੜਾਈ ਲੜ ਰਹੇ ਸਨ ।

ਬਲਵਿੰਦਰ ਜੋ ਬਿਮਾਰ ਪਿਤਾ ਨੂੰ ਸੰਭਾਲ ਦਾ ਸੀ ..ਦਾਦੇ ਦੀ ਸੰਭਾਲ ਕਰਦਾ ਸੀ....ਦਾਦੇ ਤੇ ਆਪਣਾ ਰੋਟੀ ਟੁੱਕ ਵੀ ਆਪ ਕਰਦਾ ਸੀ ...ਰਾਤ ਨੂੰ ਫੈਕਟਰੀ ਵਿੱਚ ਕੰਮ ਕਰਦਾ ਸੀ ....ਦਿਨੇ ਸਕੂਲ ਵੀ ਜਾਂਦਾ ਸੀ ।

ਮੈਂ ਬਲਵਿੰਦਰ ਨੂੰ ਕਿਹਾ ਕਿ ਪੁੱਤ ਕੱਲ ਤੋਂ ਸਕੂਲ ਆਉਣਾ ਹੈ .....ਮੈਂ ਪ੍ਰਿੰਸੀਪਲ ਨਾਲ ਗੱਲ ਕਰਕੇ ਤੈਨੂੰ ਸਵੇਰੇ ਵੇਲੇ ਆਉਣ ਦੇ ਸਮੇਂ ਵਿੱਚ ਢਿੱਲ ਦਵਾ ਦੇਵੇਗਾਂ ....ਬਲਵਿੰਦਰ ਕਹਿੰਦਾ ਠੀਕ ਹੈ ਸਰ ...ਮੈਂ ਉਹਦੇ ਦਾਦਾ ਜੀ ਤੋਂ ਮਾਫ਼ੀ ਮੰਗੀ ਵੀ ਮੈਨੂੰ ਬਜ਼ੁਰਗੋ ਘਰ ਦੇ ਹਾਲਾਤਾਂ ਦਾ ਪਤਾ ਨਹੀ ਸੀ ....ਅਸੀਂ ਤਾਂ ਜਿਸ ਤਰਾਂ ਆਮ ਵਿਦਿਆਰਥੀ ਨੂੰ ਲੇਟ ਆਉਣ ਤੇ ਕਹਿ ਦੇਨੇ ਆਂ ਉਦਾਂ ਹੀ ਇਹਨੂੰ ਕਹਿ ਦਿੱਤਾ ....ਹੁਣ ਤੁਸੀਂ ਬੇਫ਼ਿਕਰ ਹੋ ਜਾਉ ਹੁਣ ਕੋਈ ਦਿੱਕਤ ਨਹੀਂ ਆਉਦੀ ਇਹਨੂੰ ਸਕੂਲ ਵਿੱਚ ॥।

ਅਗਲੇ ਦਿਨ ਤੋਂ ਬਲਵਿੰਦਰ ਸਕੂਲ ਆਉਣ ਲੱਗ ਗਿਆ .....ਮੈਂ ਪ੍ਰਿੰਸੀਪਲ ਨਾਲ ਗੱਲ ਕਰਕੇ ਉਹਨੂੰ ਟਾਇਮ ਵਿੱਚ ਢਿੱਲ ਦਵਾ ਦਿੱਤੀ ...... ਜੋ ਵੀ ਬਲਵਿੰਦਰ ਨੂੰ ਪੜ੍ਹਾਉਂਦੇ ਸਨ ਮੈਂ ਉਹਨਾਂ ਆਪਣੇ ਸਾਥੀ ਅਧਿਆਪਕਾਂ ਨੂੰ ਵੀ ਸਾਰੀ ਗੱਲ ਦੱਸੀ ਤਾਂ ਜੋ ਸਾਰੇ ਉਹਦੇ ਨਾਲ ਹਮਦਰਦੀ ਨਾਲ ਪੇਸ਼ ਆਉਣ ...ਮੇਰੀ ਬਲਵਿੰਦਰ ਨਾਲ ਗੂੜੀ ਸਾਂਝ ਪੈ ਗਈ ।

ਬਲਵਿੰਦਰ ਨੇ ਬਹੁਤ ਵਧੀਆ ਨੰਬਰਾਂ ਨਾਲ ਆਪਣੀ ਕਲਾਸ ਪਾਸ ਕੀਤੀ ....

ਮਕੈਨੀਕਲ ਟਰੇਡ ਹੋਣ ਕਰਕੇ ਉਹਨੂੰ ਸੰਗਰੂਰ ਕੋਲ ਟਰਾਈਡੈਂਟ ਕੰਪਨੀ ਵਿੱਚ ਵਧੀਆ ਨੌਕਰੀ ਮਿਲ ਗਈ । ਹੁਣ ਜਿੰਦਗੀ ਵਿੱਚ ਸੈੱਟ ਹੈ । ਜਦੋਂ ਵੀ ਆਉਂਦਾ ਮਿਲ ਕੇ ਜਾਂਦਾ ....ਕਦੀ ਕਦੀ ਪੁਰਾਣੀ ਗੱਲ ਯਾਦ ਕਰਕੇ ਕਹਿੰਦਾ ਕਿ ਜੇ ਸਰ ਤੁਸੀਂ ਉਸ ਦਿਨ ਘਰ ਨਾ ਆਉਂਦੇ ਪੜ੍ਹਾਈ ਉੱਥੇ ਹੀ ਖਤਮ ਹੋ ਜਾਣੀ ਸੀ ......ਮੈਂ ਕਹਿੰਨਾ ਕਿ ਮੈਨੂੰ ਰੱਬ ਨੇ ਬਚਾ ਲਿਆ ਮੇਰੇ ਤੋਂ ਅਣਜਾਣੇ ਵਿੱਚ ਇੱਕ ਵੱਡਾ ਪਾਪ ਹੋ ਜਾਣਾ ਸੀ ਜਿਸਦੀ ਕੋਈ ਮਾਫੀ ਨਹੀ ਹੋ ਸਕਦੀ ਸੀ ।

ਇਸ ਘਟਨਾ ਨੇ ਮਨ ਨੂੰ ਬੜਾ ਹਲੂਣਾ ਦਿੱਤਾ .....ਅਸੀ ਇੱਕ ਤੁੱਛ ਜਿਹਾ ਉਪਰਾਲਾ ਆਪਣੇ ਕੁਝ ਦੋਸਤਾਂ ਤੇ ਸ਼ਹਿਰ ਦੇ ਚੰਗੇ ਉਦਯੋਗਪਤੀਆਂ ਨੂੰ ਨਾਲ ਲੈ ਕੇ ਸੁਰੂ ਕੀਤਾ ...ਹਰ ਸਾਲ ਸੈਸ਼ਨ ਦੇ ਸੁਰੂ ਵਿੱਚ ਭਾਵੇਂ ਕਿਸੇ ਵੀ ਵਰਗ/ਜਾਤ/ਧਰਮ ਦਾ ਹੋਵੇ ,ਜਿਹਨਾਂ ਵਿਦਿਆਰਥੀਆਂ ਦੇ ਪਿਤਾ ਨਹੀ ਹਨ ਜਾਂ ਕੋਈ ਵੀ ਸਾਧਨ ਆਮਦਨ ਦਾ ਨਹੀ ਹੈ ਉਹਨਾਂ ਦੀ ਸਾਰੇ ਸਾਲ ਦੀ ਫ਼ੀਸ /ਕਿਤਾਬਾਂ ਦੇ ਖਰਚੇ ਆਪਣੇ ਕੋਲੋ ਭਰ ਦੇਣੇ ਹਨ .....ਇਸ ਕੰਮ ਦਾ ਬਿਲਕੁੱਲ ਵੀ ਕੋਈ ਦਿਖਾਵਾ ਨਹੀ ਕਰਨਾ ...ਕੋਈ ਫੋਟੋ ਨਹੀ ਕੋਈ ਖਬਰ ਨਹੀ ....ਵਿਦਿਆਰਥੀ ਤੇ ਉਹਦੇ ਕਲਾਸ ਇੰਚਾਰਜ ਨੂੰ ਬੁਲਾ ਕੇ ਫ਼ੀਸ ਦੇ ਦੇਣੀ ਹੈ ...ਕਲਾਸ ਇੰਚਾਰਜ ਨੂੰ ਦੱਸਿਆ ਜਾਂਦਾ ਕਿ ਕਦੀ ਕਲਾਸ ਵਿੱਚ ਗੱਲ ਦਾ ਜਿਕਰ ਨਹੀ ਕਰਨਾ ਤਾਂ ਕਿ ਬੱਚੇ ਦੇ ਸਵੈਮਾਣ ਨੂੰ ਕਦੇ ਠੇਸ ਨਾ ਲੱਗੇ ।ਸਾਡੇ ਪਿਛਲੇ ਪ੍ਰਿੰਸੀਪਲ ਮੈਡਮ ਜੋ ਨਵੰਬਰ ਵਿੱਚ ਰਿਟਾਇਰ ਹੋਏ ਨੇ ਉਹਨਾਂ ਨੇ ਇਸ ਮੁਹਿੰਮ ਨੂੰ ਬਹੁਤ ਹੀ ਉਤਸ਼ਾਹ ਨਾਲ ਸਿਖਰ ਤੇ ਪਹੁੰਚਾ ਦਿੱਤਾ ।ਆਉ ਦਾਨ ਦੀ ਦਿਸ਼ਾ ਬਦਲੀਏ ।ਇਹ ਕਹਾਣੀ ਨਹੀ ਹੈ ਮੇਰੇ ਇੱਕ ਵਿਦਿਆਰਥੀ ਦੀ ਸੱਚੀ ਘਟਨਾ ਹੈ ।(ਬਲਵਿੰਦਰ ਅਸਲੀ ਨਾਂ ਨਹੀ ਮੈਂ ਅਸਲੀ ਨਾਂ ਜਾਣਬੁੱਝ ਕੇ ਨਹੀ ਲਿਖਿਆ )

ਹਰਵਿੰਦਰ ਸਿੰਘ ਭੱਟੋ

# "ਲਿਖਣ ਵਾਲੇ ਬਹੁਤ ਨੇ... ਪੜ੍ਹਨ ਵਾਲੇ ਕਿੱਥੇ ਨੇ?"




ਮੇਰੀ ਅਕਸਰ ਉਹਨਾਂ ਲੋਕਾਂ ਨਾਲ ਗੱਲ ਹੁੰਦੀ ਰਹਿੰਦੀ ਜੋ ਕਦੇ ਬਹੁਤ ਵਧੀਆ ਲਿਖਦੇ ਸਨ ਪਰ ਇਸ ਕਰਕੇ ਲਿਖਣੋਂ ਹਟ ਗਏ ਕਿ ਲੋਕਾਂ ਨੂੰ ਪੜ੍ਹਨ ਦੀ ਆਦਤ ਨਾ ਹੋਣ ਕਾਰਨ ਕੋਈ ਵੀ ਵਧੀਆ ਦਿਸਚੁਸਸਿਨ ਨਹੀਂ ਸੀ ਕਰਦਾ... ਯਾ ਕਈ ਕੁਝ... ਮੈਂ ਵੀ ਸਹਿਮਤ ਹਾਂ ਉਹਨਾਂ ਦੀ ਗੱਲ ਨਾਲ...ਅੱਜਕੱਲ੍ਹ ਹਰ ਕੋਈ ਲਿਖਣਾ ਚਾਹੁੰਦਾ ਹੈ, ਲਿਖ ਵੀ ਰਹੇ ਹਨ...ਪਰ ਪੜ੍ਹਨਾ... ਜਿਵੇਂ ਕਿਸੇ ਕੋਲ ਵਕਤ ਹੀ ਨਹੀਂ।

ਕੋਈ ਬੰਦਾ ਘੰਟਿਆਂ ਲਾ ਕੇ ਕੋਈ ਸੋਚਣ ਵਾਲੀ ਗੱਲ ਲਿਖਦਾ ਹੈ, ਕੋਈ ਆਪਣਾ ਤਜਰਬਾ ਸਾਂਝਾ ਕਰਦਾ ਹੈ, ਕੋਈ ਸਮਾਜ ਦੀ ਕਿਸੇ ਸਮੱਸਿਆ ਨੂੰ ਸ਼ਬਦ ਦਿੰਦਾ ਹੈ, ਕੋਈ ਕਿਤਾਬਾਂ ਪੜ੍ਹ ਕੇ, ਖੋਜ ਕਰਕੇ, ਆਪਣੇ ਵਿਚਾਰ ਲਿਖਦਾ ਹੈ।

ਪਰ ਅਸੀਂ?

ਬਿਨਾਂ ਪੜ੍ਹੇ ਹੀ ਸ਼ਚਰੋਲਲ... ਲ਼ਿਕਏ... 'ਣਟ.....ਹੈਰਾਨੀ ਤਾਂ ਉਦੋਂ ਹੁੰਦੀ ਹੈ ਜਦੋਂ ਉਹ ਲੋਕ ਵੀ ਕਿਸੇ ਦੀ ਲਿਖਤ ਨੂੰ ਪੜ੍ਹਨ ਜਾਂ ਉਸ 'ਤੇ ਵਿਚਾਰ ਕਰਨ ਦੀ ਲੋੜ ਨਹੀਂ ਸਮਝਦੇ, ਜੋ ਖੁਦ ਨੂੰ ਪੜ੍ਹਿਆ-ਲਿਖਿਆ, ਸਾਹਿਤਕ ਜਾਂ ਲਿਖਾਰੀ ਸਮਝਦੇ ਹਨ।

ਕੀ ਇਹ ਹੰਕਾਰ ਹੈ? ਓਗੋ ਹੈ?

ਜਾਂ ਫਿਰ ਪੜ੍ਹਨ ਦੀ ਆਦਤ ਹੀ ਖਤਮ ਹੋ ਗਈ ਹੈ?

ਕਈ ਵਾਰ ਲੱਗਦਾ ਹੈ ਅਸੀਂ ਲਿਖਤ ਨੂੰ ਨਹੀਂ, ਲਿਖਣ ਵਾਲੇ ਦੇ ਨਾਮ ਨੂੰ ਪੜ੍ਹਦੇ ਹਾਂ....ਜਾਣ-ਪਛਾਣ ਵਾਲਾ ਹੋਵੇ ਤਾਂ ਦੋ ਸ਼ਬਦ...।

ਨਾਮ ਬਣਿਆ ਹੋਇਆ ਹੋਵੇ ਤਾਂ ਵਾਹ-ਵਾਹ...ਨਵਾਂ ਬੰਦਾ ਹੋਵੇ ਤਾਂ ਉਸਦੀ ਚੰਗੀ ਗੱਲ ਵੀ ਅਣਡਿੱਠੀ।

ਪਰ ਸੱਚ ਇਹ ਹੈ ਕਿ ਚੰਗੀ ਲਿਖਤ ਨੂੰ ਨਾਮ ਦੀ ਨਹੀਂ, ਨਜ਼ਰ ਦੀ ਲੋੜ ਹੁੰਦੀ ਹੈ। ਹਰ ਪੋਸਟ 'ਤੇ ਛੋਮਮਏਨਟ ਕਰਨਾ ਜ਼ਰੂਰੀ ਨਹੀਂ....ਪਰ ਜੇ ਕੋਈ ਗੱਲ ਤੁਹਾਨੂੰ ਸੋਚਣ ਲਈ ਮਜਬੂਰ ਕਰੇ, ਤਾਂ ਦੋ ਸ਼ਬਦ ਲਿਖ ਦੇਣਾ ਲੇਖਕ ਦਾ ਨਹੀਂ—

ਤੁਹਾਡੇ ਆਪਣੇ ਸੱਭਿਆਚਾਰ ਅਤੇ ਸੰਵੇਦਨਸ਼ੀਲਤਾ ਦਾ ਸਬੂਤ ਹੁੰਦਾ ਹੈ।

ਮੈਨੂੰ ਨਹੀਂ ਲੱਗਦਾ ਸੌ ਵਿੱਚੋਂ ਦਸ ਲੋਕ ਵੀ ਅਜਿਹੇ ਹੁੰਦੇ ਨੇ ਜੋ ਪੜ੍ਹਦੇ ਹਨ, ਵਿਚਾਰਦੇ ਹਨ, ਸਵਾਲ ਕਰਦੇ ਹਨ ਤੇ ਗੱਲਬਾਤ ਅੱਗੇ ਤੋਰਦੇ ਹਨ....ਤੇ ਸ਼ਾਇਦ ਇਸੇ ਕਰਕੇ ਬਹੁਤ ਵਧੀਆ ਲਿਖਣ ਵਾਲੇ ਵੀ ਕਈ ਵਾਰ ਚੁੱਪ ਹੋ ਜਾਂਦੇ ਹਨ।

ਕਿਉਂਕਿ ਲਿਖਣ ਵਾਲੇ ਨੂੰ ਹਰ ਵਾਰ ਤਾਰੀਫ਼ ਨਹੀਂ ਚਾਹੀਦੀ ਹੁੰਦੀ...ਉਸਨੂੰ ਸਿਰਫ਼ ਇਹ ਅਹਿਸਾਸ ਚਾਹੀਦਾ ਹੁੰਦਾ ਹੈ ਕਿ ਸਾਹਮਣੇ ਵਾਲੇ ਨੇ ਉਸਦੀ ਗੱਲ ਪੜ੍ਹੀ ਹੈ।

ਅਸੀਂ ਲਿਖਣ ਵਾਲਿਆਂ ਦੀ ਭੀੜ ਤਾਂ ਬਣਾ ਲਈ...ਕਦੇ ਪੜ੍ਹਨ ਵਾਲਾ ਸਮਾਜ ਵੀ ਬਣਾਈਏ... ਕਿਉਂਕਿ ਕਲਮ ਨੂੰ ਚਲਾਉਣ ਲਈ ਸਿਆਹੀ ਹੀ ਨਹੀਂ, ਇੱਕ ਸੱਚਾ ਪਾਠਕ ਵੀ ਚਾਹੀਦਾ ਹੁੰਦਾ ਹੈ।

# ਨਸ਼ਿਆਂ ਖ਼ਿਲਾਫ਼ ਜੰਗ 'ਚ ਖੇਡਾਂ ਸਭ ਤੋਂ ਕਾਰਗਰ ਹਥਿਆਰ: ਭਗਵੰਤ ਮਾਨ

## Chief Minister ਵੱਲੋਂ Sher-E-Punjab ਟੀ-20 League ਦਾ ਆਗ਼ਾਜ਼; ਛੇ ਟੀਮਾਂ ਲੈ ਰਹੀਆਂ ਹਨ ਹਿੱਸਾ




ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਇੱਥੇ ਫਰੈਂਚਾਇਜ਼ੀ ਆਧਾਰਿਤ ਸ਼ੇਰ-ਏ-ਪੰਜਾਬ ਟੀ-20 ਕ੍ਰਿਕਟ ਲੀਗ ਦਾ ਉਦਘਾਟਨ ਕੀਤਾ। ਪੰਜਾਬ ਕ੍ਰਿਕਟ ਐਸੋਸੀਏਸ਼ਨ (ਪੀ ਸੀ ਏ) ਵੱਲੋਂ ਕਰਵਾਏ ਜਾ ਰਹੇ ਇਸ ਟੂਰਨਾਮੈਂਟ ਵਿੱਚ ਛੇ ਟੀਮਾਂ ਹਿੱਸਾ ਲੈ ਰਹੀਆਂ ਹਨ। ਫਾਜ਼ਿਲਕਾ ਫਾਲਕਨਜ਼ ਦਾ ਕਪਤਾਨ ਸ਼ੁਭਮਨ ਗਿੱਲ, ਲੁਧਿਆਣਾ ਲਾਇਨਜ਼ ਦਾ ਅਰਸ਼ਦੀਪ ਸਿੰਘ, ਅੰਮ੍ਰਿਤਸਰ ਸੂਰਮਾਜ਼ ਦਾ ਅਭਿਸ਼ੇਕ ਸ਼ਰਮਾ, ਜਲੰਧਰ ਵਾਰੀਅਰਜ਼ ਦਾ ਪ੍ਰਭਸਿਮਰਨ ਸਿੰਘ, ਮੁਹਾਲੀ ਕਿੰਗਜ਼ ਦਾ ਰਮਨਦੀਪ ਸਿੰਘ ਅਤੇ ਬਠਿੰਡਾ ਰੌਇਲਜ਼ ਦਾ ਕਪਤਾਨ ਗੁਰਨੂਰ ਬਰਾੜ ਹੈ।

ਇਸ ਮੌਕੇ ਖਿਡਾਰੀਆਂ ਅਤੇ ਪ੍ਰਬੰਧਕਾਂ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਲੀਗ ਸੂਬੇ ਦੇ ਪ੍ਰਤਿਭਾਸ਼ਾਲੀ ਕ੍ਰਿਕਟਰਾਂ ਨੂੰ ਕੌਮਾਂਤਰੀ ਪੱਧਰ ਦੇ ਖਿਡਾਰੀਆਂ ਨਾਲ ਖੇਡਣ ਅਤੇ ਸਿੱਖਣ ਦਾ ਵੱਡਾ ਮੰਚ ਦੇਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਲਈ ਬਹੁਤ ਮਾਣ ਵਾਲੀ ਗੱਲ ਹੈ ਕਿ ਅੱਜ ਭਾਰਤੀ ਟੀਮਾਂ ਦੀ ਅਗਵਾਈ ਪੰਜਾਬ ਦੇ ਜੰਮਪਲ ਸ਼ੁਭਮਨ ਗਿੱਲ ਅਤੇ ਹਰਮਨਪ੍ਰੀਤ ਕੌਰ ਵਰਗੇ ਖਿਡਾਰੀ ਕਰ ਰਹੇ ਹਨ। ਮੌਜੂਦਾ ਸਮੇਂ ਪੰਜਾਬ ਦੇ 21 ਖਿਡਾਰੀ ਆਈ ਪੀ ਐੱਲ ਖੇਡ ਰਹੇ ਹਨ ਅਤੇ ਕੌਮੀ ਟੀਮ ਵਿੱਚ ਵੀ ਚਾਰ ਖਿਡਾਰੀ ਸ਼ਾਮਲ ਹਨ। ਖੇਡਾਂ ਨੂੰ ਨਸ਼ਿਆਂ ਖ਼ਿਲਾਫ਼ ਸਭ ਤੋਂ ਵੱਡਾ ਹਥਿਆਰ ਦੱਸਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਨਸ਼ਿਆਂ ਖ਼ਿਲਾਫ਼ ਜੰਗ ਵਿੱਚ ਖੇਡਾਂ ਸਭ ਤੋਂ ਕਾਰਗਰ ਹਥਿਆਰ ਹਨ। ਨੌਜਵਾਨਾਂ ਨੂੰ ਮੈਦਾਨਾਂ ਨਾਲ ਜੋੜਨ ਲਈ ਸੂਬੇ ਵਿੱਚ 3100 ਨਵੇਂ ਖੇਡ ਮੈਦਾਨ ਬਣਾਏ ਜਾ ਰਹੇ ਹਨ। ਸਰਕਾਰ ਵੱਲੋਂ ਖੇਡਾਂ ਲਈ ਹੁਣ ਤੱਕ ਦਾ ਸਭ ਤੋਂ ਵੱਧ ਬਜਟ ਰੱਖਿਆ ਗਿਆ ਹੈ। ਉਨ੍ਹਾਂ ਦੱਸਿਆ ਕਿ 5 ਸਤੰਬਰ ਨੂੰ ਬਠਿੰਡਾ ਤੋਂ 'ਖੇਡਾਂ ਵਤਨ ਪੰਜਾਬ ਦੀਆਂ' ਦਾ ਆਗ਼ਾਜ਼ ਵੀ ਕੀਤਾ ਜਾਵੇਗਾ। ਉਦਘਾਟਨੀ ਸਮਾਗਮ ਦੌਰਾਨ ਮੁੱਖ ਮੰਤਰੀ ਨੇ ਟਰਾਫੀ ਤੋਂ ਪਰਦਾ ਚੁੱਕਿਆ, ਜਿਸ ਮਗਰੋਂ ਆਤਿਸ਼ਬਾਜ਼ੀ ਕੀਤੀ ਗਈ ਅਤੇ ਗਾਇਕ ਮਨਕੀਰਤ ਔਲਖ ਨੇ ਗੀਤ ਗਾਏ।

ਇਸ ਪਹਿਲੇ ਐਡੀਸ਼ਨ ਲਈ 450 ਤੋਂ ਵੱਧ ਖਿਡਾਰੀਆਂ ਦੇ ਪੂਲ 'ਚੋਂ 119 ਖਿਡਾਰੀਆਂ ਦੀ ਨਿਲਾਮੀ ਰਾਹੀਂ ਚੋਣ ਕੀਤੀ ਗਈ ਹੈ। ਇਸ ਲੀਗ ਵਿੱਚ ਅਨਮੋਲਪ੍ਰੀਤ ਸਿੰਘ, ਮਯੰਕ ਮਾਰਕੰਡੇ ਅਤੇ ਨਮਨ ਧੀਰ ਵਰਗੇ ਕ੍ਰਿਕਟਰ ਵੀ ਹਿੱਸਾ ਲੈ ਰਹੇ ਹਨ। ਸਮਾਗਮ ਵਿੱਚ ਸੰਸਦ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ, ਵਿਧਾਇਕ ਕੁਲਵੰਤ ਸਿੰਘ ਅਤੇ ਪੀ ਸੀ ਏ ਪ੍ਰਧਾਨ ਅਮਰਜੀਤ ਮਹਿਤਾ ਸਮੇਤ ਕਈ ਪਤਵੰਤੇ ਹਾਜ਼ਰ ਸਨ।

# ਅੰਕੁਰ ਨੇ ਡਬਲਿਊ ਟੀ ਟੀ ਖ਼ਿਤਾਬ ਜਿੱਤਿਆ



ਭਾਰਤੀ ਟੇਬਲ ਟੈਨਿਸ ਖਿਡਾਰੀ ਅੰਕੁਰ ਭੱਟਾਚਾਰੀਆ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਚੈੱਕ ਗਣਰਾਜ ਵਿੱਚ ਹੋਏ ਡਬਲਿਊ ਟੀ ਟੀ ਫੀਡਰ ਓਲੋਮੌਕ ਟੂਰਨਾਮੈਂਟ ਵਿੱਚ ਆਪਣਾ ਪਹਿਲਾ ਪੁਰਸ਼ ਸਿੰਗਲਜ਼ ਖ਼ਿਤਾਬ ਜਿੱਤ ਲਿਆ ਹੈ। ਇਸ ਦੇ ਨਾਲ ਹੀ ਉਸ ਨੇ ਆਕਾਸ਼ ਪਾਲ ਨਾਲ ਮਿਲ ਕੇ ਪੁਰਸ਼ ਡਬਲਜ਼ ਦਾ ਸੋਨ ਤਗ਼ਮਾ ਵੀ ਆਪਣੇ ਨਾਂ ਕੀਤਾ ਹੈ।

ਵਿਸ਼ਵ ਰੈਂਕਿੰਗ ਵਿੱਚ 78ਵੇਂ ਸਥਾਨ 'ਤੇ ਕਾਬਜ਼ ਅੰਕੁਰ ਨੇ ਸਿੰਗਲਜ਼ ਫਾਈਨਲ ਵਿੱਚ ਤੀਜਾ ਦਰਜਾ ਪ੍ਰਾਪਤ ਸਲੋਵੇਨੀਆ ਦੇ ਡੇਨੀ ਕੋਜ਼ੁਲ ਨੂੰ 3-1 ਨਾਲ ਮਾਤ ਦਿੱਤੀ। ਫਾਈਨਲ ਮੁਕਾਬਲੇ ਵਿੱਚ ਅੰਕੁਰ ਨੇ ਪਹਿਲੀ ਗੇਮ 9-11 ਨਾਲ ਗੁਆਉਣ ਮਗਰੋਂ ਸ਼ਾਨਦਾਰ ਵਾਪਸੀ ਕੀਤੀ ਅਤੇ ਅਗਲੀਆਂ ਤਿੰਨ ਗੇਮਾਂ 11-4, 11-5, 11-6 ਨਾਲ ਜਿੱਤ ਕੇ ਖ਼ਿਤਾਬ ਆਪਣੇ ਨਾਂ ਕਰ ਲਿਆ।

ਡਬਲਜ਼ ਮੁਕਾਬਲੇ ਵਿੱਚ ਵੀ ਭਾਰਤੀ ਜੋੜੀ ਦਾ ਦਬਦਬਾ ਰਿਹਾ। ਅੰਕੁਰ ਅਤੇ ਆਕਾਸ਼ ਪਾਲ ਨੇ ਫਾਈਨਲ ਵਿੱਚ ਹੰਗਰੀ ਦੇ ਕਸਾਬਾ ਐਂਡਰਾਸ ਜ਼ੈਂਟੋਸੀ ਅਤੇ ਪੋਲੈਂਡ ਦੇ ਐਲਨ ਕੁਲਸਜ਼ਿਕੀ ਜ਼ਲੇਵਸਕੀ ਦੀ ਜੋੜੀ ਨੂੰ 3-1 ਨਾਲ ਹਰਾਇਆ। ਪਹਿਲੀ ਗੇਮ 11-8 ਨਾਲ ਜਿੱਤਣ ਮਗਰੋਂ ਦੂਜੀ ਗੇਮ ਵਿੱਚ ਭਾਰਤੀ ਜੋੜੀ 4-11 ਨਾਲ ਪੱਛੜ ਗਈ ਸੀ, ਪਰ ਫਿਰ ਸ਼ਾਨਦਾਰ ਖੇਡ ਦਿਖਾਉਂਦਿਆਂ ਤੀਜੀ ਗੇਮ 13-11 ਅਤੇ ਚੌਥੀ ਗੇਮ 11-9 ਨਾਲ ਜਿੱਤ ਕੇ ਮੈਚ ਆਪਣੇ ਨਾਂ ਕਰ ਲਿਆ।

ਸਵੀਡਨ ਯੂਰੋਪ ਯੂਥ ਸਮੈਸ਼ ਵਿੱਚ ਫਾਈਨਲ ਤੱਕ ਪੁੱਜਣ ਵਾਲਾ ਅੰਕੁਰ ਓਲੋਮੌਕ ਵਿੱਚ ਪਹਿਲਾ ਖ਼ਿਤਾਬ ਜਿੱਤਣ ਤੋਂ ਪਹਿਲਾਂ ਇਸ ਸਾਲ ਦੋ ਵਾਰ ਕੁਆਰਟਰ ਫਾਈਨਲ ਅਤੇ ਦੋ ਵਾਰ ਸੈਮੀਫਾਈਨਲ ਵਿੱਚ ਥਾਂ ਬਣਾ ਚੁੱਕਾ ਹੈ।

# ਲਿਓਨਲ ਮੈਸੀ ਵੱਲੋਂ ਕੌਮਾਂਤਰੀ ਫੁੱਟਬਾਲ ਤੋਂ ਸੰਨਿਆਸ

ਅਰਜਨਟੀਨਾ ਦੇ ਸਟਾਰ ਫੁਟਬਾਲਰ ਲਿਓਨਲ ਮੈਸੀ ਨੇ ਕੌਮਾਂਤਰੀ ਫੁਟਬਾਲ ਤੋਂ ਸੰਨਿਆਸ ਲੈਣ ਦਾ ਐਲਾਨ ਕਰ ਦਿੱਤਾ ਹੈ। 2022 ਵਿੱਚ ਆਲਮੀ ਚੈਂਪੀਅਨ ਬਣਨ ਵਾਲੀ ਟੀਮ ਦੇ ਮੈਂਬਰ ਰਹੇ 39 ਸਾਲਾ ਮੈਸੀ ਨੇ ਇੰਸਟਾਗ੍ਰਾਮ 'ਤੇ ਭਾਵੁਕ ਪੋਸਟ ਸਾਂਝੀ ਕਰਦਿਆਂ ਕਿਹਾ ਕਿ ਇਹ ਫ਼ੈਸਲਾ ਬਹੁਤ ਮੁਸ਼ਕਲ ਸੀ ਪਰ ਹੁਣ ਸਮਾਂ ਆ ਗਿਆ ਹੈ। ਉਸ ਨੇ ਅਰਜਨਟੀਨਾ ਲਈ ਸਭ ਤੋਂ ਵੱਧ 125 ਗੋਲ ਕੀਤੇ ਹਨ। ਮੈਸੀ ਨੇ ਦੱਸਿਆ ਕਿ ਉਸ ਨੇ ਸੰਨਿਆਸ ਦਾ ਫ਼ੈਸਲਾ ਜੁਲਾਈ ਵਿੱਚ ਹੀ ਕਰ ਲਿਆ ਸੀ ਪਰ ਪਿਤਾ ਦੀ ਖਰਾਬ ਸਿਹਤ ਕਾਰਨ ਇਸ ਦਾ ਐਲਾਨ ਹੁਣ ਕੀਤਾ ਹੈ। ਉਹ ਅਮਰੀਕਾ ਵਿੱਚ ਇੰਟਰ ਮਿਆਮੀ ਕਲੱਬ ਲਈ ਖੇਡਣਾ ਜਾਰੀ ਰੱਖੇਗਾ।

ਅਰਜਨਟੀਨਾ ਦੇ ਮਹਾਨ ਫੁੱਟਬਾਲਰ ਨੇ ਆਪਣੇ ਪ੍ਰਸ਼ੰਸਕਾਂ ਦੇ ਨਾਂ ਸੁਨੇਹੇ ਵਿੱਚ ਕਿਹਾ, "ਪਿਛਲੇ 20 ਸਾਲਾਂ ਦੌਰਾਨ ਮਿਲੇ ਅਥਾਹ ਪਿਆਰ ਲਈ ਤੁਹਾਡਾ ਸਾਰਿਆਂ ਦਾ ਧੰਨਵਾਦ। ਮੈਂ ਮੈਦਾਨ ਦੇ ਅੰਦਰੋਂ ਤੁਹਾਡੀਆਂ ਆਵਾਜ਼ਾਂ ਨੂੰ ਬਹੁਤ ਮਿਸ ਕਰਾਂਗਾ। ਹੁਣ ਮੈਂ ਵੀ ਤੁਹਾਡੇ ਵਿੱਚੋਂ ਇੱਕ ਬਣ ਕੇ ਬਾਹਰੋਂ ਟੀਮ ਦਾ ਸਮਰਥਨ ਕਰਾਂਗਾ।"



ਉਨ੍ਹਾਂ ਨੇ ਸਾਲ 2006 ਵਿੱਚ ਅਰਜਨਟੀਨਾ ਲਈ ਆਪਣੇ ਕਰੀਅਰ ਦੀ ਸ਼ੁਰੂਆਤ ਕੀਤੀ ਸੀ। ਉਨ੍ਹਾਂ ਦਾ ਇਹ ਸਫ਼ਰ ਉਤਰਾਅ-ਚੜ੍ਹਾਅ ਅਤੇ ਸੰਘਰਸ਼ ਨਾਲ ਭਰਿਆ ਰਿਹਾ, ਜਿਸ ਦੇ ਆਖ਼ਰੀ ਪੜਾਅ ਵਿੱਚ ਉਨ੍ਹਾਂ ਨੇ ਸਾਲ 2022 ਦਾ ਇਤਿਹਾਸਕ ਫੀਫਾ ਵਿਸ਼ਵ ਕੱਪ ਅਤੇ ਦੋ ਕੋਪਾ ਅਮਰੀਕਾ ਖ਼ਿਤਾਬ ਦੇਸ਼ ਦੀ ਝੋਲੀ ਪਾਏ।

ਭਾਵੇਂ ਮੈਸੀ ਨੇ ਅਰਜਨਟੀਨਾ ਦੀ ਜਰਸੀ ਪਾ ਕੇ ਦੇਸ਼ ਲਈ ਖੇਡਣ ਦਾ ਸਫਰ ਹਮੇਸ਼ਾ ਲਈ ਬੰਦ ਕਰ ਦਿੱਤਾ ਹੈ ਪਰ ਉਹ ਕਲੱਬ ਪੱਧਰ ਉੱਤੇ ਅਮਰੀਕੀ ਕਲੱਬ ਇੰਟਰ ਮਿਆਮੀ ਵੱਲੋਂ ਆਪਣੀ ਖੇਡ ਜਾਰੀ ਰੱਖਣਗੇ। ਹਾਲ ਹੀ ਵਿੱਚ ਉਨ੍ਹਾਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਇੱਕ ਮੈਚ ਵਿੱਚ ਚਾਰ ਗੋਲ ਵੀ ਦਾਗੇ।

# ਚਾਈਨਾ ਮਾਸਟਰਜ਼ 'ਚ ਲਕਸ਼ੈ ਸੇਨ ਕਰੇਗਾ ਭਾਰਤੀ ਟੀਮ ਦੀ ਅਗਵਾਈ



ਭਾਰਤ ਦਾ ਸਟਾਰ ਸ਼ਟਲਰ ਲਕਸ਼ੈ ਸੇਨ ਮੰਗਲਵਾਰ ਤੋਂ ਸ਼ੁਰੂ ਹੋ ਰਹੇ ਵੱਕਾਰੀ ਚਾਈਨਾ ਮਾਸਟਰਜ਼ ਸੁਪਰ 750 ਟੂਰਨਾਮੈਂਟ ਵਿੱਚ ਭਾਰਤੀ ਚੁਣੌਤੀ ਦੀ ਅਗਵਾਈ ਕਰੇਗਾ। ਵਿਸ਼ਵ ਚੈਂਪੀਅਨਸ਼ਿਪ ਦੇ ਦੂਜੇ ਗੇੜ ਵਿੱਚ ਮਿਲੀ ਨਿਰਾਸ਼ਾਜਨਕ ਹਾਰ ਮਗਰੋਂ ਲਕਸ਼ੈ ਇਸ 12,50,000 ਡਾਲਰ ਇਨਾਮੀ ਰਾਸ਼ੀ ਵਾਲੇ ਟੂਰਨਾਮੈਂਟ ਵਿੱਚ ਸ਼ਾਨਦਾਰ ਵਾਪਸੀ ਕਰਨ ਦੇ ਇਰਾਦੇ ਨਾਲ ਉਤਰੇਗਾ। ਪਹਿਲੇ ਗੇੜ ਵਿੱਚ ਉਸ ਦਾ ਮੁਕਾਬਲਾ ਫਰਾਂਸ ਦੇ ਨਵੇਂ ਵਿਸ਼ਵ ਚੈਂਪੀਅਨ ਐਲੈਕਸ ਲੇਨੀਅਰ ਨਾਲ ਹੋਵੇਗਾ। ਦੂਜੇ ਪਾਸੇ, ਸਾਬਕਾ ਵਿਸ਼ਵ ਨੰਬਰ ਇੱਕ ਖਿਡਾਰੀ ਕਿਦਾਂਬੀ ਸ੍ਰੀਕਾਂਤ ਚੀਨੀ ਤੈਪਈ ਦੇ ਚੀ ਯੂ-ਜੇਨ ਨਾਲ ਭਿੜੇਗਾ। ਸ੍ਰੀਕਾਂਤ ਪਿਛਲੇ ਕੁਝ ਸਮੇਂ ਤੋਂ ਸੱਟਾਂ ਅਤੇ ਖਰਾਬ ਲੈਅ ਨਾਲ ਜੂਝ ਰਿਹਾ ਹੈ। ਉਸ ਕੋਲੋਂ ਇਸ ਟੂਰਨਾਮੈਂਟ ਵਿੱਚ ਬਿਹਤਰ ਪ੍ਰਦਰਸ਼ਨ ਦੀ ਉਮੀਦ ਹੈ। ਪੁਰਸ਼ ਡਬਲਜ਼ ਵਿੱਚ ਚੌਥਾ ਦਰਜਾ ਪ੍ਰਾਪਤ ਸਾਤਵਿਕਸਾਈਰਾਜ ਰੰਕੀਰੈੱਡੀ ਅਤੇ ਚਿਰਾਗ ਸ਼ੈੱਟੀ ਦੀ ਜੋੜੀ ਤੋਂ ਭਾਰਤ ਨੂੰ ਵੱਡੀਆਂ ਉਮੀਦਾਂ ਹਨ। ਇਸ ਜੋੜੀ ਦਾ ਪਹਿਲਾ ਮੁਕਾਬਲਾ ਚੀਨ ਦੇ ਹੂ ਕੇ ਯੁਆਨ ਅਤੇ ਲਿਨ ਸ਼ਿਆਂਗ ਯੀ ਨਾਲ ਹੋਵੇਗਾ। ਮਹਿਲਾ ਸਿੰਗਲਜ਼ ਵਿੱਚ 18 ਸਾਲਾ ਉੱਨਤੀ ਹੁੱਡਾ, 17 ਸਾਲਾ ਤਨਵੀ ਸ਼ਰਮਾ ਅਤੇ 21 ਸਾਲਾ ਦੇਵਿਕਾ ਸਿਹਾਗ 'ਤੇ ਨਜ਼ਰਾਂ ਰਹਿਣਗੀਆਂ। ਉੱਨਤੀ ਦਾ ਮੁਕਾਬਲਾ ਚੀਨ ਦੀ ਹਾਨ ਯੁਏ ਨਾਲ ਹੋਵੇਗਾ, ਜਦਕਿ ਤਨਵੀ ਡੈਨਮਾਰਕ ਦੀ ਅਮੈਲੀ ਸ਼ੁਲਜ਼ ਅਤੇ ਦੇਵਿਕਾ ਬੁਲਗਾਰੀਆ ਦੀ ਕਲੋਆਨਾ ਨਲਬਾਂਤੋਵਾ ਖ਼ਿਲਾਫ਼ ਕੋਰਟ ਵਿੱਚ ਉਤਰਨਗੀਆਂ। ਇਸ ਤੋਂ ਇਲਾਵਾ ਪੁਰਸ਼ ਡਬਲਜ਼ ਵਿੱਚ ਹਰੀਹਰਨ ਅਤੇ ਐੱਮ ਆਰ ਅਰਜੁਨ ਦੀ ਜੋੜੀ ਦਾ ਸਾਹਮਣਾ ਜਪਾਨੀ ਖਿਡਾਰੀਆਂ ਨਾਲ ਹੋਵੇਗਾ। ਮਿਕਸਡ ਡਬਲਜ਼ ਵਿੱਚ ਧਰੁਵ ਕਪਿਲਾ-ਤਨੀਸ਼ਾ ਕ੍ਰਾਸਟੋ ਅਤੇ ਰੋਹਨ ਕਪੂਰ-ਰੁਤਵਿਕਾ ਸ਼ਿਵਾਨੀ ਦੀਆਂ ਜੋੜੀਆਂ ਭਾਰਤ ਦੀ ਨੁਮਾਇੰਦਗੀ ਕਰਨਗੀਆਂ।

# ਫੁੱਟਬਾਲ ਦੇ ਜਾਦੂਗਰ ਲਿਓਨਲ ਮੈਸੀ ਨੇ ਅੰਤਰਰਾਸ਼ਟਰੀ ਫੁੱਟਬਾਲ ਨੂੰ ਕਿਹਾ ਅਲਵਿਦਾ- ਇੱਕ ਯੁੱਗ ਦਾ ਅੰਤ

ਆਖਿਰ ਉਹ ਦਿਨ ਆ ਹੀ ਗਿਆ ਜਿਸਦਾ ਫੁੱਟਬਾਲ ਪ੍ਰੇਮੀਆਂ ਨੂੰ ਡਰ ਸੀ। ਅਰਜਨਟੀਨਾ ਦੇ ਮਹਾਨ ਫੁੱਟਬਾਲਰ *ਲਿਓਨਲ ਐਂਡਰੇਸ ਮੈਸੀ ਨੇ ਅੱਜ 39 ਸਾਲ ਦੀ ਉਮਰ ਵਿੱਚ ਅੰਤਰਰਾਸ਼ਟਰੀ ਫੁੱਟਬਾਲ ਤੋਂ ਸੰਨਿਆਸ ਦਾ ਐਲਾਨ ਕਰ ਦਿੱਤਾ ਹੈ। ਮੈਸੀ ਨੇ ਆਪਣੇ ਇੰਸਟਾਗ੍ਰਾਮ 'ਤੇ ਹੱਥ ਲਿਖੀ ਨੋਟ ਵਿੱਚ ਲਿਖਿਆ, "ਇਹ ਫੈਸਲਾ ਦਿਲ ਨੂੰ ਬਹੁਤ ਦੁਖਾਉਂਦਾ ਹੈ, ਪਰ ਮੈਂ ਸਮਝਦਾ ਹਾਂ ਕਿ ਸਮਾਂ ਆ ਗਿਆ ਹੈ। ਮੈਂ ਸਹੁੰ ਖਾ ਕੇ ਕਹਿੰਦਾ ਹਾਂ ਕਿ ਮੈਂ ਇਸ ਜਰਸੀ ਲਈ ਹਮੇਸ਼ਾ ਆਪਣਾ ਸਭ ਕੁਝ ਦਿੱਤਾ।"

ਇਹ ਐਲਾਨ ਸਪੇਨ ਹੱਥੋਂ 2026 ਵਿਸ਼ਵ ਕੱਪ ਫਾਈਨਲ ਵਿੱਚ 1-0 ਦੀ ਹਾਰ ਤੋਂ ਡੇਢ ਮਹੀਨੇ ਬਾਅਦ ਅਤੇ ਉਨ੍ਹਾਂ ਦੇ ਪਿਤਾ ਜੌਰਜ ਮੈਸੀ ਦੇ ਦੇਹਾਂਤ ਤੋਂ ਕੁਝ ਦਿਨ ਬਾਅਦ ਆਇਆ ਹੈ। ਮੈਸੀ ਨੇ ਲਿਖਿਆ ਕਿ ਪਿਤਾ ਦੇ ਜਾਣ ਤੋਂ ਬਾਅਦ ਉਹ ਹੋਰ ਵੀ ਯਕੀਨੀ ਹੋ ਗਏ ਹਨ। 401ਦ

### ਬਚਪਨ ਅਤੇ ਸੰਘਰਸ਼ ਭਰੀ ਸ਼ੁਰੂਆਤ

ਮੈਸੀ ਦਾ ਜਨਮ 24 ਜੂਨ 1987 ਨੂੰ ਅਰਜਨਟੀਨਾ ਦੇ ਰੋਜ਼ਾਰੀਓ ਸ਼ਹਿਰ ਵਿੱਚ ਹੋਇਆ। 13 ਸਾਲ ਦੀ ਉਮਰ ਵਿੱਚ ਉਸਨੂੰ ਗ੍ਰੋਥ ਹਾਰਮੋਨ ਦੀ ਘਾਟ ਦੀ ਬਿਮਾਰੀ ਸੀ। ਇਲਾਜ ਬਹੁਤ ਮਹਿੰਗਾ ਸੀ। ਉਸ ਸਮੇਂ ਸਪੇਨ ਦੇ ਕਲੱਬ ਐਫ.ਸੀ. ਬਾਰਸੀਲੋਨਾ ਨੇ ਉਸਦਾ ਇਲਾਜ ਦਾ ਖਰਚਾ ਚੁੱਕਣ ਅਤੇ ਉਸਨੂੰ ਆਪਣੀ ਅਕੈਡਮੀ 'ਲਾ ਮਾਸੀਆ' ਵਿੱਚ ਲੈਣ ਦਾ ਫੈਸਲਾ ਕੀਤਾ। ਇੱਥੋਂ ਹੀ ਇੱਕ ਇਤਿਹਾਸ ਦੀ ਸ਼ੁਰੂਆਤ ਹੋਈ।

### ਕਲੱਬ ਕਰੀਅਰ – ਬਾਰਸੀਲੋਨਾ ਦਾ ਸ਼ਹਿਜ਼ਾਦਾ

**ਬਾਰਸੀਲੋਨਾ ਲਈ ਮੈਸੀ ਨੇ 17 ਸਾਲ ਖੇਡਿਆ:**

- 778 ਮੈਚਾਂ ਵਿੱਚ 672 ਗੋਲ – ਕਲੱਬ ਇਤਿਹਾਸ ਦਾ ਸਭ ਤੋਂ ਵੱਡਾ ਰਿਕਾਰਡ
- 10 ਵਾਰ ਲਾ ਲੀਗਾ
- 4 ਵਾਰ ਚੈਂਪੀਅਨਜ਼ ਲੀਗ (2006, 2009, 2011, 2015)
- ਰਿਕਾਰਡ 8 ਵਾਰ ਬੈਲੋਨ ਡੀ'ਓਰ (2009, 2010, 2011, 2012, 2015, 2019, 2021, 2023)

2021 ਵਿੱਚ ਬਾਰਸੀਲੋਨਾ ਦੀ ਆਰਥਿਕ ਮੰਦੀ ਕਾਰਨ ਉਹ ਪੈਰਿਸ ਸੇਂਟ ਜਰਮੇਨ (ਫਸ਼ਘ) ਗਿਆ ਅਤੇ 2023 ਤੋਂ ਅਮਰੀਕਾ ਦੇ ਕਲੱਬ ਇੰਟਰ ਮਿਆਮੀ ਲਈ ਖੇਡ ਰਿਹਾ ਹੈ। ਉਸਦਾ ਕੰਟਰੈਕਟ 2028 ਤੱਕ ਹੈ, ਇਸ ਲਈ ਕਲੱਬ ਫੁੱਟਬਾਲ ਉਹ ਅਜੇ ਖੇਡਦਾ ਰਹੇਗਾ। 401ਦ




### ਅਰਜਨਟੀਨਾ ਲਈ ਸੰਘਰਸ਼ ਤੋਂ ਸਿਖਰ ਤੱਕ ਦਾ ਸਫਰ

ਮੈਸੀ ਦਾ ਦੇਸ਼ ਲਈ ਸਫਰ ਬਹੁਤ ਭਾਵੁਕ ਰਿਹਾ।

- 2005 ਵਿੱਚ ਡੈਬਿਊ ਕੀਤਾ।
- 2014 ਵਿਸ਼ਵ ਕੱਪ ਫਾਈਨਲ ਵਿੱਚ ਜਰਮਨੀ ਤੋਂ ਹਾਰ।
- 2015 ਅਤੇ 2016 ਕੋਪਾ ਅਮਰੀਕਾ ਫਾਈਨਲ ਵਿੱਚ ਲਗਾਤਾਰ ਹਾਰ ਤੋਂ ਬਾਅਦ 2016 ਵਿੱਚ ਉਸਨੇ ਰਿਟਾਇਰਮੈਂਟ ਲੈ ਲਈ ਸੀ, ਪਰ ਦੇਸ਼ ਦੇ ਪਿਆਰ ਨੇ ਉਸਨੂੰ ਵਾਪਸ ਲਿਆਂਦਾ।
- ਫਿਰ ਆਇਆ ਸੁਨਹਿਰੀ ਦੌਰ: *2021 , 22 ਕੋਪਾ ਅਮਰੀਕਾ ਜਿੱਤਿਆ, 2022 ਕਤਰ ਵਿਸ਼ਵ ਕੱਪ ਜਿੱਤਿਆ , ਜਿੱਥੇ ਉਸਨੇ 7 ਗੋਲ ਕੀਤੇ ਅਤੇ ਫਾਈਨਲ ਵਿੱਚ ਫਰਾਂਸ ਖਿਲਾਫ 2 ਗੋਲ ਕਰਕੇ ਦੇਸ਼ ਨੂੰ 36 ਸਾਲ ਬਾਅਦ ਵਿਸ਼ਵ ਚੈਂਪੀਅਨ ਬਣਾਇਆ।
- 2024 ਕੋਪਾ ਅਮਰੀਕਾ ਫਿਰ ਜਿੱਤਿਆ।
- 2026 ਵਿਸ਼ਵ ਕੱਪ ਵਿੱਚ 39 ਸਾਲ ਦੀ ਉਮਰ ਵਿੱਚ ਵੀ 8 ਗੋਲ ਅਤੇ 4 ਅਸਿਸਟ ਕਰਕੇ ਟੀਮ ਨੂੰ ਲਗਾਤਾਰ ਦੂਜੇ ਫਾਈਨਲ ਵਿੱਚ ਲੈ ਗਿਆ, ਜਿੱਥੇ ਸਪੇਨ ਤੋਂ ਹਾਰ ਗਏ।

ਮੈਸੀ ਅਰਜਨਟੀਨਾ ਲਈ ਸਭ ਤੋਂ ਵੱਧ ਮੈਚ ਖੇਡਣ ਵਾਲਾ (207 ਮੈਚ) ਅਤੇ ਸਭ ਤੋਂ ਵੱਧ ਗੋਲ ਕਰਨ ਵਾਲਾ (125 ਗੋਲ) ਖਿਡਾਰੀ ਬਣ ਕੇ ਰਿਟਾਇਰ ਹੋਇਆ ਹੈ।

ਮੈਸੀ ਸਿਰਫ ਗੋਲਾਂ ਦੀ ਮਸ਼ੀਨ ਨਹੀਂ ਸੀ, ਉਹ ਇੱਕ ਕਲਾਕਾਰ ਸੀ। ਉਸਦੀ ਡਰਿਬਲਿੰਗ, ਖੱਬੇ ਪੈਰ ਦਾ ਜਾਦੂ, ਅਤੇ ਨਿਮਰਤਾ ਨੇ ਉਸਨੂੰ ਡਿਏਗੋ ਮੈਰਾਡੋਨਾ ਦੀ ਪਰਛਾਈ ਤੋਂ ਕੱਢ ਕੇ ਆਪਣੀ ਵੱਖਰੀ ਵਿਰਾਸਤ ਬਣਾਉਣ ਵਿੱਚ ਮਦਦ ਕੀਤੀ।

ਅੱਜ ਅਰਜਨਟੀਨਾ ਵਿੱਚ "ਇੱਕ ਯੁੱਗ ਦਾ ਅੰਤ" ਕਿਹਾ ਜਾ ਰਿਹਾ ਹੈ। ਜਿਵੇਂ ਇੱਕ ਅਰਜਨਟੀਨੀ ਫੈਨ ਨੇ ਕਿਹਾ, "ਉਸਨੇ ਸਾਨੂੰ ਹਾਰ ਨਾ ਮੰਨਣਾ ਸਿਖਾਇਆ।"

ਅਲਵਿਦਾ, ਲਿਓਨ ਮੈਸੀ ! ਫੁੱਟਬਾਲ ਦੀ ਦੁਨੀਆਂ ਤੁਹਾਨੂੰ ਹਮੇਸ਼ਾ ਯਾਦ ਰੱਖੇਗੀ।



ਜਗਰੂਪ ਸਿੰਘ ਜਰਖੜ, ਖੇਡ ਲੇਖਕ
98143-00722










